# ਵਤਨ

ਵਤਨ - 12
ਅਪਰੈਲ/ ਮਈ/ ਜੂਨ 1992
April/May/June 1992




ਚੱਕਰ ਚੁਰਾਸੀ

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

ਜੂਨ 12-13 ਦੇ ਵੀਕਐਂਡ ਨੂੰ ਬਰਾਜ਼ੀਲ ਦੇ ਸ਼ਹਿਰ ਰੀਓ ਡੀ ਜਨੇਰੋ ਵਿਚ ਯੁਨਾਈਟਡ ਨੇਸ਼ਨਜ਼ ਦੀ ਸਰਪ੍ਰਸਤੀ ਅਧੀਨ ਵਾਤਾਵਰਣ ਦੀ ਦੂਸ਼ਨਤਾ ਬਾਰੇ 'ਅਰਥ ਸਮਿਟ' ਨਾਂ ਦੀ ਦੁਨੀਆਂ ਪੱਧਰ ਦੀ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿਚ 120 ਦੇਸ਼ਾਂ ਦੇ ਨੇਤਾਵਾਂ ਨੇ ਭਾਗ ਲਿਆ।

ਇਸ ਕਾਨਫਰੰਸ ਦੇ ਮੁੱਖ ਮੁੱਦਿਆਂ ਵਿਚ ਦੋ ਮੁੱਖ ਮੁੱਦੇ ਸਨ: ਇਕ ਅਜਿਹੀਆਂ ਗੈਸਾਂ (ਕਾਰਬਨ ਡਾਈਔਕਸਾਈਡ ਅਤੇ ਮਿਥੇਨ ਆਦਿ) ਜੋ 'ਗਰੀਨ ਹਾਊਸ ਅਫੈਕਟ' ਪੈਦਾ ਕਰਦੀਆਂ ਹਨ ਦੀ ਉਤਪਤੀ ਵਿਚ ਕਟੌਤੀ ਕਰਨੀ ਅਤੇ ਨੰਬਰ ਦੋ ਦੁਨੀਆਂ ਵਿਚ ਜੀਵ-ਜੰਤੂਆਂ ਅਤੇ ਪੌਦਿਆਂ ਦੀ ਵੰਨ-ਸੁਵੰਨਤਾ ਨੂੰ ਬਣਾਈ ਰੱਖਣਾ। ਇਸਦੇ ਨਾਲ ਹੀ ਅਣਵਿਕਸਤ ਦੇਸ਼ਾਂ ਅਤੇ ਵਾਤਾਵਰਣ ਦੇ ਬਚਾਅ ਲਈ ਕੰਮ ਕਰਨ ਵਾਲਿਆਂ ਵਲੋਂ ਅਸਿੱਧੇ ਰੂਪ ਵਿਚ ਵਿਕਸਤ ਦੇਸ਼ਾਂ ਉੱਪਰ ਦਬਾਅ ਸੀ ਕਿ ਵਿਕਸਤ ਦੇਸ਼ ਵਾਤਾਵਰਣ ਨੂੰ ਗੰਦਾ ਕਰਨ ਦੀ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਉਸਨੂੰ ਬਚਾਉਣ ਅਤੇ ਸਾਫ ਰੱਖਣ ਦੇ ਖਰਚਿਆਂ ਵਿਚ ਆਪਣਾ ਹਿੱਸਾ ਪਾਉਣ।

ਇਸ ਸਮੇਂ ਬੇਸ਼ੱਕ ਉੱਤਰ ਦੇ ਵਿਕਸਤ ਦੇਸ਼ਾਂ ਵਿਚ ਦੁਨੀਆਂ ਦੀ ਕੁੱਲ ਵਸੋਂ ਦਾ ਚੋਥਾ ਹਿੱਸਾ ਲੋਕ ਰਹਿੰਦੇ ਹਨ ਪਰ ਉਹ 'ਗਰੀਨ ਹਾਊਸ' ਪੈਦਾ ਕਰਨ ਵਾਲੀਆਂ ਗੈਸਾਂ ਦਾ 80 ਫੀ ਸਦੀ ਹਿੱਸਾ ਪੈਦਾ ਕਰਦੀਆਂ ਹਨ। ਸੰਨ 1990 ਵਿਚ ਹਿੰਦੁਸਤਾਨ ਦੀ ਅਬਾਦੀ ਦੁਨੀਆਂ ਦੀ ਕੁੱਲ ਅਬਾਦੀ ਦੀ 16.6 ਫੀ ਸਦੀ ਸੀ। ਇਸ ਸਾਲ ਵਿਚ ਹਿੰਦੁਸਤਾਨ ਨੇ ਦੁਨੀਆਂ ਵਿਚ ਪੈਦਾ ਹੋਣ ਵਾਲੀ ਕੁੱਲ ਕਾਰਬਨ ਡਾਈਔਕਸਾਈਡ ਦਾ 6 ਫੀਸਦੀ ਹਿੱਸਾ ਪੈਦਾ ਕੀਤਾ। ਇਸਦੇ ਉਲਟ ਸੰਨ 1990 ਵਿਚ ਯੁਨਾਈਟਡ ਸਟੇਟਸ (ਅਮਰੀਕਾ) ਦੀ ਵਸੋਂ ਦੁਨੀਆਂ ਦੀ ਵਸੋਂ ਦਾ 4.73 ਫੀਸ ਦੀ ਸੀ ਪਰ ਉਸਨੇ ਦੁਨੀਆਂ ਵਿਚ ਪੈਦਾ ਹੋਣ ਵਾਲੀ ਕੁੱਲ ਕਾਰਬਨ ਡਾਈਔਕਸਾਈਡ ਦਾ 26 ਫੀ ਸਦੀ ਹਿੱਸਾ ਪੈਦਾ ਕੀਤਾ।

ਇਹਨਾਂ ਵਿਕਸਤ ਦੇਸ਼ਾਂ ਦੇ ਖਪਤਕਾਰੀ ਰਹਿਣ ਸਹਿਣ ਦੇ ਢੰਗ ਕਾਰਨ ਹੋਣ ਵਾਲੀ ਵਾਤਾਵਰਣ ਦੀ ਦੂਸ਼ਨਤਾ ਕਾਰਨ ਅਣਵਿਕਸਤ-ਗਰੀਬ ਦੇਸ਼ਾਂ ਦੇ ਲੋਕਾਂ ਦਾ ਹੀ ਦੁਖੀ ਜੀਵਨ ਹੋਰ ਔਖਾ ਹੋ ਜਾਂਦਾ ਹੈ। ਹੋ ਸਕਦਾ ਹੈ ਚਿੱਲੀ ਵਿਚ ਲੋਕਾਂ ਨੂੰ ਚਮੜੀ ਦੀ ਕੈਂਸਰ ਹੋਣ ਦਾ ਇਕ ਕਾਰਨ, ਵਿਕਸਤ ਦੇਸ਼ਾਂ ਵਿਚ ਪੈਦਾ ਹੋਈਆਂ ਗੈਸਾਂ ਕਾਰਨ ਓ-ਜੋਨ ਦੀ ਤਹਿ ਵਿਚ ਆਇਆ ਲੰਗਾਰ ਹੀ ਹੋਵੇ।

ਕੀ ਇਸ ਕਾਨਫਰੰਸ ਵਿਚ ਵਿਕਸਤ ਦੇਸ਼ਾਂ ਨੇ ਆਪਣੀ ਇਸ ਜ਼ਿੰਮੇਵਾਰੀ ਨੂੰ ਮੰਨਿਆ ? ਨਹੀਂ। ਅਮਰੀਕਾ ਦੇ ਪ੍ਰਧਾਨ ਬੁੱਸ਼ ਨੇ ਤਾਂ ਬੜੇ ਘਮੰਡੀ ਢੰਗ ਨਾਲ ਇਸ ਸੱਭ ਕਾਸੇ ਦੀ ਜ਼ਿੰਮੇਵਾਰੀ ਲੈਣ ਤੋਂ ਨਾਂਹ ਕਰ ਦਿੱਤੀ। ਇਸਦੇ ਨਾਲ ਹੀ ਉਸਨੇ ਕਿਹਾ ਕਿ ਦੁਨੀਆਂ ਦੇ ਵਾਤਾਵਰਣ ਦੀ ਦੂਸ਼ਨਤਾ ਬਾਰੇ ਜੋ ਨਾਂਹ-ਪੱਖੀ ਦਲੀਲ ਦਿੱਤੀ ਜਾਂਦੀ ਹੈ, ਉਸ ਵਿਚ ਵਜ਼ਨ ਨਹੀਂ। ਉਸਨੇ 'ਗਰੀਨ ਅਫੈਕਟ' ਪੈਦਾ ਕਰਨ ਵਾਲੀਆਂ ਗੈਸਾਂ ਦੀ ਕਟੌਤੀ ਕਰਨ ਅਤੇ ਜੀਵ-ਜੰਤੂਆਂ ਅਤੇ ਪੌਦਿਆਂ ਦੀ ਵੰਨ-ਸੁਵੰਨਤਾ ਨੂੰ ਕਾਇਮ ਰੱਖਣ ਦੀ ਸੰਧੀ ਤੇ ਦਸਤਖਤ ਕਰਨ ਤੋਂ ਨਾਂਹ ਕਰ ਦਿੱਤੀ। ਕੈਨੇਡਾ ਨੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਨੂੰ 145 ਮਿਲੀਅਨ (14.5 ਕਰੋੜ) ਡਾਲਰ ਦੇ ਦਿੱਤੇ ਕਰਜੇ ਮਾਫ ਕਰਨ ਦਾ ਐਲਾਨ ਕੀਤਾ ਅਤੇ ਇਸਦੇ ਨਾਲ ਹੀ ਪਰਉਪਕਾਰੀ ਮਦਦ ਅਧੀਨ ਅਫਰੀਕਾ ਵਿਚ ਪੰਜ ਕਰੋੜ ਡਾਲਰ ਦੀ ਮਦਦ ਦੇਣ ਦਾ ਐਲਾਨ ਕੀਤਾ। ਜਰਮਨੀ ਨੇ ਵੀ ਅਣਵਿਕਸਤ ਦੇਸ਼ਾਂ ਨੂੰ ਆਰਥਿਕ ਮਦਦ ਦੇਣ ਦਾ ਐਲਾਨ ਕੀਤਾ ਅਤੇ ਮੰਗ ਕੀਤੀ ਕਿ ਇੰਟਰਨੈਸ਼ਨਲ ਮਾਨੀਟਰੀ ਫੰਡ (ਆਈ.ਐਮ.ਐਫ) ਦੀ ਦੇਖ ਰੇਖ ਅਧੀਨ ਦੁਨੀਆਂ ਦੇ ਵਾਤਾਵਰਣ ਨੂੰ ਬਚਾਉਣ ਲਈ ਚਲਾਏ ਜਾਂਦੇ ਫੰਡ ਦੀ ਰਕਮ 3 ਬਿਲੀਅਨ (300 ਕਰੋੜ) ਡਾਲਰ ਹੋਰ ਵਧਾ ਦਿੱਤੀ ਜਾਵੇ।

ਜੇ ਵਿਕਸਤ ਦੇਸ਼ਾਂ ਵਲੋਂ ਅਣਵਿਕਸਤ ਦੇਸ਼ਾਂ ਨੂੰ ਦਿੱਤੀ ਜਾਂਦੀ ਆਰਥਿਕ ਮਦਦ ਅਤੇ ਆਈ. ਐਮ. ਐਫ. ਦੇ ਇਤਿਹਾਸ ਤੇ ਨਿਗ੍ਹਾ ਮਾਰੀ ਜਾਵੇ ਸਾਫ ਦਿਸਦਾ ਹੈ ਕਿ ਇਹ ਸੰਸਥਾਵਾਂ ਨੇ ਦੁਨੀਆਂ ਵਿਚ ਅਣਵਿਕਸਤ ਦੇਸ਼ਾਂ ਦੇ ਸਾਧਨਾਂ ਅਤੇ ਕੁਦਰਤੀ ਵਸੀਲੀਆਂ ਅਤੇ ਦੌਲਤ ਨੂੰ ਵਿਕਸਤ ਦੇਸ਼ਾਂ ਦੀ ਝੋਲੀ ਵਿਚ ਪਾਉਣ ਦਾ ਕੰਮ ਕੀਤਾ ਹੈ। ਹੁਣ ਉਹ ਕਿਵੇਂ ਦੁਨੀਆਂ ਦੇ ਵਾਤਾਵਰਣ ਨੂੰ ਅਣਵਿਕਸਤ ਦੇਸ਼ਾਂ ਦੇ ਹਿੱਤ ਵਿਚ ਬਚਾਉਣ ਅਤੇ ਸਾਫ ਕਰਨ ਦਾ ਕੰਮ ਕਰਨਗੇ ?

ਦੁਨੀਆਂ ਦੇ ਵਾਤਾਵਰਣ ਦਾ ਬਚਾਅ ਅਤੇ ਸਫਾਈ ਤਾਂ ਹੀ ਸੰਭਵ ਹੈ ਜੇ ਸੰਸਾਰ ਦੇ ਆਰਥਿਕ ਪ੍ਰਬੰਧ ਨੂੰ ਚਲਾਉਣ ਦੇ ਫੈਸਲਿਆਂ ਵਿਚ ਅਣਵਿਕਸਤ-ਗਰੀਬ ਦੇਸ਼ਾਂ ਨੂੰ ਹੋਰ ਅਧਿਕਾਰ ਹੋਣ ਅਤੇ ਆਪਣੇ ਕੁਦਰਤੀ ਸੋਮਿਆਂ ਅਤੇ ਵਸੀਲਿਆਂ ਦਾ ਪ੍ਰਬੰਧ ਕਰਨ 'ਤੇ ਅਣਵਿਕਸਤ ਦੇਸ਼ਾਂ ਦਾ ਕੰਟਰੋਲ ਹੋਵੇ। ਇਹ ਸੱਭ ਕੁੱਝ ਕਰਨ ਵਿਚ ਸ਼ਾਇਦ ਇਹ ਕਾਨਫਰੰਸ ਕਾਮਯਾਬ ਨਹੀਂ ਹੋਈ। ਸਾਡੀ ਜਾਚੇ ਇਸ ਵਿਸ਼ਵ ਵਿਆਪੀ ਸਮੱਸਿਆ ਦਾ ਹੱਲ ਤਾਂ ਹੀ ਸੰਭਵ ਹੈ ਜੇ ਵੱਖ ਵੱਖ ਦੇਸ਼ਾਂ ਦੇ ਲੋਕਾਂ ਵਲੋਂ ਵਾਤਾਵਰਨ ਨੂੰ ਬਚਾਉਣ ਲਈ ਸਥਾਨਕ ਪੱਧਰ ਤੇ ਚੱਲ ਰਹੀਆਂ ਜਦੋਜਹਿਦਾਂ ਜਿਵੇਂ ਕਿ ਬਰਾਜ਼ੀਲ ਵਿਚ ਐਮਾਜਾਨ ਜੰਗਲ ਨੂੰ ਬਚਾਉਣ ਲਈ ਅਤੇ ਹਿੰਦੋਸਤਾਨ ਵਿਚ ਨਰਬਦਾ ਡੈਮ ਵਿਰੁੱਧ ਚਲ ਰਹੀ ਜਦੋਜਹਿਦ, ਹੋਰ ਮਜ਼ਬੂਤ ਹੋਣ ਅਤੇ ਇਨ੍ਹਾਂ ਲੋਕਾਂ ਦੀ ਆਵਾਜ਼ ਨੂੰ ਵਿਸ਼ਵ ਪੱਧਰ ਤੇ ਸੁਣਿਆਂ ਜਾਵੇ। ਇਸ ਆਵਾਜ਼ ਨੂੰ ਵਿਸ਼ਵ ਪੱਧਰ ਤੇ ਪਹੁੰਚਾਣ ਲਈ ਅਤੇ ਇਕ ਦੂਸਰੇ ਨਾਲ ਭਰਾਤਰੀਪਨ (ਸੌਲੇਡੈਰਿਟੀ) ਦਾ ਵਿਖਾਵਾ ਕਰਨ ਲਈ ਅਜਿਹੀਆਂ ਜਦੋਜਹਿਦਾਂ ਵਿਚ ਕੰਮ ਕਰ ਰਹੇ ਹਜ਼ਾਰਾਂ ਲੋਕ ਵੀ ਇਸੀ ਸਮੇਂ ਦੌਰਾਨ ਬਰਾਜ਼ੀਲ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਯੂਨਾਈਟਡ ਨੇਸ਼ਨ ਦੀ ਕਾਂਨਫਰਾਂਸ ਦੇ ਬਰਾਬਰ ਗਲੋਬਲ ਫੋਰਮ ਦੇ ਨਾਂ ਹੇਠ ਕਾਂਨਫਰਾਂਸ ਕੀਤੀ। ਉਨ੍ਹਾਂ ਦੇ ਏਜੰਡੇ ਵਿਚ ਵਾਤਾਵਰਨ ਦੀ ਦੂਸ਼ਨਤਾ ਕਾਰਨ ਦੁਨੀਆਂ ਦੇ ਗਰੀਬ ਲੋਕਾਂ ਲਈ ਪੈਦਾ ਹੋ ਰਹੀਆਂ ਸਮੱਸਿਆਵਾਂ ਸਨ। ਅਤੇ ਉਨਾਂ ਹੀ ਲੋਕਾਂ ਵਲੋਂ ਇਨ੍ਹਾਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਸੁਝਾਅ ਸਨ। ਦੁਨੀਆਂ ਵਿਚ ਇਸ ਪੱਧਰ ਤੇ ਇਸ ਗੰਭੀਰ ਮਸਲੇ ਬਾਰੇ ਗੱਲਬਾਤ ਹੋਣਾ ਇਕ ਸ਼ੁੱਭ-ਸ਼ਗਨ ਹੈ।


☆ **ਵਤਨ** ☆ **ਵਤਨ** ☆ **ਵਤਨ** ☆ **ਵਤਨ** ☆ **ਵਤਨ** ☆ **ਵਤਨ** ☆ **ਵਤਨ** ☆

☆ ਵਤਨ ਦੀ ਪ੍ਰਫੁਲਤਾ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁਲਤਾ ਹੈ। ☆ ਵਤਨ ਦੇ ਆਪ ਪਾਠਕ ਬਣੋ ਅਤੇ ਆਪਣੇ ਦੋਸਤਾਂ ਮਿੱਤਰਾਂ ਨੂੰ ਇਸਦੇ ਪਾਠਕ ਬਣਾਓ। ☆ ਤੁਹਾਡੇ ਕਿਸੇ ਮਿੱਤਰ ਪਿਆਰੇ ਦੇ ਜਨਮ ਦਿਨ 'ਤੇ **ਵਤਨ ਇਕ ਵਧੀਆ ਤੋਹਫਾ ਹੋ ਸਕਦਾ ਹੈ**। ਕਿਸੇ ਲਈ ਸਾਲ ਭਰ ਦਾ ਚੰਦਾ ਭਰ ਦਿਓ ਤੇ ਅਗਲੇ ਦਾ ਮਨ ਖੁਸ਼ ਕਰ ਦਿਓ। ਤੋਹਫੇ ਲਈ ਚੰਦਾ ਤੁਸੀਂ ਬਾਰਾਂ ਦੀ ਥਾਂ ਦਸ ਡਾਲਰ ਭੇਜ ਸਕਦੇ ਹੋ। ☆ ਭਾਰਤ ਰਹਿਣ ਵਾਲੇ ਬਹੁਤ ਸਾਰੇ ਲੋਕ ਬਾਹਰ ਦੇ ਲੋਕਾਂ ਬਾਰੇ ਸਹੀ ਸਹੀ ਜਾਨਣਾ ਚਾਹੁੰਦੇ ਹਨ ਅਤੇ ਵਤਨ ਦੀ ਮੰਗ ਕਰਦੇ ਹਨ। ਅਸੀਂ ਕੋਸ਼ਿਸ਼ ਦੇ ਬਾਵਜੂਦ ਵੀ ਹਰ ਕਿਸੇ ਨੂੰ ਪਰਚਾ ਨਹੀਂ ਭੇਜ ਸਕਦੇ। ਆਪਣੀ ਪਸੰਦ ਜਾਂ ਜਾਣ ਪਛਾਣ ਵਾਲੇ ਕਿਸੇ ਲੇਖਕ ਜਾਂ ਬੁੱਧੀਜੀਵੀ ਲਈ ਪਰਚਾ ਲਗਵਾ ਦੇਵੋ।

ਸਾਲ ਤੀਜਾ/ ਅੰਕ ਚੌਥਾ
ਬਸੰਤ, 1992
ਅਪਰੈਲ/ਮਈ/ਜੂਨ

# ਵਤਨ

**S.N.12. Vol. 3, No. 3**
**Spring, 1992**
**April/May/June.**
**WATAN**
**P.O. Box 67681Stn. 'O'**
**Vancouver, B.C.**
**Canada, V5W 3V2**

**2nd Class Reg. No. 8753**

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜ਼ਿੰਗ ਸੰਪਾਦਕ:
ਅਮਨਪਾਲ ਸਾਰਾ 435-1236
ਸਰਕੂਲੇਸ਼ਨ ਸੰਪਾਦਕ
ਹਰਜਿੰਦਰ ਸਾਂਗਰਾ
ਅੰਜੂ ਹੁੰਦਲ 581-3211

ਸਹਿਯੋਗੀ:
ਰਿਚਮੰਡ
ਪਾਲ ਬਿਨਿੰਗ 279-9081
ਸਰੀ:
ਗੁਰਮੇਲ ਰਾਏ 583-7512
ਐਡਮੰਟਨ:
ਸਤਵੰਤ ਦੀਪਕ 440-3256
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Amanpal Sara 435-1236
**Circulation Editors:**
Harjinder Sangra
Anju Hundal 581-3211

**Associates:**
**Richmond**
Paul Binning 279-9081
**Surrey:**
Gurmel Rai 583-7512
**Edmonton:**
Satwant Deepak 440-3256
Laat Bhinder 435-7469

| ਇਸ ਅੰਕ ਵਿਚ | ਲੇਖਕ | ਸਫਾ |
|---|---|---|
| ਕਵਿਤਾ/ਗ਼ਜ਼ਲ | ਮਹਰਮ ਯਾਰ | 5 |
| | ਦਰਸ਼ਨ ਗਿੱਲ | 5 |
| | ਨਰਿੰਦਰ 'ਬਰਹਮ' | 6 |
| | ਹਰਜਿੰਦਰ ਕੰਗ | 6 |
| | ਗੁਰਮੇਲ ਰਾਏ | 6 |
| | ਹਰਜਿੰਦਰ ਸਿੱਧੂ | 6 |
| | ਇਕਬਾਲ ਖਾਨ | 7 |
| | ਰਵਿੰਦਰ ਸਹਿਰਾ | 8 |
| | ਜਸਵਿੰਦਰ ਮਾਨ | 8 |
| | ਕੁਲਵਿੰਦਰ ਖਹਿਰਾ | 8 |
| | ਜੰਗ ਸਿੰਘ ਗਿਆਨੀ | 43 |
| | ਸੰਤੋਖ ਢੀਨਾ | 43 |
| ਕਹਾਣੀ | ਹਰਪ੍ਰੀਤ ਸੇਖਾ | 11 |
| | ਸੁਰਜੀਤ ਕਲਸੀ | 19 |
| ਲੇਖ | ਸੁਖਵੰਤ ਹੁੰਦਲ | 9 |
| | ਚੀਫ ਬੈਵ ਸੈਲਰਜ਼ | 13 |
| | ਲਾਲਾ ਹਰਦਿਆਲ | 31 |
| ਨਾਟਕ | ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ | 22 |
| ਸਥਾਈ ਕਾਲਮ | ਪਰਦਾ ਜੋ ਉਠ ਗਿਆ | 29 |
| | ਪੁਸਤ ਪਰੀਚੈ | 37 |
| | ਸਰਗਰਮੀਆਂ | 41 |
| | ਤੇ ਤੁਸੀਂ ਲਿਖਿਆ... | 44 |

ਮੁੱਖ ਪੰਨਾ: ਚੱਕਰ ਚੁਰਾਸੀ ਤੇ ਪੰਜਾਬ - ਸਾਧੂ

Price: $3.00

Annual Subscription:
Canada & USA
Individual: $12.00
Institutions: $18.00
Other Countries : $18.00

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.
All officeholders and members of Watan Publication past and present, have been and are honorary associates of Watan.

# When you buy Canadian, there's a payback. In jobs and a stronger economy.







EVERY TIME YOU GO SHOPPING, YOU'VE GOT CHOICES TO MAKE AND DECISIONS TO REACH. ♣ CERTAINLY, YOU SHOULD COMPARE PRICE AND QUALITY. THEN, TAKE A MINUTE TO THINK ABOUT CANADA. ♣ BECAUSE WHEN YOU BUY A CANADIAN-MADE PRODUCT OR SERVICE, OR SHOP IN A CANADIAN STORE...THERE'S A PAYBACK.



♣ IN CANADIAN JOBS AND A STRONGER ECONOMY.
♣ CANADA. BUY INTO IT.

*Canada Buy into it*

Canada

## ਚਿੱਠੀ ਦੀ ਉਡੀਕ

### ਮਹਰਮ ਯਾਰ

ਰੋਜ਼ ਮੈਨੂੰ ਰਾਤ ਨੂੰ
ਉਕਾਬਾਂ ਦੀ ਪਰਵਾਜ਼ ਦੇ
ਆਉਂਦੇ ਨੇ ਸਪਨੇ

ਰੋਜ਼ ਮੈਨੂੰ ਕਾਗ਼ਜ਼ੀ
ਪੈਰਹਨ ਵਿਚ ਧੜਕਦੀ
ਸਹਕ-ਸਿਕੰਦੜੀ
ਕਿਸੇ ਚਿੱਠੀ ਦੀ ਉਡੀਕ।

ਰੋਜ਼ ਕੋਈ ਬੈਠ ਧੁੱਪੇ
ਚਮਕਦੀ ਰੁਸ਼ਨਾਈ ਨਾਲ
ਟੁੱਟਦੇ ਜੁੜਦੇ ਪਿਆਰ ਦੇ
ਪਾਉਂਦਾ ਹੈ ਪੂਰਨੇ
ਰੂਹ ਰਿਝਾਉਣ ਲਈ
ਵਾਹੁੰਦਾ ਕੋ ਕਾਂਗੜੇ।
(ਜਿਸ ਤਰ੍ਹਾਂ, ਲੜਦੇ ਭਿੜਦੇ
ਪਿਆਰ ਕਰਦੇ ਸ਼ਬਦ
ਇਕ ਦੂਜੇ 'ਤੇ ਡਿਗ ਪੈਣ)
ਭਿੱਜੇ ਮੁਸਕੜੇ ਬੁਲ੍ਹਾਂ ਚੋਂ
ਸੁਰਖ ਸੀਤ ਲਾਟ ਕਢ
ਜੋੜਦਾ -
ਬੰਦ ਕਰਦਾ ਲਫ਼ਾਫੇ
ਸੰਦਲੀ ਸਾਹਵਾਂ ਦੀ
ਖ਼ੁਸ਼ਬੋ ਉੱਤੇ ਛਿੜਕਦਾ।
(ਗੰਢ ਦੇ ਪਾਰੇ ਹਿੰਝ
ਪਾਣੀਆਂ ਨਾਲ ਲਿਖੇ
ਪੋਸ਼ੀਦਾ ਪੁਰਸਲਾਤੀ ਖ਼ਤ
ਜਿਨ੍ਹਾਂ ਦੀ ਗੋਰੀ ਪਿਠ 'ਤੇ
ਤਿਤਲੀਆਂ ਦੇ ਪਰਾਂ ਵਰਗੇ
ਹੱਥ ਲਾਇਆਂ ਮਿਟਣ ਵਾਲੇ
ਸੂਹੇ ਚੁੰਮਣ ਨੇ ਉਕਰੇ ਹੋਏ)

'ਪਾਰ ਏਵੀਆਂ' ਦੇ
ਲੋਟਣ ਕਬੂਤਰਾਂ ਦੇ
ਖੰਭਾਂ ਉਤੇ ਬੈਠ ਕੇ
ਰੰਗ ਬਰੰਗੀਆਂ ਟਿਕਟਾਂ ਦੀ
ਕੀਮਤੀ ਨਜ਼ਰ ਦੇ ਨਾਲ ਦੇਖਕੇ
ਕੋਹਸਰਾਂ ਮੈਦਾਨਾਂ
ਵਿੰਡੇ ਟੇਢੇ ਰਾਹਾਂ ਨੂੰ ਪਹਿਚਾਣਦੇ
ਪਰਦੇਸੀ ਪੰਛੀ ਦੇ
ਤਿਆਗੇ ਪਰਾਂ ਵਾਂਗਰ
ਮੇਰੇ ਮਾਂਗਵੇ ਇਸ ਦੇਸ਼ 'ਤੇ
ਪੈਂਦੇ ਨੇ ਡਿਗ

ਪਰ ਉਹ ਪੱਤ੍ਰ
ਮੈਨੂੰ ਕਦੇ ਮਿਲਦੇ ਨਹੀਂ
ਸਿਰਫ਼ ਉਨ੍ਹਾਂ ਦੀ ਕੋਸੀ-ਕੋਸੀ
ਚਾਸ਼ਨੀ ਜਿਹੀ ਵਾਸ਼ਨਾ
ਤੜਕਸਾਰ ਕੀਤੇ ਪਿਆਰ ਦੀ
ਧੂਹ ਜਿਹੀ ਪਾਉਂਦੀ ਰਹੇ।

ਤਾਂ ਵੀ ਮੈਂ
ਆਉਂਦਿਆਂ ਜਾਂਦਿਆਂ
ਜ਼ਿੰਦਗੀ ਦੇ ਬੇਕਾਰ ਕੰਮਾਂ ਤੋਂ
ਵਿਹਲ ਥੋਹੜੀ ਕਢ ਕੇ
ਆਪਣੀ ਹੀ ਰੂਹ ਅੰਦਰ
ਸਾਹ ਰੋਕ ਝਾਕਣ ਦੇ ਵਾਂਙ
ਚਿੱਠੀਆਂ ਦੇ ਲਾਲ ਬਕਸੇ 'ਚ
ਪਾ ਲੈਂਦਾ ਹਾਂ ਝਾਤ।

ਉਸ ਵਿਚੋਂ ਕੋਰਾ ਸੱਨਾਟਾ
ਹਾੜ ਬਣ ਕੇ ਬੋਲਦਾ ਹੈ
ਨੇੜ੍ਹੇ 'ਚ ਬੈਠੀ ਬਿੱਲੀ
ਦੇ ਵਾਂਗਰ ਝਪਟਦਾ ਹੈ
ਪੂਰੀ ਹੋਂਦ ਇੱਕੋ ਚਿੱਠੀ ਦਾ ਘਰ ਧਿਆਨ
ਕੋਰੇ ਕਾਗ਼ਜ਼ ਦੇ ਵਾਂਗਰ ਖੜਕਦੀ ਹੈ

ਰਾਤ ਨੂੰ
ਜਦੋਂ ਮੈਂ ਬਿਸਤਰੇ 'ਤੇ ਅਵਾਜ਼ਾਰ
ਉਸਲਵੱਟੇ ਲੈਂਦਿਆਂ
ਆਪਣੀ ਹੀ ਰੂਹ ਤੋਂ ਅੱਕੇ
ਜਿਸਮ ਤੋਂ ਹੁੰਨਾਂ ਬੇਚੈਨ
ਦੱਬੇ ਪੈਰ ਝਿਜਕਦੀ ਹੋਈ ਚਾਨਣੀ
ਚਿੱਠੀਆਂ ਦੇ ਬਕਸੇ ਨੂੰ ਆ ਕੇ ਘੂਰਦੀ ਹੈ
ਤੇ ਮੇਰਾ ਦਿਲ ਰੱਖਣ ਦੇ ਲਈ
ਦੁੱਧ ਚਿੱਟਾ ਲਰਜ਼ਦਾ
ਬਾਲ ਦੇ ਬੁਲ੍ਹਾਂ ਦੀ ਖ਼ੁਸ਼ਬੂ ਜਿਹਾ
ਮੁਸਤਤੀਲ ਜ਼ਿੰਦਗੀ ਵਰਗਾ ਲਫ਼ਾਫ਼ਾ
ਅਡੋਪਲੇ ਜਾਂਦੀ ਹੈ ਸੁੱਟ।

☆☆☆☆☆☆☆☆☆☆☆

## ਦਰਸ਼ਨ ਗਿੱਲ

### ਇਕ

ਅੰਬਰ ਦੇ ਵਿਚ ਘੁੰਮਦੇ ਫਿਰਦੇ, ਬੱਦਲ ਕਿਵੇਂ ਅਵਾਰਾ।
ਕਾਲੇ ਮੀਂਹ ਨੇ ਲੱਗਦਾ ਇੰਝ ਹੈ, ਵਰਨ੍ਹਾ ਜਿਵੇਂ ਦੁਬਾਰਾ।

ਝੁਲਸ ਗਏ ਨੇ ਫੁੱਲ ਤੇ ਪੱਤੀਆਂ, ਸਾਰੇ ਤੇਰੇ ਕਰਕੇ
ਲੁੱਟ ਕੇ ਲੈ ਗਿਆਂ ਧਰਮਾਂ ਵਾਲਿਆ, ਸਾਡਾ ਬਲਖ਼ ਬੁਖਾਰਾ।

ਦੁਬਿਧਾ ਦੇ ਵਿਚ ਦਿਨ ਬੀਤਦਾ, ਰਾਤੀਂ ਵਗੇ ਹਨੇਰੀ
ਯਾਰ ਤਾਂ ਲੰਮੇ ਪੈਂਡੀ ਤੁਰ ਗਏ, ਸੁੰਨਾ ਪਿਆ ਚੁਬਾਰਾ।

ਸੱਥਾਂ ਦੇ ਵਿਚ ਹੁਣ ਵੀ ਲੋਕੀਂ, ਕੱਠੇ ਹੋ ਕੇ ਬਹਿੰਦੇ
ਪਰ ਨਾ ਇਕ ਦੂਜੇ ਦੀ ਗੱਲ ਦਾ ਦਿੰਦਾ ਕੋਈ ਹੁੰਗਾਰਾ।

ਸ਼ੋਰ ਸ਼ਰਾਬੇ ਦੇ ਇਸ ਜੰਗਲ, 'ਦਰਸ਼ਨ' ਖੜ੍ਹਾ ਇਕੱਲਾ
ਕਿਸ ਸਾਥੀ ਨੂੰ 'ਵਾਜ ਮਾਰ ਲਾਂ, ਕਰਕੇ ਬੋਲ ਕਰਾਰਾ।

### ਦੋ

ਇਹ ਅੱਗ ਜੇ ਏਦਾਂ ਹੀ ਵਰ੍ਹਦੀ ਰਹੀ
ਤਾਂ ਫੁੱਲਾਂ ਦੇ ਹਾਸੇ, ਕੀ ਕਹਿਣਗੇ
ਜੇ ਰੁੱਤਾਂ ਨੂੰ ਕੈਂਸਰ ਦੇ ਫੁੱਲ ਪੈ ਗਏ
ਤਾਂ ਮੌਸਮ ਉਦਾਸੇ, ਕੀ ਕਹਿਣਗੇ

ਜੇ ਧਰਤੀ ਨੂੰ ਲਾਵਾ ਨਿਗਲ ਲੈ ਗਿਆ
ਸੂਰਜ ਤੇ ਚੰਨ ਨੂੰ ਗ੍ਰਹਿਣ ਪੈ ਗਿਆ
ਜੇ ਅਰਸ਼ਾਂ ਤੇ ਇੱਲਾਂ ਦੀ ਮੂਰਤ ਰਹੀ
ਤਾਂ ਚਿਹਰੇ ਹਿਰਾਸੇ, ਕੀ ਕਹਿਣਗੇ

ਜੋ ਲਹੂ ਦੀ ਵਾਸ਼ੜ 'ਚ ਪੈੜਾਂ ਪਈਆਂ
ਜੋ ਸੁਪਨੇ 'ਚ ਵੀ ਉਹ ਸਾਹਵੇਂ ਰਹੀਆਂ
ਨਾਂ ਜੋ ਖ਼ੁਦਾ ਦਾ ਹੋ ਜਪਦੇ ਰਹੇ
ਉਹ ਦਿੱਤੇ ਦਿਲਾਸੇ, ਕੀ ਕਹਿਣਗੇ

ਜੋ ਬੋਟਾਂ, ਮਾਸੂਮਾਂ ਨੂੰ ਸ਼ਿਕਰੇ ਪਏ
ਜੋ ਖੜੋਤੇ ਹੀ ਉਨ੍ਹਾਂ ਨੂੰ ਵਿੰਹਦੇ ਰਹੇ
ਜੋ ਅਮਰ ਵੇਲ ਵਾਂਗ ਨੇ ਰੁੱਖੀਂ ਚੜ੍ਹੇ
ਹੁਣ ਰੁੱਖ ਬੇਆਸੇ, ਕੀ ਕਹਿਣਗੇ

ਜੇ ਇਹ ਸੱਪਾਂ ਦੀ ਜ਼ਹਿਰ ਨਾ ਚੂਸੀ ਗਈ
ਜੇ ਇਹ ਜਿਸਮਾਂ 'ਚ ਇੰਞ ਹੀ ਰਿਸਦੀ ਰਹੀ
ਦਰਿਆਵਾਂ ਦੇ ਪਾਣੀ ਵੀ ਸੁਕ ਜੇ ਗਏ
ਤਾਂ ਬੱਦਲ ਪਿਆਸੇ, ਕੀ ਕਹਿਣਗੇ

ਜੇ ਲਾਸ਼ਾਂ ਦੀ ਗਿਣਤੀ ਹੀ ਵਧਦੀ ਰਹੀ
ਜੇ ਲਹੂ ਦੀ ਦਿਵਾਲੀ ਹੀ ਲਗਦੀ ਰਹੀ
ਮਾਵਾਂ, ਧੀਆਂ ਤੇ ਭੈਣਾਂ ਦੀ ਪੱਤ ਨਾ ਰਹੀ
ਤਾਂ ਲੋਕ ਨਿਰਾਸੇ, ਕੀ ਕਹਿਣਗੇ

☆☆☆☆☆☆☆☆☆☆☆☆☆☆

## ਨਰਿੰਦਰ 'ਬਹਰਮ'

## ਕੀ ਕਰਾਂ ?

ਤੇਰੀਆਂ ਬਾਹਾਂ 'ਚ ਆਕੇ ਕੀ ਕਰਾਂ,
ਇਸ਼ਕ ਦਾ ਇਹ ਰੋਗ ਲਾਕੇ ਕੀ ਕਰਾਂ।

ਜ਼ਿੰਦਗੀ ਵਿਚ ਹੋਰ ਵੀ ਨੇ ਉਲਝਣਾਂ
ਜ਼ੁਲਫ ਤੇਰੀ ਨੂੰ ਬਣਾ ਕੇ ਕੀ ਕਰਾਂ।

ਤੂੰ ਜੇਹਾ ਏਂ ਹੋਰ ਤਾਂ ਹੋਣੋਂ ਰਿਹਾ
ਬੋਲ ਤੈਨੂੰ ਆਜ਼ਮਾ ਕੇ ਕੀ ਕਰਾਂ।

ਹਰ ਕਿਤੇ ਭੁੱਖਾਂ ਦਾ ਤਾਂਡਵ ਹੋ ਰਿਹਾ
ਮੈਂ ਕੋਈ ਲੋਰੀ ਸੁਣਾ ਕੇ ਕੀ ਕਰਾਂ।

ਕਤਲ ਤਾਂ ਪਹਰਾਵਿਆਂ ਦਾ ਹੋ ਰਿਹਾ
ਜ਼ਾਤ ਮੈਂ ਆਪਣੀ ਲੁਕਾ ਕੇ ਕੀ ਕਰਾਂ।

ਵਕਤ ਵੀ ਗਲੀਆਂ ਦੇ ਵਿਚ ਰੋਂਦਾ ਫਿਰੇ
ਜ਼ਿੰਦਗੀ ਤੈਨੂੰ ਵਰਾ ਕੇ ਕੀ ਕਰਾਂ।

ਧਰਤ ਨੂੰ ਆਦਮ ਦਾ ਦੋਰਾ ਖਾ ਰਿਹਾ
ਬੀਜ ਮੈਂ ਅਪਣਾ ਉਗਾ ਕੇ ਕੀ ਕਰਾਂ।

## ਗਜ਼ਲ

ਚਿਰਾਗ਼-ਏ-ਸ਼ਾਮ ਜਲ ਗਆ ਯਾਰੋ,
ਏਕ ਦਿਨ ਔਰ ਢਲ ਗਆ ਯਾਰੋ।

ਧੂਪ ਕੋ ਕੈਸੇ ਬਦ ਦੁਆ ਦੇ ਦੂੰ
ਮੈਂ ਜੋ ਸਾਏ ਸੇ ਜਲ ਗਆ ਯਾਰੋ।

ਹਮਸੇ ਮਾਜ਼ੀ ਕੀ ਬੇੜੀਆਂ ਨ ਕਟੀਂ
ਵਕਤ ਆਗੇ ਨਿਕਲ ਗਆ ਯਾਰੋ।

ਵੋਹ ਮੁਝੇ ਮੈਂ ਉਸੇ ਨ ਪਹਚਾਨੂੰ
ਕਿਸ ਕਾ ਚੇਹਰਾ ਬਦਲ ਗਆ ਯਾਰੋ।

ਹਮ ਕੋ ਦੇਕਰ ਗੁਨਾਹ ਕਾ ਐਹਸਾਸ
ਆਸਮਾਂ ਚਾਲ ਚਲ ਗਆ ਯਾਰੋ।

ਸ਼ੈਖ-ਓ-ਪੰਡਿਤ ਹੈਂ ਢੂੰਡਤੇ ਕਿਸਕੋ
ਕੌਨ ਬਚ ਕਰ ਨਿਕਲ ਗਆ ਯਾਰੋ।

☆☆☆☆☆☆☆☆☆☆☆☆☆☆☆

## ਹਰਜਿੰਦਰ 'ਕੰਗ'

## ਗ਼ਜ਼ਲ

ਕੈਸਾ ਹੈ ਇਹ ਮੌਸਮ ਬੇਇਤਫ਼ਾਕੀ ਦਾ।
ਰਿਸ਼ਤਾ ਟੁੱਟ ਗਿਆ ਰਿੰਦਾਂ ਤੋਂ ਸਾਕੀ ਦਾ।

ਅੱਖ ਬਚਾ ਕੇ ਸ਼ੀਸ਼ਿਆਂ ਰਾਹੀਂ ਯਾਰ ਮਿਰੇ,
ਦੂਸਰਿਆਂ ਦੇ ਘਰ ਅੰਦਰ ਨਈਂ ਝਾਕੀ ਦਾ।

ਜਿਸਦੇ ਤਨ ਨੂੰ ਢਕਿਆ ਹੋਇਆ ਹੈ ਇਸਨੇ,
ਉਸ ਤੋਂ ਪੁੱਛੋ ਕੀ ਮੁਲ ਹੈ ਇਸ ਟਾਕੀ ਦਾ।

ਫੱਟ ਜਿਗਰ ਦਾ ਭਰਨਾ ਤੇਰੇ ਵੱਸ ਨਹੀਂ,
ਤੂੰ ਕੀ ਜਾਣੇਂ ਫੱਟ ਕਿਵੇਂ ਇਹ ਠਾਕੀ ਦਾ।

ਦਿਲ ਤੇ ਦਸਤਕ ਦੇ ਕੇ ਅੱਖ ਚੁਰਾਏਂਗਾ,
ਮੈਨੂੰ ਨਹੀਂ ਪਤਾ ਸੀ ਏਸ ਚਲਾਕੀ ਦਾ।

ਕੁਝ ਤਾਂ ਖ਼ੂਨ ਅਸਾਡਾ ਪੀਤਾ ਗੁਰਬਤ ਨੇ,
ਬੇਇਨਸਾਫ਼ੀ ਨੇ ਪੀਤਾ ਹੈ ਬਾਕੀ ਦਾ।

ਜਿੰਨੀ ਵੀ ਮਿਲਦੀ ਹੈ ਪੀ ਲੈ, ਝੂਰੇਂਗਾ,
'ਕੰਗ' ਇਰਾਦਾ ਠੀਕ ਨਹੀਂ ਹੈ ਸਾਕੀ ਦਾ।

☆☆☆☆☆☆☆☆☆☆☆☆☆☆

## ਗੁਰਮੇਲ ਰਾਏ

## ਗ਼ਜ਼ਲ

ਮੇਰੇ ਦਿਲਾ ਤੇਰੇ ਸੱਭ ਰੰਗ ਦੇਖੇ ਨੇ।
ਉਹ ਦੂਰ ਵਸਦੇ ਵੀ ਸਦਾ ਸੰਗ ਦੇਖੇ ਨੇ।

ਉਹ ਨਾ ਆਏ ਤੇ ਨਾ ਹੀ ਆਉਣਾ ਸੀ,
ਅਸੀਂ ਤਾਂ ਸਾਹ ਵੀ ਉਧਾਰੇ ਮੰਗ ਦੇਖੇ ਨੇ।

ਕਿੰਨਾ ਕੁ ਸ਼ਾਂਤ ਹੈ ਪਾਣੀ ਦਰਿਆਵਾਂ ਦਾ,
ਪੁੱਛੋ ਜਿਨ੍ਹਾਂ ਉਹ ਪਾਣੀ ਲੰਘ ਦੇਖੇ ਨੇ।

ਇਕ ਦਿਨ ਹਿਸਾਬ ਮੰਗਣਾ ਸਾਥੋਂ ਇਤਿਹਾਸ ਨੇ,
ਅਨੇਕਾਂ ਹਾਦਸੇ ਜੋ ਅਸਾਂ ਨਿਸ਼ੰਗ ਦੇਖੇ ਨੇ।

ਸ਼ਾਇਦ ਮੇਰਾ ਵਹਿਮ ਹੈ ਜਾਂ ਆਉਣ ਵਾਲਾ ਕੱਲ੍ਹ,
ਸੁਫਨੇ 'ਚ ਰਾਤੀਂ ਬਿਖਰੇ ਮੈਂ ਅੰਗ ਦੇਖੇ ਨੇ।

ਹਰ ਗਲਤੀ ਦਾ ਜਵਾਬ ਮੈਥੋਂ ਮੰਗਦਾਂ,
'ਗੁਰਮੇਲ' ਤੂੰ ਵੀ ਤਾਂ ਜ਼ਿੰਦਗੀ ਦੇ ਢੰਗ ਦੇਖੇ ਨੇ।

☆☆☆☆☆☆☆☆☆☆☆☆

## ਏਸ ਸਦੀ ਨੂੰ

## ਹਰਜਿੰਦਰ ਸਿੱਧੂ

ਨੀਂ ਸਦੀਏ ਤੂੰ ਧਰਤ ਅਸਾਡੀ
ਬੀਜ਼ ਕੇ ਚੱਲੀ ਹਾਵਾਂ
ਆ ਤੈਨੂੰ ਇਸ ਵਸਦੇ ਵਿਹੜੇ
ਉਜੜੇ ਲੋਕ ਦਿਖਾਵਾਂ।

ਭੁੱਖੇ ਬਾਲ ਚਰੂੰਡਦੇ
ਢਲਕੀਆਂ ਹੋਈਆਂ ਛਾਤੀਆਂ
ਏਸ ਵਿਹੜੇ ਵਿਚ ਆਖਦੇ
ਬਸ ਹੱਡੀਆਂ ਨੂੰ ਹੀ ਮਾਵਾਂ।

ਰੋਜ਼ ਮਸੀਹੇ ਜੰਮਣ ਏਥੇ
ਗੋਦੜੀਆਂ ਹੀ ਬਣ ਜਾਣ ਸਲੀਬਾਂ
ਬੇਗੁਨਾਹੇ ਜਾਇਆਂ ਹੱਥੋਂ ਹੀ

ਭੋਗੀ ਜਾਣ ਸਜਾਵਾਂ।

ਚਿੱਬ-ਖੜਿਬੀਆਂ ਹਾਂਡੀਆਂ
ਏਥੀ ਪੁੱਠੀਆਂ ਰਹਿਣ ਪਰਾਤਾਂ
ਹਰ ਛੰਨ ਅੱਗੇ ਚੁੱਲਾ ਦਿਸਦਾ
ਪਰ ਮੱਘਦਾ ਟਾਵਾਂ ਟਾਵਾਂ।

ਏਥੇ ਸਿਧਾਂਤੀ ਜ਼ਾਲਮਾਂ
ਰਤ ਪੀ ਬਰਾਛਾਂ ਰੰਗੀਆਂ
ਦੂਰ ਦੂਰ ਤਕ ਪਿੰਜਰ ਖਿਲਰੇ
ਹੱਡ ਰੋੜੇ ਬਣੀਆਂ ਥਾਵਾਂ।

ਤੂੰ ਸਦੀਏ ਬਣ ਸ਼ਾਹੀ ਕੋਤਲ
ਪੌੜਾਂ ਹੇਠ ਲਿਤਾੜੇ
ਕਿਉਂ ਰਾਹੀ ਅੱਧਮੋਏ ਕਰਕੇ
ਸੁਟ ਚਲੀ ਵਿਚ ਰਾਹਵਾਂ।
☆☆☆☆☆☆☆☆☆☆

# ਦੋ ਮਾਵਾਂ ਦਾ ਪੁੱਤ

## ਇਕਬਾਲ ਖ਼ਾਨ

ਦੱਸੋ ਯਾਰੋ!
ਇਹ ਮਾਣ ਦੀ ਗੱਲ ਹੈ
ਜਾਂ ਦੁੱਖ ਦੀ ਗੱਲ?
ਕਿ ਮੈਂ ਦੋ ਮਾਵਾਂ ਦਾ ਪੁੱਤ ਹਾਂ।

ਮੇਰੀ ਜਨਮ-ਦਾਤੀ ਮਾਂ
ਜਿਹਨੇ ਮੈਨੂੰ ਜਨਮ ਤਾਂ ਦਿੱਤਾ
ਪਰ ਜ਼ਿੰਦਗੀ ਨਾ ਦੇ ਸਕੀ।
ਭਾਵੇਂ ਮੈਂ ਜ਼ਿੰਦਗੀ ਨੂੰ ਪਰਨਾਉਣ ਲਈ
ਸੰਘਰਸ਼ ਕਰ ਰਹੇ ਵੀਰਾਂ ਨਾਲ ਰਲ
ਆਪਣੀ ਪੂਰੀ ਵਾਹ ਲਾਈ
ਭੂਮੀ-ਗਤ ਜ਼ਿੰਦਗੀ, ਪੁਲਸ ਥਾਣਿਆਂ
ਅਤੇ ਪੁੱਛ ਗਿੱਛ ਕੇਂਦਰ ਜਿਹੇ
ਬੁੱਚੜ-ਖਾਨਿਆਂ ਦੀ ਯਾਤਰਾ
ਜੇਹਲਾਂ ਦੀ ਹੁੰਮਸ ਭਰੀ
ਜ਼ਿੰਦਗੀ ਵੀ ਪਰਵਾਨ ਕੀਤੀ।
ਹੱਥ-ਕੜੀਆਂ ਤੇ ਬੇੜੀਆਂ ਦੀ
ਕੁਰਨਾ ਭਰੀ, ਕੁਰਖਤ ਅਵਾਜ਼ ਨੂੰ
ਸੰਗੀਤ ਸਮਝ, ਕਵਿਤਾ ਨੂੰ ਸਿਰਜਿਆ
ਪਰ ਜਦ ਸਿੱਟਾ ਨਾਕਾਮੀ ਹੀ ਨਿਕਲਿਆ
ਤਾਂ ਮੈਂ ਆਪਣੀ ਜਨਮ-ਦਾਤੀ ਮਾਂ
ਜਿਹਨੇ ਮੈਨੂੰ ਜਨਮ ਤਾਂ ਦਿੱਤਾ
ਪਰ ਜ਼ਿੰਦਗੀ ਨਾ ਦੇ ਸਕੀ,
ਦੀ ਗੋਦ ਛੱਡ ਕੇ
ਆਪਣੀ ਧਰਮ ਮਾਂ ਦੀ
ਗੋਦ 'ਚ ਸ਼ਰਨ ਲੈ ਲਈ

ਮੇਰੀਆਂ ਦੋਹਾਂ ਮਾਂਵਾਂ 'ਚ
ਅਧਿਕਾਰ ਲਈ
ਖਿੱਚੋਤਾਣ ਚੱਲਦੀ ਹੀ ਰਹਿੰਦੀ ਹੈ
ਮੇਰੀ ਭੋਲੀ ਜਨਮ-ਦਾਤੀ ਮਾਂ
ਨਹੀਂ ਸਮਝਦੀ
ਕਿ ਜਨਮ ਦੇਣ ਨਾਲ ਹੀ
ਕੋਈ ਮਾਂ ਨਹੀਂ ਬਣ ਜਾਂਦੀ
ਪਰ ਉਹਦੀ ਦਲੀਲ ਵੀ
ਵਜ਼ਨਦਾਰ ਹੈ
ਵੈਲੀ, ਭਰਿਸ਼ਟ, ਵਹਿਸ਼ੀ
ਤੇ ਪੱਖਪਾਤੀ ਬਾਪ ਦੇ ਹੁੰਦਿਆਂ
ਉਹ ਵਿਚਾਰੀ, ਕਰ ਵੀ ਕੀ ਸਕਦੀ ਸੀ
ਮੇਰੀ ਧਰਮ-ਮਾਂ
ਜਿਹਨੇ ਮੈਨੂੰ ਜ਼ਿੰਦਗੀ ਜੀਣ ਲਈ
ਕੁੱਝ ਅਧਾਰ ਦਿੱਤਾ ਹੈ।
ਆਪਣਾ ਪੂਰਾ ਪੂਰਾ ਹੱਕ ਜਤਾਉਂਦੀ ਹੈ।
ਭਾਵੇਂ ਬਹੁਤਾ ਕੁੱਝ
ਇਹ ਵੀ ਨਹੀਂ ਦੇ ਸਕੀ
ਕਿਉਂ ਜੋ ਬਾਪ, ਇਧਰ ਵੀ
ਉਨੀ-ਇੱਕੀ ਦੇ ਫ਼ਰਕ ਨਾਲ
ਉਹੋ ਜਿਹਾ ਹੀ ਹੈ।

1988 ਸਿਉਲ ਉਲੰਪਿਕ ਵਿਚ
ਆਪਣੀ ਧਰਮ-ਮਾਂ ਦੀ
ਇਕ ਧੀ ਕੈਰੋਲਿਨ ਵਾਲਡੋ ਵੱਲੋਂ
ਤਗਮਾ ਜਿੱਤਣ 'ਤੇ
ਮੈਂ ਖੁਸ਼ ਵਿਚ ਫੁਲਿਆ ਨਹੀਂ ਸਮਾਉਂਦਾ
ਉਹਨੂੰ ਟੀ.ਵੀ ਉੱਤੇ
ਮੱਛਲੀ ਵਾਂਗ ਤਰਦਿਆਂ ਦੇਖ
ਮੈਂ ਆਪਣੇ ਆਪ ਨੂੰ
ਸਮੁੰਦਰ ਦੀ ਹਿੱਕ 'ਤੇ
ਤਾਰੀਆਂ ਲਾਉਂਦਾ ਮਹਿਸੂਸ ਕਰਦਾ ਹਾਂ
ਭਾਵੇਂ ਮੈਨੂੰ ਤਰਨਾ ਵੀ ਨਹੀਂ ਆਉਂਦਾ।
ਮੈਂ ਆਪਣੀ ਧਰਮ-ਮਾਂ ਦੇ
ਇਕ ਮੇਰੇ ਜਿਹੇ ਹੀ ਧਰਮ-ਪੁੱਤਰ
ਵੈਨ ਜੌਹਨਸਨ ਨੂੰ
ਟੀ.ਵੀ ਉੱਤੇ
ਸਿਉਲ ਵਿਚ ਦੌੜਦਾ ਦੇਖ
ਮੈਂ ਕਿਸੇ ਪੰਛੀ ਵਾਂਗ
ਖੁੱਲ੍ਹੇ ਅਸਮਾਨ ਵਿਚ
ਉੱਡਦਾ ਮਹਿਸੂਸ ਕਰਦਾ ਹਾਂ।
ਪਰ ਫਿਰ ਉਸਦੇ ਹੱਥੋਂ
ਸੋਨ-ਤਗਮਾ ਖਿਸਕ ਜਾਣ 'ਤੇ
ਮੈਂ ਅੰਦਰ ਵੜਕੇ ਰੋਂਦਾ ਹਾਂ
ਅਤੇ ਬਾਹਰ, ਆਪਣੇ ਰੋਂਦੇ ਹੋਏ
ਬੱਚਿਆਂ ਨੂੰ ਵਰਾਉਂਦਾ ਹਾਂ।
ਪਾਰਕਾਂ, ਬੱਸ ਅੱਡਿਆਂ ਤੇ ਪਲਾਜ਼ਿਆਂ 'ਚ
ਖੜ, ਖੜ
ਮੈਂ ਉਸਦੇ ਹੱਕ ਵਿਚ
ਸੱਚੀਆਂ ਝੂਠੀਆਂ ਦਲੀਲਾਂ ਦਿੰਦਾ ਹਾਂ
ਅਤੇ ਅਮਰੀਕਾ ਨੂੰ ਗਾਲ੍ਹਾਂ ਕੱਢਦਾ ਹਾਂ
ਧੋਖੇ-ਬਾਜ਼, ਵਹਿਸ਼ੀ, ਕਮੀਨਾ ਬਘਿਆੜ
ਮੈਨੂੰ ਲਗਦਾ ਹੈ
ਕਿ ਨਸ਼ੇ ਦੇ ਦੋਸ਼ ਨਾਲ ਉਹ ਨਹੀਂ
ਸਗੋਂ ਮੈਂ ਸਰਾਪਿਆ ਗਿਆ ਹਾਂ।

ਮੈਡਰੀਅਡ 'ਚ 1982 ਦਾ
ਜੱਗਤ ਸੌਕਰ ਕੱਪ
ਇਟਲੀ ਵੱਲੋਂ ਜਿੱਤਣ 'ਤੇ
ਮੇਰੀ ਧਰਮ-ਮਾਂ ਦੇ
ਕੁੱਝ ਧਰਮ-ਪੁੱਤਰਾਂ ਵੱਲੋਂ
ਸ਼ਹਿਰ ਦੇ ਕੇਂਦਰ ਵਿਚ
ਜਲੂਸ ਕੱਢਕੇ
ਆਵਾਜਾਈ ਠੱਪ ਕਰ ਦੇਣੀ
ਮੈਨੂੰ ਚੰਗੀ ਵੀ ਲੱਗਦੀ ਹੈ
ਤੇ ਬੁਰੀ ਵੀ
ਫਿਰ ਸਾਰਡੀਨੀਆਂ 'ਚ 1990 ਦਾ
ਜੱਗਤ ਸੌਕਰ ਕੱਪ
ਜਰਮਨ ਵੱਲੋਂ ਜਿੱਤਣ 'ਤੇ
ਮੇਰੀ ਧਰਮ-ਮਾਂ ਦੇ
ਕੁੱਝ ਹੋਰ ਧਰਮ-ਪੁੱਤਰਾਂ ਵੱਲੋਂ
ਉਹਨਾਂ ਦੀ ਜਨਮ-ਦਾਤੀ ਦੇ ਜਾਇਆਂ ਵੱਲੋਂ
ਜੱਗਤ ਕੱਪ ਜਿੱਤਣ 'ਤੇ
ਆਪਣੀ ਜਨਮ ਦਾਤੀ ਦੇ
ਪਰਚਮ ਲਹਿਰਾਉਣੇ

ਮੈਨੂੰ ਚੰਗੇ ਵੀ ਲੱਗਦੇ ਹਨ
ਤੇ ਬੁਰੇ ਵੀ।

ਉਂਝ ਮੈਂ ਵੀ ਸੋਚਦਾ ਹਾਂ,
ਕਿ ਮੇਰੀ ਜਨਮ-ਦਾਤੀ ਦੇ
ਪੁੱਤਰ ਵੀ
ਅਗਰ ਕੁੱਝ ਕਰ ਦਿਖਾਉਣ
ਤਾਂ ਮੈਂ ਵੀ ਦਾਰੂ ਪੀਕੇ
ਸੜਕਾਂ ਤੇ ਮੱਘੇ ਮਾਰਾਂ
ਬੱਕਰੇ ਬੁਲਾਵਾਂ ਤੇ ਬਾਘੀਆਂ ਪਾਵਾਂ
ਖੂਬ ਪਾਵਾਂ ਭੰਗੜੇ, ਸ਼ਰੇਆਮ
ਭਾਵੇਂ ਜਨਮ ਦੇਣ ਨਾਲ ਹੀ
ਕੋਈ ਮਾਂ ਨਹੀਂ ਬਣ ਜਾਂਦੀ
ਪਰ ਮੇਰੀਆਂ ਰਗਾਂ ਵਿਚ
ਖੂਨ ਤਾਂ ਉਸੇ ਦਾ ਹੈ।

ਦੱਸੋ ਯਾਰੋ!
ਮੈਂ ਗਲਤ ਸੋਚਦਾ ਹਾਂ ਜਾਂ ਠੀਕ?
ਮੈਂ ਜੋ ਦੋ ਮਾਂਵਾਂ ਦਾ ਪੁੱਤ ਹਾਂ।
☆☆☆☆☆☆☆☆☆☆☆☆☆☆

## ਰਵਿੰਦਰ ਸਹਿਰਾ

## ਗਜ਼ਲ

ਗਾਹੀ ਸੂਰਜੇ ਦੀ ਧੁੱਪ, ਚੰਨ ਤਾਰਿਆਂ ਦੀ ਛਾਂ।
ਫਿਰੇ ਦੇਸ ਪ੍ਰਦੇਸ, ਘੁੰਮਿ ਸ਼ਹਿਰ ਗਿਰਾਂ।

ਭੁੱਲ ਜਾਣ ਦੇ ਬਥੇਰੇ ਅਸਾਂ ਯਤਨ ਤਾਂ ਕੀਤੇ,
ਪਰ ਵਾਰ ਵਾਰ ਆਵੇ ਲਬਾਂ ਉੱਤੇ ਤੇਰਾ ਨਾਂਅ।

ਵੱਸ ਨ੍ਹੇਰਿਆਂ ਦੇ ਪੈ ਗਈ ਸਾਡੀ ਸੱਜਰੀ ਸਵੇਰ,
ਮਨੁੱਖੀ ਲਾਸ਼ਾਂ ਉਤੇ ਟੱਪਦੇ ਨੇ ਗਿੱਧਾਂ ਅਤੇ ਕਾਂ।

ਇਕ ਹਾਦਸਾ ਜੇ ਹੁੰਦਾ ਤਾਂ ਸਬਰ ਕਰ ਲੈਂਦੇ,
ਨਿਤ ਹਾਦਸੇ ਨੇ ਹੁੰਦੇ ਅੱਜ ਥਾਂ ਪੁਰ ਥਾਂ।

ਗੱਲ ਪਾਣੀਆਂ ਦੀ ਸੀ ਤਾਂ ਫਿਰ ਖ਼ੂਨ ਕਿਵੇਂ ਬਣੀ
ਕੋਈ ਸਾਜਿਸ਼ੀ ਜਰੂਰ ਪਿਆ ਕਰੇ ਸਾਜ਼ਿਸ਼ਾਂ।
☆☆☆☆☆☆☆☆☆☆☆☆☆

## ਜਸਵਿੰਦਰ ਮਾਨ

## ਕਵਿਤਾ

ਰਾਤ ਮੱਸਿਆ ਦੀ ਚੰਨ ਨੂੰ ਵਿਖਾਉਂਦੇ ਕਿਵੇਂ
ਤਪਸ਼ ਸੂਰਜ ਦੀ ਪਿੰਡੇ ਤੋਂ ਲਾਹੁੰਦੇ ਕਿਵੇਂ
ਜੀਭ ਜਲਦੀ ਸੀ ਜੇ ਦਰਦ ਗਾਉਂਦਾ ਸਾਂ ਮੈਂ
ਤੇਰੇ ਛਾਲੇ ਦੀ ਫਿਰ ਬਾਤ ਪਾਉਂਦੇ ਕਿਵੇਂ
ਜਿੰਦਗੀ ਹਿਜ਼ਰ ਬਣ ਕੇ ਮਿਲੀ ਇਸ਼ਕ ਨੂੰ
ਜ਼ਿੰਦਗੀ ਤੋਂ ਫਿਰ ਨਜ਼ਰਾਂ ਚਰਾਉਂਦੇ ਕਿਵੇਂ
ਪੀੜ ਹੰਝੂ 'ਚ ਹੁੰਦੀ ਤਾਂ ਪੀ ਲੈਂਦਾ ਮੈਂ
ਪੀੜ ਅੱਖੀਆਂ 'ਚ ਸੀ ਉਹ ਲਕਾਉਂਦੇ ਕਿਵੇਂ
ਥੱਕ ਗਏ ਹੋਣਗੇ ਰਾਤ ਭਰ ਜਾਗ ਕੇ
ਸੌਂ ਗਏ ਸੀ ਸਿਤਾਰੇ ਜਗਾਉਂਦੇ ਕਿਵੇਂ
☆☆☆☆☆☆☆☆☆☆

## ਕੁਲਵਿੰਦਰ ਖਹਿਰਾ

## ਇਕ

ਵਤਨ ਮੇਰੇ ਦੇ ਜੰਗਲ ਬੇਲੇ
ਕਸਬੇ ਤੇ ਸ਼ਹਿਰ ਗਰਾਵਾਂ ਨੀਂ ਮਾਏਂ।
ਮੌਤ ਦੇ ਰੰਗ ਬਰੰਗੇ ਰੂਪਾਂ
ਮੱਲੀਆਂ ਨੇਂ ਸਭ ਥਾਵਾਂ ਨੀਂ ਮਾਏਂ।

ਇਕ ਮੌਤ ਦਾ ਰੂਪ ਨੀਂ ਮਾਏਂ
ਮੇਰੀ ਸਮਝ ਨਾਂ ਆਵੇ ਨੀਂ।
ਜਿਸਮ ਬੰਦੇ ਦਾ ਜਿੰਦਾ ਰਹੇ ਪਰ
ਰੂਹ ਅੰਦਰੋਂ ਮਰ ਜਾਵੇ ਨੀਂ
ਜਿੰਦਾ ਜਿਸਮ ਤੇ ਮੁਰਦਾ ਰੂਹਾਂ
ਭਟਕਦੀਆਂ ਵਿਚ ਰਾਹਵਾਂ ਨੀਂ ਮਾਏਂ।

ਇਕ ਮੌਤ ਦਾ ਰੂਪ ਨੀਂ ਮਾਏਂ
ਡਾਢਾ ਕਹਿਰ ਗੁਜਾਰੇ ਨੀਂ
ਨਾਂ ਜਿਸਮ ਨਾਂ ਰੂਹ ਬੰਦੇ ਦੀ
ਸੋਚ ਨੂੰ ਡੈਂਡਾ ਮਾਰੇ ਨੀਂ।
ਫਿਰ ਸਿਖ਼ਾਵੇ ਤੋੜਨੀਆਂ ਕਿੰਝ
ਰੁਖਾਂ ਨਾਲੋਂ ਛਾਵਾਂ ਨੀਂ ਮਾਏਂ।

ਇਕ ਮੌਤ ਦਾ ਰੂਪ ਨੀਂ ਮਾਏਂ
ਸੌ ਜਨਮਾਂ ਦੇ ਸਾਵੇਂ ਨੀਂ
ਰੂਹ ਬੰਦੇ ਦੀ ਅਮਰ ਹੋ ਜਾਂਦੀ
ਜਿਸਮ ਨਾਂ ਰਹਿੰਦਾ ਭਾਵੇਂ ਨੀਂ।
ਇਸ ਮੌਤੇ ਕੋਈ ਕਰਮਾਂ ਵਾਲਾ
ਮਰਦਾ ਏ ਟਾਵਾਂ ਟਾਵਾਂ ਨੀਂ ਮਾਏਂ।

ਵਤਨ ਮੇਰੇ ਦੇ ਜੰਗਲ ਬੇਲੇ
ਕਸਬੇ ਤੇ ਸ਼ਹਿਰ ਗਰਾਵਾਂ ਨੀਂ ਮਾਏ।

## ਦੋ

ਆਪਣੀ ਹੀ ਗੱਲ ਉਤੇ ਆਪੇ
ਕਿਉਂ ਇਤਬਾਰ ਨਹੀਂ ਕਰਦੇ ਲੋਕ।
ਜਿਸ ਨੂੰ 'ਕੁਲ ਦਾ ਰਾਖ਼ਾ' ਦਸਦੇ
ਉਹਦੀ ਰਾਖ਼ੀ ਲਈ ਮਰਦੇ ਲੋਕ।

ਨਾਂ ਜਾਣੇ ਕਿਹੜੀ ਅੱਗ ਉਨ੍ਹਾਂ ਦਾ
ਸੀਨਾ ਏਨਾ ਸਾੜ ਰਹੀ
ਸੜਦੇ ਜਿਸਮ ਨੂੰ ਠਾਰਨ ਖ਼ਾਤਰ
ਗਰਮ ਲਹੂ ਵਿਚ ਤਰਦੇ ਲੋਕ।

ਨਿਰਦੋਸ਼ਾਂ ਦਾ ਸੀਸ ਲਹੁਣ ਨੂੰ
ਉਹ ਦੋ ਪਲ ਨਾਂ ਲਾਉਂਦੇ ਨੇ
ਪਰ ਦੁਸ਼ਮਣ ਦੇ ਚਿਹਰੇ ਉਤੋਂ
ਲਾਹੁੰਦੇ ਕਿਉਂ ਨਹੀਂ ਪਰਦੇ ਲੋਕ।

ਘਰ ਤੋਂ ਬਾਹਰ ਜਾਣ ਤੋਂ ਪਹਿਲਾਂ
ਬਾਣਾ ਆਪਣਾ ਪਰਖ਼ ਲਵੀਂ
ਬਾਣੇ ਤੋਂ ਹੀ ਜਾਣ ਪਛਾਣੇ
ਬੇਗ਼ਾਨੇ ਤੇ ਘਰ ਦੇ ਲੋਕ।

ਤਲੀ ਤੇ ਬੋਲ ਪਿਆਰ ਦੇ ਧਰ ਕੇ
ਕੌਣ ਹੈ ਰੀਤਾਂ ਤੋੜ ਰਿਹਾ
ਅੱਜ ਕੱਲ੍ਹ ਤਾਂ ਤਲੀਆਂ ਉਤੇ
ਬਸ ਸੀਸ ਨੇ ਧਰਦੇ ਲੋਕ।
☆☆☆☆☆☆☆☆☆☆

**ANKUR**
Subscibe to **Ankur**
**Ankur** is a quarterly magazine about art, literature, culture, social and political issues of concern to the Indo-Canadain Community. Annual subscription :
**$12.00**
**Ankur,** P.O.Box 67681, Stn 'O'
Vancouver, B.C. V5W 3V2

# ਬਿਹਤਰੀਨ ਫਿਲਮਸਾਜ਼
# ਸਤਿਆਜੀਤ ਰੇਅ



ਦੁਨੀਆਂ ਦੇ ਬੇਹਤਰੀਨ ਫਿਲਮਸਾਜ਼ ਸਤਿਆਜੀਤ ਰੇਅ ਹੁਣ ਇਸ ਸੰਸਾਰ ਵਿਚ ਨਹੀਂ ਰਹੇ। ਸਤਿਆਜੀਤ ਰੇਅ ਨੇ ਆਪਣੀ ਪਹਿਲੀ ਫਿਲਮ 'ਪਾਥੇਰ ਪੰਚਲੀ' 1952 ਵਿਚ ਬਣਾਉਣੀ ਸ਼ੁਰੂ ਕੀਤੀ ਅਤੇ 1955 ਵਿਚ ਪੂਰੀ ਕੀਤੀ। ਆਪਣੀ ਪਹਿਲੀ ਫਿਲਮ ਨਾਲ ਹੀ ਉਹ ਦੁਨੀਆਂ ਦੇ ਇਕ ਵਧੀਆ ਫਿਲਮਸਾਜ਼ ਦੇ ਤੌਰ ਤੇ ਜਾਣੇ ਜਾਣ ਲੱਗੇ। 1952-ਤੋਂ 1992 ਤੱਕ ਉਹਨਾਂ ਨੇ 32 ਫੀਚਰ ਫਿਲਮਾਂ ਅਤੇ 5 ਡਾਕੂਮੈਂਟਰੀ ਫਿਲਮਾਂ ਬਣਾਈਆਂ।

1943 ਤੇ 1952 ਦੌਰਾਨ ਜਦੋਂ ਉਹ ਇਕ ਐਡਵਰਟਾਇਜ਼ਮੈਂਟ ਦੀ ਕੰਪਨੀ ਨਾਲ ਕੰਮ ਕਰਦੇ ਸਨ, ਸਿਨਮੇ ਦੇ ਹੁਨਰ ਬਾਰੇ ਗਿਆਨ ਹਾਸਲ ਕਰਨ ਲਈ ਉਹਨਾਂ ਨੇ ਵੱਡੀ ਗਿਣਤੀ ਵਿਚ ਫਿਲਮਾਂ ਵੇਖੀਆਂ, ਹਨ੍ਹੇਰੇ ਸਿਨਮੇ ਹਾਲਾਂ ਵਿਚ ਬੈਠ ਕੇ ਅਣਗਿਣਤ ਨੋਟ ਲਏ ਅਤੇ ਫਿਲਮਾਂ ਦੀ ਥਿਉਰੈਟੀਕਲ ਪੱਖ ਬਾਰੇ ਬੇਥਾਹ ਪੜ੍ਹਿਆ। 1950 ਵਿਚ ਆਪਣੇ ਕੰਮ ਦੇ ਸਿਲਸਿਲੇ ਵਿਚ ਉਹ ਲੰਡਨ ਆਏ ਤਾਂ ਉਹਨਾਂ ਇਕ ਮਹੀਨੇ ਦੌਰਾਨ 100 ਤੋਂ ਵੱਧ ਨਵ-ਯਥਾਰਥਵਾਦੀ ਖਾਸ ਕਰਕੇ ਇਟਲੀ ਦੇ ਫਿਲਮਸਾਜ਼ਾਂ ਦੀਆਂ ਫਿਲਮਾਂ ਦੇਖੀਆਂ। ਇਸਦੇ ਨਾਲ ਹੀ ਉਹ ਇੰਗਲੈਂਡ ਦੇ ਫਿਲਮਸਾਜ਼ ਜੀਨ ਰੇਨੋਅਰ ਤੋਂ ਬਹੁਤ ਪ੍ਰਭਾਵਿਤ ਸਨ।

ਸਤਿਆਜੀਤ ਰੇਅ ਨੇ ਆਪਣੀਆਂ ਫਿਲਮਾਂ ਵਿਚ ਹਿੰਦੁਸਤਾਨ ਦੀ ਜ਼ਿੰਦਗੀ ਦੀ ਸਚਾਈ ਨੂੰ ਪੇਸ਼ ਕੀਤਾ ਅਤੇ ਇਸ ਸਚਾਈ ਨੂੰ ਪੇਸ਼ ਕਰਨ ਲਈ ਬੰਗਾਲ ਦੀ ਜ਼ਿੰਦਗੀ ਨੂੰ ਆਧਾਰ ਬਣਾਇਆ। ਉਹਨਾਂ ਵਿਸ਼ਵ ਦੇ ਇਕ ਬਿੰਦੂ ਬੰਗਾਲ ਨੂੰ ਆਪਣੇ ਹੁਨਰ ਦਾ ਕੇਂਦਰ ਬਣਾਕੇ ਵਿਸ਼ਵ ਪੱਧਰ ਦੀਆਂ ਫਿਲਮਾਂ ਬਣਾਈਆਂ। ਉਹਨਾਂ ਹਿੰਦੁਸਤਾਨੀ ਜ਼ਿੰਦਗੀ ਦੀ ਸਚਾਈ ਨੂੰ ਪੇਸ਼ ਤਾਂ ਕੀਤਾ ਪਰ ਆਪਣੀਆਂ ਫਿਲਮਾਂ ਵਿਚ ਸਚਾਈ ਦੀ ਨਕਲ ਨਹੀਂ ਕੀਤੀ। ਇਸ ਸਬੰਧ ਵਿਚ ਕੇਰਲਾ ਦਾ ਫਿਲਮਸਾਜ਼ ਅਦੂਰ ਗੋਪਾਲ ਕ੍ਰਿਸ਼ਨਨ ਲਿਖਦਾ ਹੈ,"ਇਕ ਅਸਲੀ ਕਲਾਕਾਰ ਕਦੇ ਵੀ ਜ਼ਿੰਦਗੀ ਨੂੰ ਨਕਲ ਕਰਨ ਦੀ ਕੋਸ਼ਿਸ਼ ਨਹੀਂ ਕਰਦਾ ਸਗੋਂ ਉਹ ਅੰਦਰਲੀ ਸਚਾਈ ਨੂੰ ਨਵੇਂ ਸਿਰਿਉਂ ਸਿਰਜ਼ਦਾ ਹੈ, ਤਾਂ ਕਿ ਉਹ ਕਈ ਪਰਤਾਂ ਅਤੇ ਕਈ ਰੂਪਾਂ ਵਾਲੀ ਸਚਾਈ ਦੇ ਧੁਰ ਅੰਦਰ ਤੱਕ ਪਹੁੰਚ ਸਕੇ। ਇਸੇ ਕਰਕੇ ਸਤਿਆਜੀਤ ਰੇਅ ਦੀਆਂ ਫਿਲਮਾਂ ਬਹੁਤ ਹੀ ਮਹਾਨ ਹਨ, ਇਥੋਂ ਤੱਕ ਕਿ ਉ_ਹਨਾਂ ਸਾਹਿਤਕ ਕ੍ਰਿਤਾਂ ਤੋਂ ਵੀ ਵੱਧ ਜਿਹਨਾਂ ਤੇ ਆਧਾਰ ਤੇ ਉਹ ਫਿਲਮਾਂ ਬਣਾਈਆਂ ਗਈਆਂ ਹਨ।"

ਪਰ ਭਾਰਤੀ ਫਿਲਮ ਸਨਅਤ ਨੇ ਸਦਾ ਹੀ ਉਸ ਨਾਲ ਦੂਰ ਦਾ ਰਿਸ਼ਤਾ ਹੀ ਰੱਖਿਆ ਹੈ। ਭਾਰਤੀ ਫਿਲਮ ਸਨਅਤ ਨੇ ਉਸਨੂੰ "ਬਾਹਰ ਜਾ ਕੇ ਭਾਰਤ ਦੀ ਗਰੀਬੀ ਨੂੰ ਵੇਚਣ ਵਾਲਾ ਕਿਹਾ।" ਪਰ ਸਤਿਆਜੀਤ ਨੇ ਭਾਰਤ ਦੀ ਗਰੀਬੀ ਬਾਰੇ ਫਿਲਮਾਂ ਇਸ ਲਈ ਬਣਾਈਆਂ ਕਿਉਂਕਿ ਉਹ ਚਾਹੁੰਦੇ ਸਨ ਕਿ ਸੋਚ ਰੱਖਣ ਵਾਲੇ ਭਾਰਤੀ ਇਸ ਬਾਰੇ ਸੋਚਣ। ਉਸ ਦੀਆਂ ਫਿਲਮਾਂ ਵਿਚ ਪੇਸ਼ ਕੀਤੀ ਗਰੀਬੀ ਬਾਰੇ ਚਿਦੰਦਨਾ ਦਾਸ ਗੁਪਤਾ, ਜਿਸਨੇ 1947 ਵਿਚ ਸਤਿਆਜੀਤ ਨਾਲ ਮਿਲ ਕੇ ਕਲਕੱਤੇ ਵਿਚ ਪਹਿਲੀ ਭਾਰਤੀ ਫਿਲਮ ਸੁਸਾਇਟੀ ਦੀ ਨੀਂਹ ਰੱਖੀ ਸੀ, ਕਹਿੰਦੇ ਹਨ, " ਸਤਿਆਜੀਤ ਰੇਅ ਦੀਆਂ ਫਿਲਮਾਂ ਵਿਚ ਇਕੱਲੀ ਗਰੀਬੀ ਹੀ ਨਹੀਂ ਸਗੋਂ ਇਕ ਉਮੀਦ ਵੀ ਪੇਸ਼ ਕੀਤੀ ਹੁੰਦੀ ਹੈ। ਉਹਦੀਆਂ ਫਿਲਮਾਂ ਬਦਸੂਰਤੀ ਵਿਚ ਸੁੰਦਰਤਾ ਪੇਸ਼ ਕਰਦੀਆਂ ਹਨ। ਦੁਨਿਆਵੀ ਜ਼ਰੂਰਤਾਂ ਕਾਰਨ ਪੈਦਾ ਹੋਈ ਕਮੀਨਗੀ ਵਿਚ ਉਹ ਪਿਆਰ ਦਰਸਾਉਂਦੀਆਂ ਹਨ।"

ਆਪਣੇ ਫਿਲਮੀ ਕੈਰੀਅਰ ਦੌਰਾਨ ਸਤਿਆਜੀਤ ਰੇਅ ਨੂੰ ਵਿਸ਼ਵ ਪੱਧਰ ਦੇ ਕਈ ਇਨਾਮ ਮਿਲੇ। ਮਾਰਚ 1992 ਵਿਚ ਉਹਨਾਂ ਨੂੰ ਉਹਨਾਂ ਦੀ ਸਾਰੀ ਜ਼ਿੰਦਗੀ ਦੀਆਂ ਪ੍ਰਾਪਤੀਆਂ ਕਾਰਨ 'ਆਸਕਰ' ਇਨਾਮ ਦਿੱਤਾ ਗਿਆ।

ਸਤਿਆਜੀਤ ਰੇਅ ਅੱਜ ਸਾਡੇ ਵਿਚ ਨਹੀਂ ਰਹੇ ਪਰ ਉਹਨਾਂ ਦੀਆਂ ਕ੍ਰਿਤਾਂ ਸਦਾ ਹੀ ਜੀਵਤ ਰਹਿਣਗੀਆਂ। ਉਹ ਦੁਨੀਆਂ ਪੱਧਰ ਦੇ ਬੇਹਤਰੀਨ ਫਿਲਮਸਾਜ਼ ਨਹੀਂ ਸਨ ਸਗੋਂ ਇਕ ਵਧੀਆ ਲੇਖਕ ਵੀ ਸਨ। ਉਹਨਾਂ ਦੀ ਕ੍ਰਿਤਾਂ ਵਿਚ ਏਨੀ ਡੂੰਘਾਈ ਅਤੇ ਉੱਚਤਾ ਦਾ ਇਕ ਕਾਰਨ ਇਹ ਵੀ ਸੀ ਕਿ ਉਹ ਇਕ ਵੱਡੇ ਚਿੰਤਕ ਸਨ।

**ਸੁਖਵੰਤ ਹੁੰਦਲ**

ਆਪਣੇ ਮਨਪਸੰਦ ਦੀ ਛੋਟੀ ਕਾਰ ਤੋਂ ਲੈ ਕੇ ਵੱਡੀ ਕਾਰ, ਵੈਨ ਜਾਂ ਪਿਕ-ਅੱਪ ਖਰੀਦਣ ਜਾਂ ਟਰੇਡ ਕਰਨ ਲਈ ਜਾਂ ਸਲਾਹ ਮਸ਼ਵਰੇ ਲਈ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਸੇਲਜ਼ਮੈਨ

ਕਮਲਜੀਤ ਜੌਹਲ ਨੂੰ ਮਿਲੋ ਜਾਂ ਫੋਨ ਕਰੋ।

*BUY!... FINANCE!!!... LEASE!!! — IT'S YOUR CHOICE...*

# Kamaljit (Kam) Johal

**Pager: 735-1035** **Res.** 581-0729



ਕਮਲਜੀਤ ਜੌਹਲ

**ED KLASSEN** GM

Pontiac·Buick·GMC Ltd.

**6280 SCOTT RD. SURREY, B.C. • *CALL 594-2277***

# FRONTIER CLOTH HOUSE

6695 MAIN ST.VANCOUVER,B.C.V5X 3H3

## ਵੈਨਕੂਵਰ ਦੀ ਮੇਨ ਸਟਰੀਟ ਉਤੇ ਸੂਟਾਂ ਸਾੜ੍ਹੀਆਂ ਦਾ ਸੱਭ ਤੋਂ ਵੱਡਾ ਸਟੋਰ

FRONTIER SAREES

ਦਾਜ ਅਤੇ ਵਰੀ ਵਾਸਤੇ ਵੰਨ ਸੁਵੰਨੇ ਸੂਟ ਤੇ ਸਾੜ੍ਹੀਆਂ ਲੈਣ ਲਈ ਅੱਜ ਹੀ ਮੇਨ ਸਟਰੀਟ ਤੇ ਫਰੰਟੀਅਰ ਕਲਾਥ ਹਾਊਸ ਤੇ ਦਰਸ਼ਨ ਦਿਓ।
ਆਪਣੇ ਘਰ ਨੂੰ ਵਧੀਆ ਤੋਂ ਵਧੀਆ ਪਰਦਿਆਂ ਨਾਲ ਸਜਾਉਣ ਲਈ ਫਰੀ ਐਸਟੀਮੇਟ ਲੈਣ ਲਈ ਫੂਨ ਕਰੋ

**ਕੀ ਤੁਸੀਂ ਅਮਰੀਕਾ ਵਿਚ ਕਪੜੇ ਦਾ ਸਟੋਰ ਖੋਲ੍ਹਣ ਦੀ ਵਿਚਾਰ ਕਰਦੇ ਹੋ ਤਾਂ ਸਾਨੂੰ ਵੈਨਕੂਵਰ ਵਿਚ ਫੂਨ ਕਰੋ ਜਾਂ ਮਿਲੋ ਕਿਓਂ ਕਿ ਸਾਡਾ ਵੇਅਰ ਹਾਊਸ ਅਮਰੀਕਾ ਵਿਚ ਵੀ ਹੈ।**

:SUSHIL BATRA (604)325-4425 or 325-3515

## ਫਰੰਟੀਅਰ ਕਲਾਥ ਹਾਊਸ ਲਿਮ:

ਫਰੰਟੀਅਰ ਕਲਾਥ ਹਾਊਸ ਜੋ ਕਿ ਲੇਟੈਸਟ ਡਿਜ਼ਾਇਨ ਦੇ ਕੱਪੜੇ ਲਿਆਉਣ ਵਿੱਚ ਫਰੰਟ ਤੇ ਹੈ।

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ

# DOSANJH & COMPANY

## ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
*ਡਾਇਵੋਰਸ ਤੇ ਫੈਮਲੀ ਦੇ ਕੇਸ
*ਇਮੀਗਰੇਸ਼ਨ ਦੀਆਂ ਅਪੀਲਾਂ
*ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ

ਅਪਾਂਇੰਟਮੈਂਟ ਲਈ ਫੋਨ ਕਰੋ।

**ਫੋਨ: 327-6381**

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਢਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ

ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure

**Authorized Agents for:
Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL

6364 FRASER STREET, VANCOUVER, B.C.
TEL.: 324-2277

OFFICES ALSO IN VICTORIA AND NORTH VANCOUVER

ਕਹਾਣੀ

# ਪੰਜ ਡਾਲਰ ਦਾ ਨੋਟ

## ਹਰਪ੍ਰੀਤ ਸੇਖਾ

(ਆਪਣਾ ਚਿੱਤ ਮਾਰੀ ਬੈਠੇ ਉਨ੍ਹਾਂ ਦਰੱਖਤਾਂ(ਬਜ਼ੁਰਗਾਂ) ਦੇ ਨਾਂ,ਜਿਹਨਾਂ ਦੀਆਂ ਜੜ੍ਹਾਂ ਹੋਰ ਧਰਤੀ 'ਚ ਹਨ ਅਤੇ ਤਣੇ ਹੋਰ ਧਰਤੀ 'ਤੇ)

ਲਿਵਿੰਗ ਰੂਮ ਵਿਚ ਪਏ ਸੋਫੇ ਦੀ ਇਕ ਨੁਕਰੇ ਜੈਮਲ ਸਿੰਘ ਪਾਲੇ ਮਾਰੀ ਕੁੱਕੜੀ ਵਾਂਗ ਸੁੰਗੜਿਆ ਜਿਹਾ ਬੈਠਾ ਸੀ। ਸਵੇਰ ਦਾ ਹੀ ਉਹ ਹਾਰੇ ਜੁਆਰੀਏ ਵਾਂਗ ਸਿਰ ਸੁੱਟੀ ਫਿਰਦਾ ਸੀ। ਅੱਗੇ ਤਾਂ ਕਈ ਵਾਰ ਜਦ ਨੂੰਹ ਜਾਂ ਪੁੱਤ ਵੀਕਐਂਡ ਤੇ ਘਰ ਹੁੰਦੇ ਉਹ ਬਾਹਰ ਪਾਰਕ ਤੱਕ ਗੇੜਾ ਲਾ ਆਉਂਦਾ ਪਰ ਅੱਜ ਸਵੇਰੇ ਚਾਹ ਪੀ ਕੇ ਫਿਰ ਬਿਸਤਰੇ ਵਿਚ ਪੈ ਗਿਆ ਤੇ ਕਿੰਨਾਂ ਚਿਰ ਉਥੇ ਹੀ ਪਿਆ ਰਿਹਾ। ਫਿਰ ਉੱਠ ਕੇ ਲਿਵਿੰਗ ਰੂਮ ਵਿਚ ਆ ਬੈਠਾ ਅਤੇ ਦੁਪਹਿਰ ਦੀ ਰੋਟੀ ਤੱਕ ਉਥੇ ਹੀ ਬੈਠਾ ਰਿਹਾ। ਦੁਪਹਿਰੇ ਰੋਟੀ ਦੀ ਆਵਾਜ਼ ਪਈ, ਉਸ ਉੱਠ ਕੇ ਰੋਟੀ ਖਾ ਲਈ ਅਤੇ ਫਿਰ ਆ ਕੇ ਸੋਫੇ ਉਪਰ ਬੈਠ ਗਿਆ। ਨਾਂ ਹੀ ਮੋਨਿਕਾ ਨੂੰ ਬੁਲਾਇਆ ਅਤੇ ਨਾਂ ਹੀ ਲਵੀ ਨੂੰ ਬੁਸ਼ਕਰ ਮਾਰੀ। ਅੱਗੇ ਲਵੀ ਜਦੋਂ ਵੀ ਥੋੜੀ-ਬਹੁਤੀ ਚੀਂ-ਚਾਂ ਕਰਦਾ ਉਹ ਬੁੱਲ ਮਰੋੜ ਕੇ ਸੀਟੀ ਜਿਹੀ ਵਜਾਉਂਦਾ ਤੇ ਲਵੀ ਖੁਸ਼ ਹੋ ਜਾਂਦਾ। ਅੱਜ ਸਵੇਰੇ ਲਵੀ ਕਿੰਨੀ ਹੀ ਦੇਰ ਰੋਂਦਾ ਰਿਹਾ ਪਰ ਜੈਮਲ ਸਿੰਘ ਨੇ ਓਧਰ ਧਿਆਨ ਹੀ ਨਾਂ ਦਿੱਤਾ।

ਉਸਨੂੰ ਆਪਣੇ ਪੁੱਤਰ ਕੋਲ ਕਨੇਡਾ ਆਏ ਨੂੰ ਛੇ-ਸੱਤ ਮਹੀਨੇ ਹੋ ਚੱਲੇ ਸਨ। ਇੰਨਾਂ ਛੇ-ਸੱਤ ਮਹੀਨਿਆਂ ਵਿਚ ਉਹ ਬਹੁਤ ਕੁਮਲਾ ਗਿਆ ਸੀ। ਐਨ੍ਹਾਂ ਤਾਂ ਉਹ ਪਿਛਲੇ ਦਸਾਂ ਸਾਲਾਂ ਵਿਚ, ਜਦੋਂ ਦੀ ਉਸਦੇ ਘਰਵਾਲੀ ਪੂਰੀ ਹੋਈ ਸੀ, ਨਹੀਂ ਸੀ ਕੁਮਲਾਇਆ ਜਿੰਨਾਂ ਉਹ ਇਹਨਾਂ ਛਿਆਂ-ਸੱਤਾਂ ਮਹੀਨਿਆਂ ਵਿਚ ਆਪਣੇ-ਆਪ ਨੂੰ ਇੱਕਲਾ-ਇੱਕਲਾ ਜਿਹਾ ਮਹਿਸੂਸ ਕਰਨ ਲੱਗ ਪਿਆ ਸੀ। ਘਰ ਵਿਚ ਉਸ ਨਾਲ ਕੋਈ ਗੱਲ-ਬਾਤ ਕਰਨ ਵਾਲਾ ਵੀ ਤਾਂ ਨਹੀਂ ਸੀ। ਸਾਰਾ ਦਿਨ ਤੋਰਾ-ਭਰ ਲਵੀ ਦੀ ਸਾਂਭ-ਸੰਭਾਲ ਜਿਹੀ 'ਚ ਲੱਗਿਆ ਰਹਿੰਦਾ। ਨੂੰਹ ਕੰਮ ਤੋਂ ਆ ਕੇ ਰੋਟੀ-ਪਾਣੀ ਦੇ ਆਹਰ ਲੱਗ ਜਾਂਦੀ ਤੇ ਪੁੱਤਰ ਆਉਂਦਾ ਹੀ ਹਨੇਰੇ ਹੋਏ। ਵੀਕਐਂਡ ਤੇ ਉਹ ਹੋਰ ਖ਼੍ਰੀਦੋ-ਫਰੋਖਤ ਜਾਂ ਮਿਲਣ-ਗਿਲਨ ਤੁਰੇ ਰਹਿੰਦੇ। ਪਿਛਲੇ ਵੀਕ ਜਦੋਂ ਦੀ ਉਸ ਦੀ ਧੀ ਹਰਪਿੰਦਰ ਦੂਜੇ ਸੂਬੇ ਵਿਚੋਂ ਆਪਣੀ ਪੰਜਾਂ ਕੁ ਸਾਲਾਂ ਦੀ ਧੀਅ ਮੋਨਿਕਾ ਨਾਲ ਮਿਲਣ ਆਈ ਸੀ ਜੈਮਲ ਸਿੰਘ ਫਿਰ ਟਹਿਕ ਪਿਆ ਸੀ। ਪਿੰਦਰ ਨਾਲ ਉਹ ਸਾਰਾ ਦਿਨ ਦੁੱਖ-ਸੁੱਖ ਕਰਦਾ ਰਹਿੰਦਾ ਜਾਂ ਫਿਰ ਘੜੀ-ਪਲ ਮੋਨਿਕਾ ਨਾਲ ਖੇਡ ਲੈਂਦਾ। ਅੱਜ ਰਾਤ ਦੀ ਫਲਾਈਟ ਤੇ ਪਿੰਦਰ ਨੇ ਵਾਪਸ ਮੁੜ ਜਾਣਾ ਸੀ। ਪਿੰਦਰ ਦੇ ਜਾਣ ਦੀ ਗੱਲ ਨਾਲੋਂ ਜਾਣ ਲੱਗੀ ਨੂੰ ਕੀ ਦੇਵੇਗਾ ਦੀ ਗੱਲ ਉਸਨੂੰ ਜ਼ਿਆਦਾ ਉਦਾਸ ਕਰ ਰਹੀ ਸੀ। ਉਸ ਦੀ ਜੇਬ ਵਿਚ ਤਾਂ ਇਕ ਪੰਜ ਡਾਲਰ ਦਾ ਨੋਟ ਸੀ ਤੇ ਇਹ ਪੰਜ ਡਾਲਰ ਦਾ ਨੋਟ ਉਸਦੇ ਕਦੇ ਵੀ ਵੇਲੇ ਕੁਵੇਲੇ ਕੰਮ ਆ ਸਕਦਾ ਸੀ। ਇਸ ਨੂੰ ਉਸਨੇ ਪਿਛਲੇ ਚਾਰ ਮਹੀਨਿਆਂ ਤੋਂ 'ਵੇਲੇ-ਕੁਵੇਲੇ ਕੰਮ ਆਊਗਾ' ਸੋਚ ਕੇ ਸਾਂਭ ਕੇ ਅੰਦਰਲੀ ਜੇਬ ਵਿਚ ਰੱਖਿਆ ਹੋਇਆ ਸੀ। ਕੰਮ-ਧੰਦਾ ਕਰਨ ਦੀ ਉਸ ਦੀ ਉਮਰ ਨਹੀਂ ਸੀ ਉਂਞ ਵੀ ਲਵੀ ਛੋਟਾ ਹੋਣ ਕਰਕੇ ਉਸ ਦੀ ਸੰਭਾਲ ਲਈ ਕਿਸੇ ਦੇ ਘਰ ਰਹਿਣ ਦੀ ਵੀ ਤਾਂ ਜ਼ਰੂਰਤ ਸੀ ਤੇ ਇਹ ਕੰਮ ਜੈਮਲ ਸਿੰਘ ਦੇ ਸਪੁਰਦ ਸੀ। ਫਿਰ ਡਾਲਰ ਜੇਬ ਵਿਚ ਆਉਂਦੇ ਵੀ ਕਿੱਥੋਂ ? ਜਾਂ ਡਾਲਰ ਉਸਨੇ ਕਰਨੇ ਵੀ ਕੀ ਸੀ? ਜੱਦੋਂ ਉਸਨੇ ਇਕ ਦਿਨ ਆਪਣੇ ਪੁੱਤਰ ਗੁਰਮੇਲ ਨੂੰ ਪੁੱਛਿਆ ਸੀ ਕਿ ਉਸਨੂੰ ਦਸ-ਵੀਹ ਡਾਲਰ ਹੀ ਦੇ ਦੇਵੇ। ਬਾਹਰ-ਅੰਦਰ ਗਿਆਂ ਤੋਂ ਪਾਂਜਾ-ਸਾਤਾ ਜੇਬ ਵਿਚ ਚੰਗਾ ਰਹਿੰਦਾ ਹੈ। ਗੁਰਮੇਲ ਦਾ ਜਵਾਬ ਸੀ, 'ਬਾਪੂ ਤੂੰ ਕਿਹੜਾ ਬਲਦ ਖ਼੍ਰੀਦਣ ਜਾਣੈਂ, ਤੈਨੂੰ ਘਰ ਬੈਠੇ ਨੂੰ ਰੋਟੀ-ਟੁੱਕ ਮਿਲ ਜਾਂਦੈ।' ਉਸ ਤੋਂ ਬਾਅਦ ਉਸਨੇ ਕੁਝ ਮੰਗਿਆ ਹੀ ਨਾਂ। ਜਿਹੜਾ ਪੰਜ ਡਾਲਰ ਦਾ ਇਕ ਨੋਟ ਸੀ ਉਸਨੂੰ ਅੰਦਰਲੀ ਜੇਬ ਵਿਚ ਪਏ ਨੂੰ ਬਾਹਰ ਜਾਣ ਲੱਗਾ ਦੇਖ ਲੈਂਦਾ। 'ਕੀ ਜਾਣੀਏ ਕਦੋਂ ਕੋਈ ਲੋੜ ਪੈ ਜਾਵੇ। ਕਦੇ ਬੱਸ-ਬੁੱਸ ਈ ਫੜਨੀਂ ਪੈ ਜਾਂਦੀ ਐ।' ਪਰ ਉਸਨੇ ਕਦੇ ਬੱਸ ਫੜੀ ਨਹੀਂ ਸੀ। ਘਰ ਦੇ ਨੇੜੇ ਜਿਹੜਾ ਪਾਰਕ ਸੀ ਉੱਥੋਂ ਹੀ ਮੁੜ ਆਉਂਦਾ। ਇਸਨੂੰ ਵੀ ਉਹ ਚੰਗੀ ਕਿਸਮਤ ਹੀ ਸਮਝਦਾ ਕਿ ਉਸ ਪਾਰਕ ਵਿਚ ਉਸਨੂੰ 'ਆਪਣੇ' ਹੋਰ ਬਜ਼ੁਰਗ ਮਿਲ ਜਾਂਦੇ ਹਨ। ਕਈ ਵਾਰ ਉਸਦੇ ਪਾਰਕ ਵਾਲੇ ਬਜ਼ੁਰਗ ਸਾਥੀ ਕਿਤੇ ਕਬੱਡੀ ਦੀ ਖੇਡ ਹੋਣੀਂ ਜਾਂ ਕਿਸੇ ਗੁਰਦੁਵਾਰੇ ਕੋਈ ਕਿਸੇ ਕਿਸਮ ਦਾ ਇਕੱਠ ਹੋਣਾਂ ਉਥੇ ਜਾਣ ਦੀ ਸਲਾਹ ਕਰ ਲੈਂਦੇ ਪਰ ਉਹ ਕੋਈ ਬਹਾਨਾ ਮਾਰ ਕੇ ਘਰ ਨੂੰ ਖਿਸਕ ਆਉਂਦਾ। 'ਇਹ ਤਾਂ ਪੁਰਾਣੇ ਆਏ ਆ ਇਨ੍ਹਾ ਨੂੰ ਗੌਰਮਿੰਟ ਦੇ ਘਰੋਂ ਪੈਨਸ਼ਨ ਆਉਂਦੀ ਐ। ਮੈਨੂੰ ਕਿਥੋਂ ਬੀਟੇ ਆਉਣੇ ਐਂ", ਉਹ ਸੋਚ ਛੱਡਦਾ ਅਤੇ ਉਸਦਾ ਇਹ ਪੰਜ ਡਾਲਰ ਦਾ ਨੋਟ ਕਿਸੇ ਵੇਲੇ-ਕੁਵੇਲੇ ਲਈ ਸੁਰੱਖਿਅਤ ਰਹਿੰਦਾ। ਲਵੀ ਹਾਲੇ ਸੀ ਹੀ ਡੇਢ ਕੁ ਸਾਲ ਦਾ, ਉਸਨੇ ਕਿੱਥੋਂ ਜੈਮਲ ਸਿੰਘ ਦੀ ਜੇਬ ਤੇ ਹਮਲਾ ਕਰਨਾਂ ਸੀ ? ਤੇ ਜੈਮਲ ਸਿੰਘ ਦਾ ਇਹ ਇਕਲੌਤਾ ਪੰਜ ਡਾਲਰ ਦਾ ਨੋਟ ਪਿਛਲੇ ਚਾਰ ਮਹੀਨਿਆਂ ਤੋਂ ਸੁਰੱਖਿਅਤ ਤੁਰਿਆ ਆਉਂਦਾ ਸੀ।

ਤੇ ਅੱਜ ਹਰਪਿੰਦਰ ਨੇ ਵਾਪਸ ਮੁੜ ਜਾਣਾ ਸੀ। ਜਾਣ ਲੱਗੀ ਧੀ ਦਾ ਸਿਰ ਵੀ ਤਾਂ ਪਲੋਸਣਾ ਸੀ। ਉਸਦੀ ਇਹੀ ਧੀਅ ਪਿਛਲੇ ਸਾਲ ਜਦੋਂ ਇੰਡੀਆ ਮਿਲਣ ਗਈ ਸੀ, ਜੈਮਲ ਸਿੰਘ ਨੇ ਪਹਿਲੀ ਚੋਣੀ ਦੀ ਸਾਰੀ ਕਪਾਹ ਮੰਡੀ ਵੇਚ ਆਂਦੀ ਸੀ ਕਿਤੇ ਕੁੜੀ ਨੂੰ ਕੋਈ ਤਕਲੀਫ ਨਾਂ ਹੋਵੇ। ਜਿੱਥੇ ਵੀ ਕਿਤੇ ਥੋੜਾ ਬਹੁਤ ਅੰਦਰ-ਬਾਹਰ ਜਾਣਾ ਹੁੰਦਾ ਉਹ ਕਿਰਾਏ ਤੇ ਕਾਰ ਕਰ ਲੈਂਦੇ। ਦੋਹਤੀ ਮੋਨਿਕਾ ਨੂੰ ਉਹ ਆਪਣੇ ਬਜ਼ੁਰਗ ਮੋਢਿਆਂ ਉਪਰ ਚੁੱਕੀ ਫਿਰਦਾ। ਉਸਨੇ ਕਿਸੇ ਚੀਜ਼ ਵੱਲ ਉਂਗਲ ਕੀਤੀ ਨਹੀਂ, ਤੇ ਝੱਟ ਹਾਜ਼ਰ। ਵਾਪਸ ਜਾਣ ਲੱਗੀ ਪਿੰਦਰ ਦੇ ਅਟੈਚੀ ਵੀ ਤਾਂ ਪੂਰੇ ਭਰ ਦਿੱਤੇ ਸਨ। ਧੀ ਨਵੇਂ ਫੈਸ਼ਨ ਦੇ ਕੱਪੜੇ-ਲੱਤੇ ਦੀ ਖ਼੍ਰੀਦ ਕਰਦੀ ਰਹਿੰਦੀ ਪਿਉ ਉਸਨੂੰ ਉਸਦਾ ਪਰਸ ਖੋਲਣ ਹੀ ਨਾਂ ਦਿੰਦਾ। ਤੇ ਅੱਜ ਵੀ ਉਸਦੀ ਧੀ ਨੇ ਉਸਦੇ ਘਰੋਂ ਵਿਦਾ ਹੋਣਾ ਸੀ, ਪੁੱਤਰ ਦਾ ਘਰ ਵੀ ਤਾਂ ਉਸਦਾ ਆਪਣਾ ਹੀ ਘਰ ਸੀ, ਪਰ ਉਸਦੀ ਜੇਬ ਵਿਚ ਤਾਂ ਸਿਰਫ ਪੰਜ ਡਾਲਰ ਦਾ ਇਕ ਨੋਟ ਸੀ। ਆਉਣ ਲੱਗੀ ਪਿੰਦਰ ਸਾਰੇ ਪਰਿਵਾਰ ਵਾਸਤੇ ਕੁੱਝ ਨਾਂ ਕੁੱਝ ਲੈ ਕੇ ਵੀ ਤਾਂ ਆਈ ਸੀ, ਗੁਰਮੇਲ ਵਾਸਤੇ, ਗੁਰਮੇਲ ਦੀ ਘਰਵਾਲੀ ਵਾਸਤੇ, ਲਵੀ ਵਾਸਤੇ ਅਤੇ ਜੈਮਲ ਸਿੰਘ

ਵਾਸਤੇ ਵੀ ਤਾਂ ਕਮੀਜ਼ ਲੈ ਕੇ ਆਈ ਸੀ। ਇਹਨਾਂ ਗਿਣਤੀਆਂ-ਮਿਣਤੀਆਂ ਜਿਹੀਆਂ 'ਚ ਪਿਆ ਉਹ. ਹੋਰ ਉਦਾਸ ਹੋਈ ਜਾਂਦਾ ਸੀ। ਬਿੰਦੇ-ਝੱਟੇ ਉਹ ਆਪਣੀ ਜੇਬ ਵਿਚਲਾ ਨੋਟ ਟੋਹ ਕੇ ਦੇਖ ਲੈਂਦਾ। ਇਸਦੀ ਉਸਨੂੰ ਕਦੇ ਵੀ ਜ਼ਰੂਰਤ ਪੈ ਸਕਦੀ ਸੀ। ਜੇਬ 'ਚ ਪਾਂਜਾ-ਸਾਤਾ ਤਾਂ ਚਾਹੀਦਾ ਹੀ ਹੈ। ਗੁਰਮੇਲ ਵੀ ਤਾਂ ਐਨਾਂ ਸੱਲਗ ਨਹੀਂ ਸੀ ਕਿ ਆਖ ਦਿੰਦਾ, 'ਬਾਪੂ ਆਹ ਫੜ ਚਾਰ ਛਿੱਲੜ ਤੇ ਧੀਅ ਦਾ ਸਿਰ ਪਲੋਸ ਦੇਂ'। ਜਿਸ ਦਿਨ ਉਸਦੇ ਚਾਚੇ ਦੀ ਧੀ ਨੇ ਮਿਲਣ ਆਉਣਾ ਸੀ ਉਸਨੇ ਗੁਰਮੇਲ ਤੋਂ ਡਾਲਰ ਮੰਗੇ ਸਨ ਤਾਂ ਗੁਰਮੇਲ ਹਿਰਖ਼ ਕੇ ਬੋਲਿਆ ਸੀ, 'ਬਾਪੂ ਤੂੰ ਬਹੁਤਾ ਲੈਣ-ਦੇਣ ਦਾ ਫ਼ਿਕਰ ਨਾ ਕਰਿਆ ਕਰ। ਸਾਡੇ ਐਥੋਂ ਦੇ ਜਿਹੜੇ ਹਿਸਾਬ-ਕਿਤਾਬ ਨੇ ਅਸੀਂ ਓਸੇ ਤਰ੍ਹਾਂ ਮਿਲ-ਵਰਤ ਲੈਨੇਂ ਆ'। ਤੇ ਉਸ ਦਿਨ ਉਸਦਾ ਵਾਪਸ ਮੁੜਦੀ ਛੋਟੀ ਭੈਣ ਦੇ ਸਿਰ ਤੇ ਪਿਆਰ ਦਿੰਦਾ ਖਾਲੀ ਹੱਥ ਕੰਬ ਗਿਆ ਸੀ। ਉਸ ਦੀਆਂ ਇਹ ਸੋਚਾਂ ਉਸ ਦੀ ਉਦਾਸੀ ਵਿਚ ਵਾਧਾ ਕਰ ਰਹੀਆਂ ਸਨ।

ਬਾਹਰ ਗਲੀ ਵਿਚ ਆਈਸ-ਕਰੀਮ ਵਾਲੇ ਟਰੱਕ ਦੀ ਆਵਾਜ਼ ਸੁਣ ਮੋਨਿਕਾ ਆਪਣੀ ਮੰਮੀ ਨੂੰ ਆਈਸ-ਕਰੀਮ ਲੈ ਕੇ ਦੇਣ ਬਾਰੇ ਆਖਣ ਲੱਗੀ ਪਰ ਹਰਪਿੰਦਰ ਨੇ ਉਸਨੂੰ ਝਿੜਕ ਦਿੱਤਾ ਫਿਰ ਮੋਨਿਕਾ ਨੂੰ ਜਿਵੇਂ ਕੁਝ ਯਾਦ ਆਇਆ ਹੋਵੇ, ਉਸਦਾ ਇੰਡੀਆ ਵਾਲਾ 'ਬਾਪੂ ਜੀ' ਤੇ ਉਹ ਝੱਟ ਲਿਵਿੰਗ ਰੂਮ ਵਿਚ ਬੈਠ ਜੈਮਲ ਸਿਓਂ ਦੇ ਦੁਆਲੇ ਹੋ ਗਈ, 'ਬਾਪੂ ਜੀ ਆਈਸ-ਕਰੀਮ, ਮਨੀ ਦਿਓ'। ਜੈਮਲ ਸਿਓਂ ਘੇਸਲ ਜਿਹੀ ਮਾਰ ਗਿਆ। ਪਰ ਮੋਨਿਕਾ ਜ਼ਿੱਦ ਪੈ ਗਈ। ਉਸ ਜੈਮਲ ਸਿਓਂ ਨੂੰ ਤੋਂ ਖਿੱਚ ਫਿਰ ਆਖਿਆ, 'ਬਾਪੂ ਜੀ, ਉਹ ਜਾਂਦੈ, ਮਨੀ ਦਿਓ ਮਨੀ'।

'ਮਨੀ ਦਿਓ, ਮਨੀ, ਬਾਪੂ ਰੀਅਲ ਸਟੇਟ ਲੱਗਿਐ ?' ਜੈਮਲ ਸਿਓਂ ਦੇ ਇਸ ਖਰਵੇ ਬੋਲ ਨਾਲ ਮੋਨਿਕਾ ਠੰਠਬਰ ਜਿਹੀ ਗਈ ਜਿਵੇਂ ਉਸਨੇ ਬਾਪੂ ਦੇ ਭੁਲੇਖੇ ਕਿਸੇ ਹੋਰ ਦੀ ਬਾਂਹ ਖਿੱਚ ਲਈ ਹੋਵੇ। ਜੈਮਲ ਸਿਓਂ ਨੂੰ ਆਪਣੇ ਰੁੱਖੇ ਬੋਲ ਤੇ ਹੈਰਾਨੀ ਜਿਹੀ ਹੋਈ। ਉਸਨੂੰ ਲੱਗਿਆ ਜਿਵੇਂ ਕਨੇਡਾ ਦੇ ਪਾਣੀ ਨੇ ਉਸਨੂੰ ਬਦਲ ਦਿੱਤਾ ਹੋਵੇ। ਇਸ ਤੋਂ ਪਹਿਲਾਂ ਕਿ ਮੋਨਿਕਾ ਦੇ ਟੇਰ੍ਹੇ ਬੁਲ੍ਹ ਰੋਣ ਵਿਚ ਬਦਲਦੇ ਜੈਮਲ ਸਿਓਂ ਨੇ ਆਪਣਾ ਪੰਜ ਡਾਲਰ ਦਾ ਇਕਲੌਤਾ ਨੋਟ ਮੋਨਿਕਾ ਨੂੰ ਦੇ ਦਿੱਤਾ।

☆☆☆☆☆☆☆☆☆☆
☆☆☆☆☆☆☆☆


**SIKANDER**
**HAIR STYLING (Unisex)**
**6605 Fraser St. Vancouver**
(ਫਰੇਜ਼ਰ ਅਤੇ 50 ਐਵੀਨਿਊ ਉੱਪਰ)

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

* Colour
* Perms
* Facials Threadings
* Eyebrows Arching
* Lightening



ਫੋਨ: 327-1483

ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ।

**MINT AUTO BODY**

AT NEW MORE CONVIENENT LOCATION

- Complete professional auto-body repairs and refinishing on all makes and models.
- Complete frame work. ○ Free estimates.
- All work conditionally guaranteed.
- I.C.B.C. claims handled promptly.
- Uni-body repairs • Courtesy cars.

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਓ।

**ਭੁਪਿੰਦਰ(ਬੌਬ)ਸਹੋਤਾ**

ਫੋਨ: **433-1207**

6957 Waltham Ave. Burnaby, V5J 4V4

**Sutton Group**
**Medallion Realty**
**#1-9200-120th St.**
**Surrey,B.C. V3V 4B7**

Sutton GROUP

ਜਦੋਂ ਵੀ ਤੁਸੀਂ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸੁਲਾਹ ਮਸ਼ਵਰੇ ਲਈ ਫੋਨ ਕਰੋ।



KULDIP GILL M.A.B.Ed.

Member of Fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion

Ph. 581-1211 Res. 590-8066

# ਕੈਨੇਡਾ ਦੇ ਰੈਜ਼ੀਡੈਂਸ਼ਿਅਲ ਸਕੂਲ

## ਚੀਫ ਬੇਵ ਸੈਲਰਜ਼

(ਜਿਥੇ ਜਿਥੇ ਵੀ ਯੂਰਪੀਅਨ ਲੋਕ ਗਏ ਇਹਨਾਂ ਨੇ ਜੇਤੂ ਹਮਲਾਆਵਰਾਂ ਦੀ ਤਰ੍ਹਾਂ ਹਾਰੇ ਹੋਏ ਲੋਕਾਂ ਨੂੰ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕੀਤੀ। ਜਿਹੜੇ ਲੋਕ ਇਹਨਾਂ ਅਧੀਨ ਹੋਣੋ ਇਨਕਾਰੀ ਹੋਏ ਉਹਨਾਂ ਤੇ ਹਰ ਕਿਸਮ ਦੇ ਢੰਗ ਤਰੀਕੇ ਵਰਤੇ ਗਏ ਤੇ ਜੇ ਕੁਝ ਵੀ ਕੰਮ ਨਾ ਆਇਆ ਤਾਂ ਪੂਰੇ ਦੇ ਪੂਰੇ ਕਬੀਲਿਆਂ, ਨਸਲਾਂ ਨੂੰ ਖਤਮ ਤੱਕ ਕਰ ਦਿੱਤਾ। ਉਤਰੀ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਵੀ ਕਾਬੂ ਕਰਨ ਵਿਚ ਇਹਨਾਂ ਨੂੰ ਬੇਹੱਦ ਮੁਸ਼ਕਲਾਂ ਆਈਆਂ। ਇਹਨਾਂ ਦੀ ਲੋੜ ਤਾਂ ਸੀ ਕਿ ਜਿੱਤੇ ਹੋਏ ਲੋਕਾਂ ਨੂੰ ਗੁਲਾਮ ਬਣਾ ਕੇ ਉਹਨਾਂ ਕੋਲੋਂ ਕੰਮ ਕਰਾ ਸਕਦੇ ਪਰ ਉਹ ਇਸ ਗੱਲ ਵਿਚ ਕਾਮਯਾਬ ਨਹੀਂ ਹੋਏ ਤੇ ਏਸ ਮਕਸਦ ਲਈ ਉਹਨਾਂ ਨੂੰ ਅਫਰੀਕਾ ਤੇ ਫੇਰ ਏਸ਼ੀਆ ਵਿਚੋਂ ਗੁਲਾਮ ਲਿਆਉਣੇ ਪਏ। ਇਥੋਂ ਦੇ ਮੂਲ ਨਿਵਾਸੀਆਂ ਨੂੰ ਖਤਮ ਕਰਨ ਦੀ ਇਹਨਾਂ ਪੂਰੀ ਟਿੱਲ ਲਾਈ ਤੇ ਇਤਿਹਾਸ ਗਵਾਹ ਹੈ ਕਿ ਮੂਲ ਨਿਵਾਸੀਆਂ ਦੀ ਵਸੋਂ ਦਾ ਵੱਡਾ ਹਿੱਸਾ ਖਤਮ ਕਰ ਦਿੱਤਾ ਗਿਆ। ਮੂਲ ਨਿਵਾਸੀਆਂ ਨੂੰ ਕਾਬੂ ਕਰਨ ਦੇ ਜਦ ਸਾਰੇ ਤਰੀਕੇ ਫੇਲ ਹੋ ਗਏ ਤਾਂ ਉਹਨਾਂ ਨੂੰ ਕੁਝ ਜ਼ਮੀਨਾਂ ਦੇ ਕੇ ਉਹਨਾਂ ਵਿਚ ਕੈਦ ਕਰ ਦਿੱਤਾ ਗਿਆ। ਇਹਨਾਂ ਥਾਂਵਾਂ ਨੂੰ 'ਇੰਡੀਅਨ ਰੀਜ਼ਰਵ' ਦਾ ਨਾਂ ਦੇ ਦਿੱਤਾ ਗਿਆ। ਪਰ ਇਹਨਾਂ ਪ੍ਰਤੀ ਰਵੱਈਆ ਇਹੀ ਰਿਹਾ ਕਿ ਇਹ ਲੋਕ ਅਸੱਭਿਆ ਹਨ ਤੇ ਇਹਨਾਂ ਨੂੰ ਸੱਭਿਅਕ ਬਣਾਉਣਾ ਯੂਰਪੀਅਨਾਂ ਦਾ ਫ਼ਰਜ਼ ਹੈ। ਇਸ ਆਸ਼ੇ ਨਾਲ ਇਹ ਕੋਸ਼ਿਸ਼ ਕੀਤੀ ਗਈ ਕਿ ਇਹਨਾਂ ਲੋਕਾਂ ਦੀ ਉਲਾਦ ਨੂੰ ਯੂਰਪੀਅਨ ਵਿਦਿਆ ਦੇ ਨਾਲ ਨਾਲ ਇਹਨਾਂ ਦੇ ਸਭਿਆਚਾਰ ਨਾਲੋਂ ਸਦਾ ਲਈ ਤੋੜਿਆ ਜਾਵੇ। ਇਸ ਮੰਤਵ ਨੂੰ ਪੂਰਾ ਕਰਨ ਲਈ ਅਮਰੀਕਾ ਅਤੇ ਕੈਨੇਡਾ ਵਿਚ ਰੈਜ਼ੀਡੈਂਸ਼ਿਅਲ ਸਕੂਲ ਸਥਾਪਤ ਕੀਤੇ ਗਏ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਸ ਕੰਮ ਵਿਚ ਸਰਕਾਰ ਤੇ ਚਰਚ ਬਰਾਬਰ ਦੇ ਭਾਈਵਾਲ ਬਣੇ। ਯੂਰਪੀਅਨ ਹਮਲਾ ਆਵਰਾਂ ਨੇ ਜਿੱਤੇ ਹੋਏ ਲੋਕਾਂ ਨੂੰ ਕਾਬੂ ਕਰਨ ਲਈ ਆਪਣੇ ਧਰਮ ਨੂੰ ਪੈਰ ਪੈਰ ਤੇ ਵਰਤਿਆ ਹੈ। ਸੋ ਇਥੇ ਵੀ ਇਹ ਤਰੀਕਾ ਅਪਣਾਇਆ ਗਿਆ। ਇਸ ਕਿਸਮ ਦੇ ਇਕ ਰੈਜ਼ੀਡੈਂਸ਼ਿਅਲ ਸਕੂਲ ਵਿਚ ਰਹਿ ਚੁੱਕੀ ਬੀ ਸੀ ਦੀ ਇਕ ਮੂਲ ਨਿਵਾਸੀ ਔਰਤ ਬੇਵ ਸੈਲਰਜ਼ ਜੋ ਹੁਣ ਆਪਣੇ ਕਬੀਲੇ ਦੀ ਸਰਦਾਰ ਹੈ, ਦਾ ਵੈਨਕੂਵਰ ਹੋਈ ਇਕ ਕਾਨਫਰੰਸ 'ਇਨਜਸਟਿਸ ਇਨ ਕੈਨੇਡਾ' ਵਿਚ ਦਿੱਤਾ ਭਾਸ਼ਣ ਅਸੀਂ ਆਪਣੇ ਪਾਠਕਾਂ ਲਈ ਅਨੁਵਾਦ ਕਰ ਕੇ ਦੇ ਰਹੇ ਹਾਂ।

ਇਹ ਲੇਖ ਦੇਣ ਦਾ ਸਾਡਾ ਕਾਰਨ ਸਿਰਫ ਰੈਜ਼ੀਡੈਂਸ਼ਿਅਲ ਸਕੂਲਾਂ ਬਾਰੇ ਜਾਣਕਾਰੀ ਦੇਣਾ ਹੀ ਨਹੀਂ ਹੈ। ਸਾਡਾ ਵਿਚਾਰ ਹੈ ਕਿ ਕੈਨੇਡਾ ਵਿਚ ਵਸੇ ਪੰਜਾਬੀ ਆਵਾਸੀ ਇਥੋਂ ਦੇ ਮੂਲ ਨਿਵਾਸੀ ਲੋਕਾਂ ਬਾਰੇ ਬਹੁਤਾ ਕੁਝ ਨਹੀਂ ਜਾਣਦੇ ਅਤੇ ਜੋ ਜਾਣਦੇ ਹਨ ਉਹ ਏਨਾ ਸਹੀ ਤੇ ਯਕੀਨ ਯੋਗ ਨਹੀਂ ਹੈ। ਬਹੁਤੇ ਪੰਜਾਬੀਆਂ ਦੀਆਂ ਨਜ਼ਰਾਂ ਵਿਚ ਬਹੁਤੇ ਮੂਲ ਨਿਵਾਸੀ ਸ਼ਰਾਬੀ, ਨਿਕੰਮੇ, ਲੜਾਈ ਝਗੜਾ ਕਰਨ ਵਾਲੇ ਲੋਕ ਹਨ। ਮੂਲ ਨਿਵਾਸੀਆਂ ਦੀ ਸਾਡੇ ਮਨਾਂ ਵਿਚ ਬਣੀ ਇਸ ਕਿਸਮ ਦੀ ਤਸਵੀਰ ਦੀ ਜਾਣਕਾਰੀ ਸਾਨੂੰ ਦੋ ਮੁੱਖ ਸੋਮਿਆਂ ਤੋਂ ਮਿਲੀ ਹੈ। ਪਹਿਲਾ ਸੋਮਾ ਤਾਂ ਮੀਡੀਆ ਹੈ ਜੋ ਹਮੇਸ਼ਾਂ ਗੋਰਿਆਂ ਦੇ ਕੰਟਰੋਲ ਥੱਲੇ ਰਿਹਾ ਹੈ। ਮੀਡੀਏ ਵਿਚ ਉਹ ਦੂਜਿਆਂ ਦਾ ਉਹੀ ਇਮੇਜ ਪੇਸ਼ ਕਰਦੇ ਹਨ ਜੋ ਉਹਨਾਂ ਲਈ ਮੁਨਾਸਬ ਹੈ। ਇਹੀ ਕਾਰਨ ਹੈ ਕਿ ਜਦੋਂ ਦੇ ਯੂਰਪੀਅਨ ਲੋਕ ਦੁਨੀਆਂ ਦੇ ਦੂਜੇ ਲੋਕਾਂ ਦੇ ਸੰਪਰਕ ਵਿਚ ਆਏ ਹਨ ਇਹਨਾਂ ਨੇ ਹਮੇਸ਼ਾਂ ਦੂਜਿਆਂ ਨੂੰ ਜੰਗਲੀ, ਅਸੱਭਿਅਕ ਤੇ ਹਿੰਸਕ ਬਣਾ ਕੇ ਪੇਸ਼ ਕੀਤਾ ਹੈ। ਅਸੀਂ ਜਦੋਂ ਆਮ ਸੋਚਦੇ ਹਾਂ ਤਾਂ ਸਾਨੂੰ ਲੱਗਦਾ ਹੈ ਕਿ ਦੁਨੀਆਂ ਦੇ ਗੈਰ-ਚਿੱਟੇ ਲੋਕ ਚਿੱਟੇ ਲੋਕਾਂ ਦੇ ਮੁਕਾਬਲੇ ਕਿਤੇ ਵੱਧ ਹਿੰਸਕ ਤੇ ਵਹਿਸ਼ੀ ਹਨ ਜਦ ਕਿ ਅਸਲੀਅਤ ਸ਼ਾਇਦ ਇਸ ਤੋਂ ਬਿਲਕੁਲ ਉਲਟੀ ਹੋਵੇ। ਹੁਣ ਵੀ ਜਦੋਂ ਦੱਖਣੀ ਅਫਰੀਕਾ ਵਿਚ ਕਾਲੇ ਆਪਸ ਵਿਚ ਲੜਦੇ ਹਨ ਤਾਂ ਉਹਨਾਂ ਨੂੰ ਮੀਡੀਏ ਵਿਚ ਇਕ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਤੇ ਜਦੋਂ ਯੁਗੋਸਲਾਵੀਆ ਵਿਚ ਗੋਰੇ ਆਪਸ ਵਿਚ ਲੜਦੇ ਹਨ ਤਾਂ ਉਹਨਾਂ ਨੂੰ ਮੀਡੀਏ ਵਿਚ ਇਕ ਵੱਖਰੇ ਤਰੀਕੇ ਨਾਲ ਪੇਸ਼ ਕੀਤਾ ਜਾਂਦਾ ਹੈ ਤੇ ਦੇਖਣ ਵਾਲੇ ਦੇ ਮਨ ਵਿਚ ਜਿਥੇ ਕਾਲਿਆਂ ਪ੍ਰਤੀ ਨਫਰਤ ਪੈਦਾ ਹੁੰਦੀ ਹੈ ਉਥੇ ਗੋਰਿਆਂ ਪ੍ਰਤੀ ਉਸ ਕਿਸਮ ਦੇ ਅਹਿਸਾਸ ਪੈਦਾ ਨਹੀਂ ਹੁੰਦੇ। ਕਹਿਣ ਤੋਂ ਭਾਵ ਜੋ ਕੁਝ ਸਾਨੂੰ ਮੀਡੀਏ ਰਾਹੀਂ ਪਤਾ ਲੱਗਦਾ ਹੈ ਉਹ ਸਹੀ ਤਸਵੀਰ ਨਹੀਂ ਹੁੰਦੀ।

ਮੂਲ ਨਿਵਾਸੀਆਂ ਬਾਰੇ ਸਾਡਾ ਦੂਜਾ ਸੋਮਾ ਮਿੱਲਾਂ ਫਾਰਮਾਂ ਵਿਚ ਕੰਮ ਕਰਦਿਆਂ ਉਹਨਾਂ ਨਾਲ ਪਿਆ ਸਿੱਧਾ ਵਾਹ ਹੈ ਜਾਂ ਜੋ ਅਸੀਂ ਵੈਨਕੂਵਰ ਦੇ ਹੇਸਟਿੰਗ-ਮੇਨ ਵਰਗੀਆਂ ਥਾਵਾਂ ਤੇ ਦੇਖਿਆ ਹੈ। ਅਸੀਂ ਉਹਨਾਂ ਨੂੰ ਸ਼ਰਾਬੀ, ਨਿਕੰਮੇ, ਲੜਾਈ ਝਗੜਾ ਕਰਨ ਵਾਲੇ ਤੇ ਉਹਨਾਂ ਦੀਆਂ ਔਰਤਾਂ ਨੂੰ ਘਟੀਆ ਤੇ ਕਾਮਿਕ ਤ੍ਰਿਪਤੀ ਲਈ ਸਸਤੀਆਂ ਵਸਤਾਂ ਸਮਝਦੇ ਰਹੇ ਹਾਂ। ਅਸੀਂ ਉਹਨਾਂ ਦੀ ਇਸ ਤਸਵੀਰ ਨੂੰ ਹੀ ਸਮੁੱਚੀ ਤਸਵੀਰ ਮੰਨਣ ਦੀ ਗਲਤੀ ਕੀਤੀ ਹੈ। ਤੇ ਨਾਲ ਹੀ ਅਸੀਂ ਇਹ ਵੀ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹਨਾਂ ਦਾ ਇਸ ਕਿਸਮ ਦਾ ਵਰਤਾ ਕਿਉਂ ਹੈ? ਇਸ ਲੇਖ ਵਿਚ ਚੀਫ ਸੈਲਰਜ਼ ਇਸ ਦੇ ਕੁਝ ਕਾਰਨਾਂ ਬਾਰੇ ਸਾਨੂੰ ਦੱਸਦੀ ਹੈ। ਨਾਲ ਹੀ ਦੱਸਦੀ ਹੈ ਕਿ ਕਿਵੇਂ ਮੂਲ ਨਿਵਾਸੀ ਹੁਣ ਆਪਣੀ ਤਕਦੀਰ ਬਦਲਣ ਲਈ ਕੀ ਕੀ ਕਰ ਰਹੇ ਹਨ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਲੇਖ ਮੂਲ ਨਿਵਾਸੀਆਂ ਪ੍ਰਤੀ ਸਾਡੀ ਜਾਣਕਾਰੀ ਵਿਚ ਗੁਣਾਤਮਕ ਵਾਧਾ ਕਰੇਗਾ। ਅਸੀਂ ਅਗਾਂਹ ਤੋਂ ਵੀ ਕੋਸ਼ਿਸ਼ ਕਰਾਂਗੇ ਕਿ ਇਸ ਕਿਸਮ ਦੇ ਹੋਰ ਲੇਖ ਅਸੀਂ ਛਾਪ ਸਕੀਏ ਕਿਉਂਕਿ ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਉਹਨਾਂ ਲੋਕਾਂ ਬਾਰੇ ਸਹੀ ਸਹੀ ਜਾਣੀਏ ਜਿਹਨਾਂ ਨਾਲ ਸਾਡੇ ਵਾਂਗ ਹੀ ਵਧੀਕੀਆਂ ਹੋਈਆਂ ਹਨ। ਆਪਣੇ ਵਰਗੇ ਲੋਕਾਂ ਨਾਲ ਸਾਂਝ ਪਾ ਕੇ ਅਸੀਂ ਓਪਰੇ ਤੇ ਇਕੱਲੇ ਨਹੀਂ ਮਹਿਸੂਸ ਕਰਾਂਗੇ। ਨਾਲ ਹੀ ਅਸੀਂ ਪਾਠਕਾਂ ਨੂੰ ਸੱਦਾ ਦਿੰਦੇ ਹਾਂ ਕਿ ਜੇ ਉਹ ਕਿਸੇ ਤਰ੍ਹਾਂ ਮੂਲ ਨਿਵਾਸੀਆਂ ਬਾਰੇ ਜਾਂ ਸਾਡੇ ਵਾਂਗ ਹੋਰ ਘੱਟ ਗਿਣਤੀ ਲੋਕਾਂ ਬਾਰੇ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਵਿਚ ਮਦਦ ਕਰਨੀ ਚਾਹੁਣ ਤਾਂ ਵਤਨ ਦੇ ਸਫੇ ਉਹਨਾਂ ਲਈ ਹਾਜ਼ਰ ਹਨ। ਇਸ ਸੰਬੰਧੀ ਉਹ ਆਪਣੇ ਵਿਚਾਰ, ਲੇਖ, ਅਨੁਵਾਦ ਆਦਿ ਭੇਜਣ ਤਾਂ ਅਸੀਂ ਵਤਨ ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। - ਸੰਪਾਦਕ)



ਮੈਂ ਰੈਜ਼ੀਡੈਂਸ਼ਿਅਲ ਸਕੂਲਾਂ ਦੇ ਸੰਖੇਪ ਇਤਿਹਾਸ ਨਾਲ ਗੱਲ ਸ਼ੁਰੂ ਕਰਾਂਗੀ।

ਬ੍ਰਿਟਿਸ਼ ਨਾਰਥ ਅਮਰੀਕਾ ਐਕਟ ਆਫ 1867 ਅਨੁਸਾਰ 'ਇੰਡੀਅਨਾਂ ਅਤੇ ਇੰਡੀਅਨਾਂ ਦੀਆਂ ਜ਼ਮੀਨਾਂ' ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੇਂਦਰੀ ਸਰਕਾਰ ਨੂੰ ਸੌਂਪੀ ਗਈ ਸੀ, ਜਿਸ ਵਿਚ ਇੰਡੀਅਨ ਬੱਚਿਆਂ ਦੀ ਯੂਰਪੀ ਢੰਗ ਨਾਲ ਵਿਦਿਆ ਵੀ ਸ਼ਾਮਲ ਸੀ। ਸਰਕਾਰ ਦੀਆਂ ਨਜ਼ਰਾਂ ਵਿਚ ਇੰਡੀਅਨ ਬੱਚਿਆਂ ਦੀ ਵਿਦਿਆ ਦੀਆਂ ਜ਼ਰੂਰਤਾਂ ਦੂਜਿਆਂ ਬੱਚਿਆਂ ਨਾਲੋਂ ਵੱਖਰੀਆਂ ਸਨ। ਯੂਰਪੀਅਨ ਸਮਾਜ ਦੀਆਂ ਨਜ਼ਰਾਂ ਵਿਚ ਇੰਡੀਅਨ ਬੱਚਿਆਂ ਦੀ ਵਿਦਿਆ ਇਕ ਹਥਿਆਰ ਸੀ ਜਿਸ

ਨਾਲ ਇੰਡੀਅਨ ਸਭਿਆਚਾਰਾਂ ਤੇ ਕਮਿਊਨਿਟੀਆਂ ਨੂੰ ਤੋੜ ਕੇ ਇੰਡੀਅਨਾਂ ਨੂੰ ਯੂਰਪੀਅਨ ਸਮਾਜ ਦੇ ਮੈਂਬਰ ਬਣਾਉਣਾ ਸੀ। ਇੰਡੀਅਨ ਰੈਜ਼ੀਡੈਂਸ਼ਿਅਲ ਸਕੂਲ ਕਨੇਡੀਅਨ ਸਰਕਾਰ ਦੀ ਪਾਲਿਸੀ ਨੂੰ ਲਾਗੂ ਕਰਨ ਲਈ ਵਿਉਂਤੇ ਗਏ ਸਨ। ਇਹ ਸਕੂਲ ਫੈਡਰਲ ਸਰਕਾਰ ਅਤੇ ਚਰਚ ਦੀ ਸਾਂਝੀ ਯੋਜਨਾ ਸੀ। ਸਰਕਾਰ ਨੇ ਇੰਡੀਅਨ ਬੱਚਿਆਂ ਦੀ ਵਿਦਿਆ ਦੀ ਜ਼ਿੰਮੇਵਾਰੀ ਦਾ ਅਗਾਂਹ ਚਰਚ ਨੂੰ 'ਠੇਕਾ' ਦੇ ਦਿੱਤਾ ਸੀ।

ਬਹੁਤ ਸਾਰੇ ਚਰਚਾਂ - ਮੁੱਖ ਤੌਰ ਤੇ ਕੈਥੋਲਿਕ, ਐਂਗਲੀਕਨ, ਪਰਿਸਬਾਇਟੇਰੀਅਨ ਅਤੇ ਮੈਥੋਡਿਸਟ - ਨੇ ਬੜੇ ਉਤਸ਼ਾਹ ਨਾਲ ਸਕੂਲਾਂ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਲੈ ਲਈ। ਇਹ ਚਰਚ ਨੇਟਿਵ ਲੋਕਾਂ ਨੂੰ ਸੱਭਿਆ ਬਣਾਉਣਾ ਆਪਣਾ ਫਰਜ ਸਮਝਦੇ ਸਨ ਕਿਉਂਕਿ ਉਹਨਾਂ ਦੀਆਂ ਨਜ਼ਰਾਂ ਵਿਚ ਇਹ ਲੋਕ ਅਸੱਭਿਆ ਤੇ ਵਹਿਸ਼ੀ ਸਨ। ਇਹ ਬੰਦੋਬਸਤ ਸਰਕਾਰ ਅਤੇ ਚਰਚ ਦੋਹਾਂ ਨੂੰ ਬੜਾ ਸੂਤ ਬੈਠਾ।

ਇੰਡੀਅਨ ਵਿਦਿਆ ਲਈ ਜੋ ਪਹਿਲਾਂ ਸਕੂਲ ਸਥਾਪਤ ਕੀਤੇ ਗਏ ਸਨ ਉਹ ਦਿਨ ਵੇਲੇ ਦੇ ਸਕੂਲ ਸਨ। ਇਹ ਸਕੂਲ ਪਹਿਲਾਂ ਓਨਟੇਰੀਓ ਅਤੇ ਕਿਊਬਿਕ ਵਿਚ ਇੰਡੀਅਨ ਬਸਤੀਆਂ ਜਾਂ ਰੀਜ਼ਰਬਾਂ ਦੇ ਕੋਲ ਸਥਾਪਤ ਕੀਤੇ ਗਏ ਸਨ ਅਤੇ ਬਾਅਦ ਵਿਚ ਹੋਰ ਸੂਬਿਆਂ ਵਿਚ ਵੀ ਬਣਾਏ ਗਏ। ਪਰ ਸਰਕਾਰ ਦੇ ਚਰਚ ਨੂੰ ਇਸ ਗੱਲ ਦਾ ਛੇਤੀ (1870 ਵਿਚ) ਹੀ ਅਹਿਸਾਸ ਹੋ ਗਿਆ ਕਿ ਇਸ ਕਿਸਮ ਦੇ ਸਕੂਲਾਂ ਰਾਹੀਂ ਉਹ ਆਪਣੇ ਆਸ਼ਿਆਂ ਵਿਚ ਸਫਲਤਾ ਪ੍ਰਾਪਤ ਨਹੀਂ ਕਰ ਸਕਣਗੇ। ਇਸਦਾ ਇਕ ਕਾਰਨ ਇਹ ਵੀ ਸੀ ਕਿ ਨੇਟਿਵ ਲੋਕੀਂ ਸ਼ਿਕਾਰ ਤੇ ਮੱਛੀਆਂ ਦੀ ਭਾਲ ਵਿਚ ਸਾਲ ਦੀ ਬਦਲਦੀਆਂ ਰੁੱਤਾਂ ਵਿਚ ਆਪਣੇ ਟਿਕਾਣੇ ਬਦਲਦੇ ਰਹਿੰਦੇ ਸਨ। ਬੱਚਿਆਂ ਨੂੰ ਸੱਭਿਆ ਬਣਾਉਣ ਵਿਚ ਆ ਰਹੀ ਇਸ ਔਕੜ ਨੂੰ ਹੱਲ ਕਰਨ ਲਈ ਫੈਡਰਲ ਸਰਕਾਰ ਤੇ ਚਰਚਾਂ ਨੇ ਰਲ ਕੇ ਰੈਜ਼ੀਡੈਂਸ਼ਿਅਲ ਸਕੂਲ ਸਥਾਪਤ ਕੀਤੇ। ਸਕੂਲ ਆਮ ਤੌਰ ਤੇ ਨੇਟਿਵ ਕਮਿਊਨਿਟੀਆਂ ਤੋਂ ਕਾਫੀ ਦੂਰੀ ਤੇ ਬਣਾਏ ਜਾਂਦੇ ਸਨ ਤਾਂ ਕਿ ਬੱਚਿਆਂ ਅਤੇ ਮਾਪਿਆਂ ਵਿਚਕਾਰ ਕਿਸੇ ਕਿਸਮ ਦਾ ਵੀ ਸੰਪਰਕ ਨਾ ਰਹਿ ਸਕੇ ਅਤੇ ਬੱਚਿਆਂ ਨੂੰ ਉਹਨਾਂ ਦੇ ਸਭਿਆਚਾਰ ਬਾਰੇ ਵੀ ਕੋਈ ਸਿਖਿਆ ਨਾ ਦਿੱਤੀ ਜਾ ਸਕੇ।

ਕੈਨੇਡਾ ਵਿਚ ਇਸ ਕਿਸਮ ਦੇ ਤਕਰੀਬਨ ਅੱਸੀ ਸਕੂਲ ਸਨ ਜਿਹਨਾਂ ਵਿਚੋਂ ਬਹੁਤ ਸਾਰੇ ਹੁਣ ਬੰਦ ਹੋ ਚੁੱਕੇ ਹਨ। ਜਿਹੜੇ ਕੁਝ ਬਚਦੇ ਹਨ ਉਹ ਨੇਟਿਵ ਲੋਕਾਂ ਰਾਹੀਂ ਹੀ ਚਲਾਏ ਜਾਂਦੇ ਹਨ ਅਤੇ ਉਥੇ ਉਹ ਆਪਣੇ ਸਭਿਆਚਾਰ ਨੂੰ ਖਤਮ ਕਰਨ ਦੀ ਥਾਂ ਸਗੋਂ ਉਸ ਦੀ ਸਿੱਖਿਆ ਉਪਰ ਜ਼ੋਰ ਦਿੰਦੇ ਹਨ। ਜਿਹੜੇ ਰੈਜ਼ੀਡੈਂਸ਼ਿਅਲ ਸਕੂਲ ਵਿਚ ਮੈਂ ਗਈ ਸਾਂ ਉਹ ਗਿਆਰਾਂ ਸਾਲ ਪਹਿਲਾਂ ਹੀ ਬੰਦ ਹੋਇਆ ਹੈ ਅਤੇ ਉਹ ਰੋਮਨ ਕੈਥੋਲਿਕ ਚਰਚ ਦੁਆਰਾ ਚਲਾਇਆ ਜਾਂਦਾ ਸੀ।

ਸੋ... ਤੁਸੀਂ ਜਾਨਣਾ ਚਾਹੋਗੇ ਕਿ ਰੈਜ਼ੀਡੈਂਸ਼ੀਅਲ ਸਕੂਲ ਵਿਚ ਜ਼ਿੰਦਗੀ ਕਿਹੋ ਜਿਹੀ ਸੀ?

ਸਾਡੀ ਹਰ ਪੀੜੀ ਨੂੰ ਸਕੂਲ ਵਿਚ ਦਾਖਲ ਹੋਣ ਵੇਲੇ ਇਕੋ ਜਿਹੇ ਅਮਲ ਵਿਚ ਦੀ ਲੰਘਣਾ ਪੈਂਦਾ ਸੀ। ਤੁਹਾਡੇ ਵਾਲ ਕੱਟ ਦਿੱਤੇ ਜਾਂਦੇ ਸਨ, ਤੁਹਾਡੇ ਉਪਰ ਜੂੰਆਂ ਮਾਰਨ ਲਈ ਡੀ ਡੀ ਟੀ ਛਿੜਕੀ ਜਾਂਦੀ ਸੀ, ਤੁਹਾਨੂੰ ਇਕ ਨੰਬਰ ਦੇ ਦਿੱਤਾ ਜਾਂਦਾ ਸੀ ਜਿਹਦੇ ਨਾਲ ਤੁਹਾਨੂੰ ਤੇ ਤੁਹਾਡੇ ਸਾਮਾਨ ਨੂੰ ਪਛਾਣਿਆਂ ਜਾਂਦਾ ਸੀ, ਤੁਹਾਨੂੰ ਰੈਜ਼ੀਡੈਂਸ਼ਿਅਲ ਸਕੂਲ ਦੇ ਕਪੜੇ ਦੇ ਦਿੱਤੇ ਜਾਂਦੇ ਸਨ ਅਤੇ ਤੁਹਾਡੀ ਉਮਰ ਅਨੁਸਾਰ ਤੁਹਾਨੂੰ ਇਕ ਗਰੁੱਪ ਵਿਚ ਪਾ ਦਿੱਤਾ ਜਾਂਦਾ ਸੀ। ਜਦੋਂ ਮੈਂ ਸਕੂਲ ਵਿਚ ਸਾਂ ਤਾਂ ਉਸ ਵੇਲੇ ਛੋਟੀਆਂ ਕੁੜੀਆਂ ਦੇ 'ਡੋਰਮ' ਵਿਚ 72 ਕੁੜੀਆਂ ਸਨ ਜਿਹਨਾਂ ਦੀ ਇਕ ਸੁਪਰਵਾਈਜ਼ਰ ਸੀ। ਸਾਡੀ ਔਸਤਨ ਉਮਰ ਪੰਜ ਤੋਂ ਦੱਸ ਸਾਲ ਤੱਕ ਸੀ। ਕੈਮਲੂਪਸ ਰੈਜ਼ੀਡੈਂਸ਼ੀਅਲ ਸਕੂਲ ਦੇ ਇਕ ਵਿਦਿਆਰਥੀ ਅਨੁਸਾਰ ਉਹ ਇਕ ਸੁਪਰਵਾਈਜ਼ਰ ਦੇ ਥੱਲੇ 105 ਮੁੰਡਿਆਂ ਦੇ ਗਰੁੱਪ

ਸਕੂਲ ਵਿਚ ਦਾਖਲੇ ਤੋਂ ਬਾਅਦ ਤੁਹਾਡੇ ਜੀਵਨ ਦੀ ਹਰ ਗੱਲ ਦਾ ਫੈਸਲਾ ਸਕੂਲ ਵਾਲੇ ਕਰਦੇ ਸਨ। ਅਸੀਂ ਆਮ ਬੱਚਿਆਂ ਨਾਲੋਂ ਜ਼ਿਆਦਾ ਰੋਬੋਟ ਮਸ਼ੀਨਾਂ ਦੀ ਤਰ੍ਹਾਂ ਸੀ... ਹਮੇਸ਼ਾਂ ਹੁਕਮ ਅਨੁਸਾਰ ਚੱਲਣਾ, ਕਦੀ ਵੀ ਕਿਸੇ ਵੀ ਫੈਸਲੇ ਵਿਚ ਸਾਡਾ ਹਿੱਸਾ ਨਹੀਂ ਸੀ ਹੁੰਦਾ। ਸਾਨੂੰ ਕਦੀ ਵੀ ਨਹੀਂ ਸੀ ਪੁੱਛਿਆ ਗਿਆ ਕਿ ਅਸੀਂ ਕੀ ਸੋਚਦੇ ਸਾਂ, ਨਾ ਹੀ ਕਦੀ ਸਾਨੂੰ ਖੁੱਦ ਬਾਰੇ ਸੋਚਣ ਲਈ ਉਤਸਾਹਤ ਕੀਤਾ ਜਾਂਦਾ ਸੀ। ਸਕੂਲ ਵਿਚ ਆਉਣ ਤੋਂ ਥੋੜੀ ਹੀ ਦੇਰ ਬਾਅਦ ਸਾਨੂੰ ਇਸ ਗੱਲ ਦੀ ਸਮਝ ਆ ਗਈ ਸੀ ਕਿ ਆਪਣੇ ਮਨ ਦੀ ਗੱਲ ਕਰਨੀ, ਜਾਂ ਕਿਸੇ ਕਿਸਮ ਦੇ ਸਵਾਲ ਕਰਨ ਦਾ ਨਤੀਜਾ ਸਿਰਫ ਮੁਸ਼ਕਲ ਵਿਚ ਫਸਣਾ ਹੀ ਸੀ।

ਪਹਿਲੀ ਪੀੜੀ ਜਿਹੜੇ ਇਹਨਾਂ ਸਕੂਲ ਵਿਚ ਗਏ ਉਹ ਸਾਡੇ ਬਾਬੇ ਤੇ ਪੜਦਾਦੇ ਸਨ। ਮੇਰੀ ਦਾਦੀ ਨੂੰ ਸਕੂਲ ਦਾ ਇਹੀ ਚੇਤਾ ਹੈ ਕਿ ਉਥੇ ਬਹੁਤ ਸਖਤ ਕੰਮ ਕਰਨਾ ਪੈਂਦਾ ਸੀ। ਹਰ ਕਿਸਮ ਦਾ ਜਿਸਮਾਨੀ ਕੰਮ ਬੱਚਿਆਂ ਕੋਲੋਂ ਕਰਾਇਆ ਜਾਂਦਾ ਸੀ। ਉਸਦੀਆਂ ਕੁਝ ਹੋਰ ਯਾਦਾਂ ਵਿਚੋਂ ਇਕ ਹੈ ਕਿ ਉਹ ਹਮੇਸ਼ਾਂ ਤਿਹਾਈ ਰਹਿੰਦੀ ਸੀ। ਕਿਸੇ ਕਾਰਨ ਕਰਕੇ ਉਹਨਾਂ ਨੂੰ ਪੀਣ ਦਾ ਪਾਣੀ ਨਹੀਂ ਸੀ ਦਿੱਤਾ ਜਾਂਦਾ। ਕਈ ਵਾਰੀ ਜਦੋਂ ਉਹਨਾਂ ਕੋਲੋਂ ਪਿਆਸ ਝੱਲੀ ਨਾ ਜਾਣੀ ਤਾਂ ਉਹਨਾਂ ਨੇ ਚੋਰੀਂ ਚਰਚ ਵਿਚ ਪਏ ਪਵਿੱਤਰ ਪਾਣੀ ਵਿਚੋਂ ਪਾਣੀ ਪੀ ਲੈਣਾ। ਪਰ ਅਜਿਹਾ ਕਰਦਿਆਂ ਫੜੇ ਜਾਣ ਦੀ ਸੂਰਤ ਵਿਚ ਬਹੁਤ ਕੁੱਟ ਪੈਂਦੀ ਸੀ। ਮੇਰੀ ਦਾਦੀ ਨੂੰ ਇਸ ਗੱਲ ਦਾ ਵੀ ਚੇਤਾ ਹੈ ਕਿ ਇਕ ਵਾਰੀ ਉਹਨੂੰ ਇਕ ਕੋਠੜੀ ਵਿਚ ਦੋ ਹਫਤਿਆਂ ਲਈ ਬੰਦ ਰਹਿਣਾ ਪਿਆ ਸੀ ਕਿਉਂਕਿ ਉਹਦੇ ਕੋਲੋਂ ਗਲਿਆ-ਸੜਿਆ ਹੋਇਆ ਮੀਟ ਨਹੀਂ ਸੀ ਖਾਧਾ ਗਿਆ।

ਮੇਰੀ ਮਾਂ ਨੇ ਤੀਹਵਿਆਂ ਵਿਚ ਅਤੇ ਚਾਹਲਵੀਆਂ ਦੇ ਸ਼ੁਰੂ ਵਿਚ ਸਕੂਲ ਅਟੈਂਡ ਕੀਤਾ। ਉਹਨੂੰ ਜੋ ਸੱਭ ਤੋਂ ਵੱਧ ਯਾਦ ਹੈ ਉਹ ਹੈ ਕਿ ਸਰਦੀਆਂ ਵਿਚ ਲੋਹੜੇ ਦਾ ਪਾਲਾ ਲੱਗਦਾ ਸੀ ਅਤੇ ਖਾਣਾ ਹਮੇਸ਼ਾਂ ਗਲਿਆ-ਸੜਿਆ ਹੋਇਆ ਹੁੰਦਾ ਸੀ। ਇਹ ਗੱਲ ਉਸ ਸਕੂਲ ਦੇ ਪ੍ਰਿੰਸੀਪਲ ਵਲੋਂ ਫੈਡਰਲ ਸਰਕਾਰ ਨੂੰ ਲਿਖੇ ਇਕ ਖੱਤ ਤੋਂ ਵੀ ਜ਼ਾਹਿਰ ਹੁੰਦੀ ਹੈ। ਉਸ ਮੁਤਾਬਕ ਕੁੜੀਆਂ ਦੇ ਸਕੂਲ ਵਿਚ ਕਈ ਵਾਰੀ ਤੀਹ ਡਿਗਰੀ ਫਾਰਨਹੀਟ, ਜੰਮਣ ਦਰਜੇ ਤੋਂ ਦੋ ਦਰਜੇ ਥੱਲੇ ਠੰਡ ਹੁੰਦੀ ਸੀ।

ਜਿਹੜੇ ਸਕੂਲ ਵਿਚ ਮੈਂ ਗਈ ਸਾਂ ਉਹ ਪੰਜਾਵਿਆਂ ਵਿਚ ਬਣਾਇਆ ਗਿਆ ਸੀ ਕਿਉਂਕਿ ਉਥੇ ਪੁਰਾਣਾ ਸਕੂਲ ਅੱਗ ਨਾਲ ਜਲ ਗਿਆ ਸੀ, ਉਹ ਸਕੂਲ ਵਿਚ ਵੀ ਹਮੇਸ਼ਾਂ ਹੀ ਠੰਡ ਹੁੰਦੀ ਸੀ। ਖੇਡਣ ਵਾਲੇ ਕਮਰਿਆਂ ਵਿਚ ਸਖਤ ਸੀਮਿੰਟ ਦੀਆਂ ਫਰਸ਼ਾਂ ਸਨ। ਦਰਵਾਜੇ ਵੱਡੇ ਵੱਡੇ ਲੋਹੇ ਦੇ ਬਣੇ ਹੋਏ ਸਨ ਜਿਹਨਾਂ ਨੂੰ ਜਦ ਵੀ ਖੋਲਿਆ ਜਾਂ ਲਾਇਆ ਜਾਂਦਾ ਸੀ ਤਾਂ ਸਾਰੀ ਇਮਾਰਤ ਵਿਚ ਉਹਨਾਂ ਦਾ ਖੜਾਕ ਸੁਣਦਾ ਸੀ। ਡੋਰਮ ਵਿਚ ਮਸੀਂ ਲੋੜ ਦੀਆਂ ਵਸਤਾਂ ਹੀ ਹੁੰਦੀਆਂ ਸਨ - ਮੰਜੇ ਤੇ ਪੜਦੇ। ਮੈਂ ਕਦੀ ਵੀ ਕਿਸੇ ਕੰਧ ਤੇ ਕੋਈ ਤਸਵੀਰ

ਨਹੀਂ ਸੀ ਦੇਖੀ। ਮੇਰਾ ਨਹੀਂ ਖਿਆਲ ਕਿ ਦੂਜੇ ਰੈਜ਼ੀਡੈਂਸ਼ੀਅਲ ਸਕੂਲ ਕਿਸੇ ਤਰ੍ਹਾਂ ਵੀ ਇਸ ਤੋਂ ਵੱਖਰੇ ਹੋਣਗੇ।

ਭਾਵੇਂ ਰਹਿਣ ਦੀਆਂ ਹਾਲਤਾਂ ਵਿਚ ਕੁਝ ਸੁਧਾਰ ਆਇਆ ਅਤੇ ਮੇਰੀ ਦਾਦੀ ਦੇ ਸਮੇਂ ਤੋਂ ਲੈ ਕੇ ਮੇਰੇ ਸਕੂਲ ਜਾਣ ਤੱਕ ਬੱਚਿਆਂ ਨੂੰ ਸਖਤ ਕੰਮ ਵੀ ਘੱਟ ਕਰਨਾ ਪੈਂਦਾ ਸੀ ਪਰ ਜਿਹੜਾ ਹਰ ਵਿਦਿਆਰਥੀ ਨੂੰ ਸੁਨੇਹਾ ਮਿਲਦਾ ਸੀ ਉਸ ਵਿਚ ਕੋਈ ਤਬਦੀਲੀ ਨਹੀਂ ਸੀ ਆਈ। ਇਹ ਸੁਨੇਹਾ ਸੀ: ਨੇਟਿਵ ਹੋਣਾ ਸ਼ਰਮ ਦੀ ਗੱਲ ਹੈ ਅਤੇ ਅਸੀਂ ਇਕ ਕਮਜ਼ੋਰ, ਨੁਕਸਦਾਰ ਕੌਮ ਦਾ ਹਿੱਸਾ ਹਾਂ ਜਿਹੜੇ ਸਮਾਜ ਦੇ ਕਿਸੇ ਵੀ ਚੰਗੇ ਥਾਂ ਦੇ ਯੋਗ ਨਹੀਂ ਹਨ।

ਸਕੂਲ ਵਿਚ ਗੁਜ਼ਾਰੇ ਸਾਲਾਂ ਦੇ ਸਿੱਟੇ ਵਜੋਂ ਬੱਚੇ ਆਪਣੇ ਸਭਿਆਚਾਰ ਤੇ ਟੱਬਰਾਂ ਤੋਂ ਦੂਰ ਹੁੰਦੇ ਚਲੇ ਜਾਂਦੇ ਸਨ। ਬਹੁਤ ਵਾਰੀ ਇਹ ਕੰਮ ਜਿਸਮਾਨੀ, ਦਿਮਾਗੀ ਤਸ਼ੱਦਦ ਅਤੇ ਗਾਲੀ ਗਲੋਚ ਨਾਲ ਕੀਤਾ ਜਾਂਦਾ। ਸਕੂਲ ਵਿਚ ਤੁਹਾਨੂੰ ਗੰਦੇ ਇੰਡੀਅਨ, ਡੰਮ ਇੰਡੀਅਨ ਜਾਂ ਵਹਿਸ਼ੀ (ਸੈਵੇਜ) ਕਹਿ ਕੇ ਬੁਲਾਉਣਾ ਆਮ ਗੱਲ ਹੁੰਦੀ ਸੀ। ਕੁਦਰਤੀ ਗੱਲ ਹੈ ਕਿ ਜਦੋਂ ਤੁਸੀਂ ਅਜਿਹੀ ਗੱਲ ਬਹੁਤ ਵਾਰ ਸੁਣਦੇ ਹੋ, ਖਾਸ ਕਰ ਤੁਹਾਡੇ ਨਾਜ਼ਕ ਬਚਪਨ ਵੇਲੇ, ਤਾਂ ਤੁਸੀਂ ਇਸਨੂੰ ਸੱਚ ਮੰਨਣ ਲੱਗ ਪੈਂਦੇ ਹੋ ਅਤੇ ਫੇਰ ਇਸੇ ਤਰ੍ਹਾਂ ਦਾ ਹੀ ਵਿਹਾਰ ਕਰਨਾ ਸ਼ੁਰੂ ਕਰ ਦਿੰਦੇ ਹੋ। ਸਕੂਲ ਛੱਡਣ ਤੋਂ ਬਾਅਦ ਬਹੁਤ ਸਾਰੇ ਵਿਦਿਆਰਥੀ ਟਾਇਮ ਬੰਬ ਵਾਂਗ ਹੀ ਹੁੰਦੇ ਹਨ ਜੋ ਕਿਸੇ ਵੇਲੇ ਵੀ ਫੱਟ ਸਕਦੇ ਹਨ। ਆਤਮ-ਹੱਤਿਆ, ਪਰਵਾਰਿਕ ਹਿੰਸਾ, ਖੁੱਦ ਬਾਰੇ ਬਹੁਤ ਘਟੀਆ ਸੋਚਣਾ (ਲੋ ਸੈਲਫ ਇਸਟੀਮ), ਬੇਰੁਜ਼ਗਾਰੀ, ਮਾਪੇ ਬਣਨ ਦੀ ਸਿਖਿਆ ਦਾ ਘਾਟਾ, ਦੂਜਿਆਂ ਤੇ ਨਿਰਭਰਤਾ ਅਤੇ ਵੱਡੇ ਪੱਧਰ ਤੇ ਜੇਲਾਂ ਆਦਿ ਵਿਚ ਰਹਿਣਾ ਸਿਰਫ ਕੁਝ ਇਕ ਉਹ ਸਮਾਜਿਕ ਬੁਰਾਈਆਂ ਹਨ ਜਿਹਨਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ ਅਤੇ ਜੋ ਸਕੂਲਾਂ ਦੇ ਨਤੀਜੇ ਵਜੋਂ ਪੈਦਾ ਹੋਈਆਂ ਹਨ।

ਸਕੂਲ ਛੱਡਣ ਬਾਅਦ ਪੈਣ ਵਾਲੇ ਅਸਰਾਂ ਬਾਰੇ ਮੈਂ ਕੁਝ ਵਿਸਥਾਰ ਵਿਚ ਗੱਲ ਕਰਾਂਗੀ। ਜੇ ਤੁਸੀਂ ਧਿਆਨ ਨਾਲ ਸੋਚੋ ਕਿ ਅਸੀਂ ਮਾਪੇ ਬਣਨਾ ਕਿਵੇਂ ਸਿੱਖਦੇ ਹਾਂ ਤਾਂ ਤੁਸੀਂ ਦੇਖੋਗੇ ਕਿ ਮਾਪੇ ਬਣਨ ਦੀ ਸਿਖਿਆ ਤੋਂ ਵਾਂਝੇ ਰਹਿਣਾ ਸਾਡੇ ਅਤੇ ਸਾਡੇ ਬੱਚਿਆਂ ਲਈ ਕਿੰਨਾ ਨੁਕਸਾਨਦੇਹ ਸਾਬਤ ਹੋਇਆ ਹੈ। ਸਾਡੇ ਵਿਚੋਂ ਬਹੁਤੇ ਆਪਣੇ ਬੱਚਿਆਂ ਨੂੰ ਉਸੇ ਤਰ੍ਹਾਂ ਪਾਲਣ ਦੀ ਕੋਸ਼ਿਸ਼ ਕਰ ਰਹੇ ਹਨ ਜਿਸ ਤਰ੍ਹਾਂ ਸਾਨੂੰ ਸਕੂਲਾਂ ਵਿਚ ਪਾਲਿਆ ਗਿਆ ਸੀ। ਸਾਡੇ ਵਿਚੋਂ ਬਹੁਤਿਆਂ ਨੇ ਇਸ ਗੱਲ ਦਾ ਅਹਿਸਾਸ ਬਹੁਤ ਦੇਰ ਬਾਅਦ ਕੀਤਾ ਕਿ ਅਸੀਂ ਆਪਣੇ ਬੱਚਿਆਂ ਦਾ ਕਿੰਨਾ ਨੁਕਸਾਨ ਕੀਤਾ ਹੈ ਭਾਵੇਂ ਅਸੀਂ ਇਹ ਅਚੇਤ ਹੀ ਕੀਤਾ ਹੈ ਕਿਉਂਕਿ ਸਾਨੂੰ ਇਸ ਤੋਂ ਬਿਨ੍ਹਾਂ ਕੁਝ ਚੰਗਾ ਪਤਾ ਹੀ ਨਹੀਂ ਸੀ। ਅਸੀਂ ਕੋਈ ਵੀ ਚੰਗੇ ਮਾਪਿਆਂ ਵਾਲੀਆਂ ਗੱਲਾਂ ਨਹੀਂ ਸਿਖੀਆਂ ਅਤੇ ਅਸੀਂ ਉਹ ਕੁਝ ਹੀ ਕਰ ਰਹੇ ਸੀ ਜੋ ਸਾਨੂੰ ਪਤਾ ਸੀ। ਅੱਜ ਇਸ ਗੱਲ ਦਾ ਅਸਰ ਨਵੀਂ ਪੀੜੀ ਤੇ ਵੀ ਪੈ ਰਿਹਾ ਹੈ ਭਾਂਵੇਂ ਉਹਨਾਂ ਨੇ ਰੈਜ਼ੀਡੈਂਸ਼ੀਅਲ ਸਕੂਲਾਂ ਵਿਚ ਵਿਦਿਆ ਪ੍ਰਾਪਤ ਨਹੀਂ ਕੀਤੀ।

---

**ਮੇਰੀ ਦਾਦੀ ਨੂੰ ਇਸ ਗੱਲ ਦਾ ਵੀ ਚੇਤਾ ਹੈ ਕਿ ਇਕ ਵਾਰੀ ਉਹਨੂੰ ਇਕ ਕੋਠੜੀ ਵਿਚ ਦੋ ਹਫਤਿਆਂ ਲਈ ਬੰਦ ਰਹਿਣਾ ਪਿਆ ਸੀ ਕਿਉਂਕਿ ਉਹਦੇ ਕੋਲੋਂ ਗਲਿਆ-ਸੜਿਆ ਹੋਇਆ ਮੀਟ ਨਹੀਂ ਸੀ ਖਾਧਾ ਗਿਆ।**

---

ਜਦੋਂ ਤੁਹਾਨੂੰ ਜੀਵਨ ਵਿਚ ਬਹੁਤ ਸਾਰੀਆਂ ਸੱਟਾਂ ਲੱਗਣ ਤਾਂ ਤੁਸੀਂ ਆਪਣੇ ਦੁਆਲੇ ਇਕ ਵਾੜ ਉਸਾਰ ਲੈਂਦੇ ਹੋ ਅਤੇ ਜਿਹੜੇ ਜਜ਼ਬਾਤ ਸਾਂਭਣੇ ਮੁਸ਼ਕਲ ਹੁੰਦੇ ਹਨ ਉਹਨਾਂ ਨੂੰ ਲਾਗੇ ਹੀ ਨਹੀਂ ਆਉਣ ਦਿੰਦੇ। ਅਸੀਂ ਬਹੁਤ ਸਖਤ ਹੋਣਾ ਸਿਖ ਲਿਆ, ਜਾਂ ਕਹਿ ਲਵੋ ਕਿ ਅਸੀਂ ਸੋਚਿਆ ਕਿ ਅਸੀਂ ਬਹੁਤ ਸਖਤ ਹਾਂ। ਅਸੀਂ ਆਪਣੇ ਅਸਲੀ ਜਜ਼ਬਾਤਾਂ ਨੂੰ, ਅਹਿਸਾਸਾਂ ਨੂੰ ਦੱਬਣਾ ਸਿੱਖ ਲਿਆ। ਸਜਾ ਤੇ ਮਖੋਲ ਨੇ ਸਾਨੂੰ ਆਪਣੇ ਅਹਿਸਾਸਾਂ ਬਾਰੇ ਗੱਲ ਕਰਨ ਤੋਂ ਸਦਾ ਲਈ ਰੋਕ ਦਿੱਤਾ। ਛੋਟੇ ਛੋਟੇ ਬੱਚੇ ਵੀ ਬੜੀ ਛੇਤੀ ਇਹ ਸਿੱਖ ਜਾਂਦੇ ਕਿ ਉਹਨਾਂ ਨੇ ਆਪਣੇ ਅਹਿਸਾਸਾਂ ਨੂੰ ਦਬਾ ਕੇ ਕਿਵੇਂ ਰੱਖਣਾ ਹੈ। ਉਹਨਾਂ ਵਿਚੋਂ ਬਹੁਤੇ ਆਪਣੇ ਬਾਲਗ ਜੀਵਨ ਵਿਚ ਵੀ ਇਸ ਤੋਂ ਪਿੱਛਾ ਨਹੀਂ ਛੁਡਾ ਸਕੇ। ਜਜ਼ਬਾਤਾਂ ਨੂੰ ਅੰਦਰ ਹੀ ਦਬਾ ਕੇ ਰੱਖਿਆ ਜਾਂਦਾ ਹੈ ਜਦ ਤੱਕ ਜਦ ਤੱਕ ਕਿ ਉਹ ਅੰਦਰੋਂ ਜੋਰ ਨਾ ਪਾਉਣ ਅਤੇ ਫੇਰ ਆਤਮ-ਹੱਤਿਆ ਜਾਂ ਆਪਣੇ ਆਪ ਨੂੰ ਦੁੱਖ ਦੇਣ ਵਾਲੇ ਕਿਸੇ ਹੋਰ ਤਰੀਕੇ ਨਾਲ ਇਹ ਬਾਹਰ ਆਉਂਦੇ ਹਨ। ਸਾਡੀ ਕਮਿਊਨਿਟੀ ਵਿਚ ਵੱਡੀ ਪੱਧਰ ਤੇ ਹਿੰਸਾ ਦਾ ਕਾਰਨ ਇਹੀ ਹੈ ਕਿ ਅਸੀਂ ਇਕੱਲਤਾ, ਗੁੱਸਾ, ਡਰ, ਖੁਸ਼ੀ ਜਾਂ ਕਿਸੇ ਵੀ ਤਰ੍ਹਾਂ ਦੇ ਜਜ਼ਬਾਤ ਨੂੰ ਦੂਜਿਆਂ ਨਾਲ ਸਾਂਝਾ ਕਰਨਾ ਨਹੀਂ ਸਿਖਿਆ। ਸਾਨੂੰ ਇਸ ਗੱਲ ਦਾ ਪਤਾ ਨਹੀਂ ਹੈ ਕਿ ਇਹਨਾਂ ਜਜ਼ਬਾਤਾਂ ਨੂੰ ਸਾਂਝੇ ਕਰਨ ਦੇ ਸੁਰੱਖਿਅਤ ਅਤੇ ਹਾਂ ਪੱਖੀ ਤਰੀਕੇ ਵੀ ਹੁੰਦੇ ਹਨ। ਤਿੰਨ ਚਾਰ ਪੀੜੀਆਂ ਤੱਕ ਲਗਾਤਾਰ ਮਿਲੀ ਵਾਹੂ ਸਿਖਿਆ ਦੇ ਕਾਰਨ ਸਾਡੀਆਂ ਕਮਿਊਨਿਟੀਆਂ ਵਿਚ ਅਨੇਕਾਂ ਸਮਾਜਿਕ ਸਮੱਸਿਆਵਾਂ ਹਨ ਅਤੇ ਇਹਨਾਂ ਦੇ ਜ਼ਖਮ ਧੁਰ ਸਾਡੇ ਲੋਕਾਂ ਦੀ ਰੂਹ ਤੱਕ ਹਨ।

ਮੈਂ ਡੋਨਲਡ ਮਾਰਸ਼ਲ ਜੂਨੀਅਰ ਜਿਹਨੇ ਗਿਆਰਾਂ ਸਾਲ ਜੇਲ ਵਿਚ ਕੱਟੇ ਹਨ ਉਸ ਜੁਰਮ ਬਦਲੇ ਜੋ ਉਹਨੇ ਕੀਤਾ ਨਹੀਂ ਸੀ, ਦੇ ਕੇਸ ਬਾਰੇ ਪੜ ਰਹੀ ਸਾਂ। ਉਸ ਸੰਬੰਧ ਵਿਚ ਪ੍ਰੋਫੈਸਰ ਐਚ ਆਰਚੀਬਾਲਡ ਕਾਇਜ਼ਰ ਨੇ ਆਪਣੇ ਇਕ ਪੇਪਰ ਵਿਚ ਉਹਨਾਂ ਗੱਲਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਹੜੀਆਂ ਇਕ ਵਿਅਕਤੀ ਗਲਤੀ ਨਾਲ ਜੇਲ ਕੀਤੇ ਜਾਣ ਤੇ ਸਹਿੰਦਾ ਹੈ। ਕੋਈ ਵੀ ਬੰਦਾ ਜਿਹੜਾ ਰੈਜ਼ੀਡੈਂਸ਼ੀਅਲ ਸਕੂਲ ਵਿਚ ਗਿਆ ਹੈ ਉਹ ਇਹਨਾਂ ਸਾਰੀਆਂ ਗੱਲਾਂ ਨੂੰ ਪਛਾਣ ਸਕਦਾ ਹੈ ਕਿਉਂਕਿ ਸਕੂਲ ਵਿਚ ਉਹ ਸੱਭ ਉਸ ਨਾਲ ਵਾਪਰੀਆਂ ਹੁੰਦੀਆਂ ਹਨ। ...

ਮੇਰਾ ਇਕ ਭਰਾ ਹੈ ਜਿਹਨੇ ਬਹੁਤ ਸਾਲ ਜੇਲ ਵਿਚ ਕੱਟੇ ਹਨ। ਉਹਦਾ ਕਹਿਣਾ ਹੈ, ਅਤੇ ਉਹਦੇ ਵਰਗੇ ਹੋਰ ਲੋਕਾਂ ਦਾ ਵੀ ਜਿਹਨੀ ਸਕੂਲ ਅਤੇ ਜੇਲ ਦੋਵੀਂ ਥਾਂਵੀਂ ਸਮਾਂ ਬਿਤਾਇਆ ਹੈ, ਕਿ ਰੈਜ਼ੀਡੈਂਸ਼ੀਅਲ ਸਕੂਲ ਕਿਸੇ ਵੀ ਜੇਲ ਨਾਲੋਂ ਵੱਧ ਸਨ। ਜਦੋਂ ਕੋਈ ਸਕੂਲ ਨਾਲੋਂ ਜੇਲ ਦੇ ਤਜ਼ਰਬੇ ਨੂੰ ਕਹੇ ਕਿ ਚੰਗਾ ਸੀ ਤਾਂ ਸਥਿਤੀ ਕਾਫੀ ਨਿਰਾਸ਼ਾਜਨਕ ਹੀ ਕਹੀ ਜਾ ਸਕਦੀ ਹੈ।

ਹੁਣੇ ਜਿਹੇ ਵਿਲੀਅਮਜ਼ ਲੇਕ ਦੇ ਸੇਂਟ ਜੋਸਿਫ ਮਿਸ਼ਨ ਦੇ ਤਿੰਨ ਵਿਅਕਤੀਆਂ ਵਿਰੁੱਧ ਕਾਮਿਕ ਦੁਰਵਰਤੋਂ (ਸੈਕਸ਼ੂਅਲ ਅਬਿਊਜ਼) ਦੇ ਚਾਰਜ ਲੱਗੇ ਹਨ। ਦੋਂਹ ਨੂੰ ਦੋਸ਼ੀ ਪਾਇਆ ਗਿਆ ਹੈ ਅਤੇ ਤੀਜੇ ਤੇ ਅਜੇ ਕੇਸ ਚੱਲਣਾ ਹੈ। ਦੋਂਹ ਵਿਚੋਂ ਇਕ ਨੇ ਕਾਮਿਕ ਜ਼ਬਰਦਸਤੀ ਦੇ ਸਤਾਰਾਂ ਕੇਸਾਂ ਵਿਚ ਆਪਣੇ ਆਪ ਨੂੰ ਕਸੂਰਵਾਰ ਮੰਨਿਆ ਹੈ ਅਤੇ

ਉਹਨੂੰ ਦੋਂਹ ਸਾਲਾਂ ਦੀ ਸਜਾ ਹੋਈ ਹੈ। ਦੂਜੇ ਨੇ ਚਾਰ ਕੇਸਾਂ ਦਾ ਕਸੂਰ ਮੰਨਿਆ ਹੈ ਅਤੇ ਉਸਨੂੰ ਇਕ ਸਾਲ ਦੀ ਸਜਾ ਹੋਈ ਹੈ। ਇੰਨੀ ਥੋੜੀ ਸਜਾ ਤੋਂ ਸਾਫ ਜ਼ਾਹਿਰ ਹੈ ਕਿ ਕਚਿਹਰੀਆਂ ਕਾਮਿਕ ਦੁਰਵਰਤੋਂ ਦੇ ਟੱਬਰਾਂ ਅਤੇ ਕਮਿਊਨਿਟੀ ਤੇ ਪੈਂਦੇ ਅਸਰਾਂ ਨੂੰ ਦੇਖਣ ਤੋਂ ਇਨਕਾਰੀ ਹਨ। ਇਹਦੇ ਬਾਰੇ ਦੱਸਣ ਲਈ ਮੈਂ ਤੁਹਾਨੂੰ ਇਕ ਕਹਾਣੀ ਦੱਸਦੀ ਹਾਂ। ਮੇਰਾ ਇਕ ਭਰਾ ਸੀ, ਬੌਬੀ। ਉਹ ਮੈਥੋਂ ਦੋ ਸਾਲ ਵੱਡਾ ਸੀ। ਉਹ ਜਦੋਂ ਅਠਾਰਾਂ ਵਰ੍ਹਿਆਂ ਦਾ ਸੀ ਤਾਂ ਮਰ ਗਿਆ। ਉਹਨਾਂ ਨੇ ਉਹਦੀ ਲਾਸ਼ ਉਹਦੇ ਲਾਪਤਾ ਹੋਣ ਤੋਂ ਇਕ ਮਹੀਨਾ ਬਾਅਦ ... ਇਕ ਪਹਾੜੀ ਚਟਾਨ ਦੇ ਪੈਰਾਂ 'ਚ ਵੱਗਦੀ ਛੋਟੀ ਨਦੀਂ ਵਿਚੋਂ ਲੱਭੀ। ਪਤਾ ਨਹੀਂ ਉਹਨੇ ਨਦੀ ਵਿਚ ਆਪ ਛਾਲ ਮਾਰੀ ਸੀ ਜਾਂ ਘਟਨਾਵੱਸ ਡਿੱਗ ਪਿਆ ਸੀ। ਉਹ ਜਦੋਂ ਅਜੇ ਬਾਰਾਂ ਸਾਲਾਂ ਦਾ ਵੀ ਨਹੀਂ ਸੀ ਹੋਇਆ ਤਾਂ ਉਹਦੇ ਸੁਭਾਅ ਵਿਚ ਇਕ ਬਹੁਤ ਤਿੱਖੀ ਤਬਦੀਲੀ ਆਈ ਸੀ। ਉਹ ਬਹੁਤ ਕਮੀਨਾ ਜਿਹਾ ਹੋ ਗਿਆ ਅਤੇ ਮਾਰ ਕੁੱਟ ਕਰਦਾ ਰਹਿੰਦਾ ਸੀ। ਨਤੀਜੇ ਵਜੋਂ ਮੇਰਾ ਤੇ ਮੇਰੇ ਭਰਾ ਦਾ ਰਿਸ਼ਤਾ ਲੜਾਈ ਝਗੜੇ ਵਾਲਾ ਹੀ ਰਿਹਾ। ਉਹਦੇ ਮਰਨ ਤੱਕ ਸਾਡਾ ਇਹੀ ਰਿਸ਼ਤਾ ਰਿਹਾ। ਜਿਸ ਰਾਤ ਉਹ ਘਰੋਂ ਲਾ ਪਤਾ ਹੋਇਆ ਉਸ ਰਾਤ ਵੀ ਅਸੀਂ ਝਗੜੇ ਸੀ। ਉਹ ਬਹੁਤ ਗੁੱਸੇ ਵਾਲਾ ਨੌਜੁਆਨ ਸੀ ਤੇ ਅਕਸਰ ਸਾਨੂੰ ਘਰਦਿਆਂ ਨੂੰ ਹੀ ਉਹਦਾ ਗੁੱਸਾ ਸਹਿਣਾ ਪੈਂਦਾ। ਮੈਂ ਉਸ ਵੇਲੇ ਕਦੀ ਵੀ ਉਹਦੇ ਗੁੱਸੇ ਬਾਰੇ ਸਵਾਲ ਨਹੀਂ ਸੀ ਕੀਤਾ ਜਾਂ ਉਹਨੂੰ ਸਮਝਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਕਿਉਂਕਿ ਮੈਨੂੰ ਜਜ਼ਬਾਤਾਂ ਬਾਰੇ ਕੁਝ ਵੀ ਨਹੀਂ ਸੀ ਪਤਾ, ਸਿਵਾ ਏਸ ਦੇ ਕੇ ਉਹਨਾਂ ਨੂੰ ਦਬਾ ਕੇ, ਲਕੋ ਕੇ ਰਖੀਦਾ ਹੈ।

ਇਹ ਪਿਛਲੇ ਸਾਲ ਦੀ ਗੱਲ ਹੈ ਜਦੋਂ ਸਾਡੀ ਟਰਾਈਬਲ ਕੌਂਸਲ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਅਸਰਾਂ ਬਾਰੇ ਇਕ ਸਟਡੀ ਕਰ ਰਹੀ ਸੀ ਤਾਂ ਮੈਨੂੰ ਪਤਾ ਲੱਗਾ ਕਿ ਮੇਰਾ ਭਰਾ ਬੌਬੀ ਸਕੂਲ ਵਿਚ ਕਾਮਿਕ ਦੁਰਵਰਤੋਂ ਦਾ ਸ਼ਿਕਾਰ ਸੀ। ਉਦੋਂ ਸੱਭ ਕਾਸੇ ਦੀ ਸਮਝ ਆਈ। ਮੈਂ ਇਹ ਮਹਿਸੂਸ ਕੀਤਾ ਕਿ ਕਿਉਂਕਿ ਉਹਨੂੰ ਪਤਾ ਨਹੀਂ ਸੀ ਕਿ ਉਹ ਆਪਣਾ ਗੁੱਸਾ, ਅਪਮਾਨ, ਡਰ ਤੇ ਹੋਰ ਵੀ ਜੋ ਕੁਝ ਉਹ ਮਹਿਸੂਸ ਕਰ ਰਿਹਾ ਸੀ ਜਾਂ ਜਿਸ ਕਿਸੇ ਖਿਲਾਫ ਵੀ ਉਹਦੇ ਮਨ ਵਿਚ ਗੁੱਸਾ ਸੀ, ਉਹਨੂੰ ਉਹ ਕਿਵੇਂ ਦੂਜਿਆਂ ਨਾਲ ਸਾਂਝਾ ਕਰੇ, ਏਸ ਕਰਕੇ ਸਾਡਾ ਟੱਬਰ ਹੀ ਉਹਦੇ ਗੁੱਸੇ ਲਈ ਇਕੋ ਇਕ ਥਾਂ ਸੀ।

ਮੈਨੂੰ ਇਕ ਘਟਨਾ ਯਾਦ ਹੈ ਬੌਬੀ ਉਦੋਂ ਗਿਆਰਾਂ ਸਾਲਾਂ ਦਾ ਸੀ। ਜਦੋਂ ਗਰਮੀਆਂ ਨੂੰ ਉਹਦਾ ਮੁੜ ਕੇ ਸਕੂਲ ਜਾਣ ਦਾ ਸਮਾਂ ਆਇਆ ਤਾਂ ਬੌਬੀ ਅਤੇ ਉਹਦਾ ਇਕ ਦੋਸਤ ਜਿਹੜਾ ਨੌ ਕੁ ਸਾਲ ਦਾ ਸੀ, ਉਹਨਾਂ ਨੇ ਸਕੂਲ ਜਾਣ ਤੋਂ ਇਨਕਾਰ ਕਰ ਦਿੱਤਾ। ਸਕੂਲ ਅਧਿਕਾਰੀਆਂ ਨੇ ਆਰ ਸੀ ਐਮ ਪੀ ਕੋਲ ਰੀਪੋਰਟ ਕਰ ਦਿੱਤੀ। ਮੁੰਡੇ ਹਫਤਾ ਭਰ ਇਕ ਪਹਾੜੀ ਤੇ ਬਣੀ ਇਕ ਕੈਬਿਨ ਵਿਚ ਲੁਕੇ ਰਹੇ ਅਤੇ ਜਦੋਂ ਆਰ ਸੀ ਐਮ ਪੀ ਨੂੰ ਪਤਾ ਲੱਗ ਗਿਆ ਤਾਂ ਉਹ ਦੋਵੇਂ ਜਣੇ ਪਹਾੜਾਂ ਵਿਚ ਦੀ ਇਕ ਹੋਰ ਨੇਟਿਵ ਕਮਿਊਨਿਟੀ ਵੱਲ ਨੂੰ ਦੌੜ ਗਏ ਜੋ 20 ਮੀਲ ਦੂਰ ਸੀ। ਉਹ ਸਾਰਾ

**ਮੈਂ ਆਰ ਸੀ ਐਮ ਪੀ ਵਲੋਂ ਉਹਨਾਂ ਨੂੰ ਸਕੂਲ ਵਿਚ ਲਿਆਉਂਦਿਆਂ ਦੇਖਿਆ ਅਤੇ ਮੈਨੂੰ ਯਾਦ ਹੈ ਕਿ ਜਦੋਂ ਬੌਬੀ ਸਕੂਲ ਦੇ ਮੁੰਡਿਆਂ ਵੱਲ ਦੇ ਪਾਸੇ ਨੂੰ ਜਾ ਰਿਹਾ ਸੀ ਤਾਂ ਉਹਦਾ ਸਿਰ ਕਿਵੇਂ ਇਕ ਪਾਸੇ ਨੂੰ ਝੁਕਿਆ ਹੋਇਆ ਸੀ। ਹੁਣ ਮੈਨੂੰ ਅਹਿਸਾਸ ਹੁੰਦਾ ਹੈ ਕਿ ਉਸਦੀ ਉਹ ਸੂਰਤ ਇਕ ਟੁੱਟੀ ਹੋਈ ਰੂਹ ਵਾਲੇ ਬੰਦੇ ਦੀ ਸੂਰਤ ਸੀ।**

ਆਦਿ ਖਾ ਕੇ ਗੁਜ਼ਾਰਾ ਕਰਦੇ ਰਹੇ। ਅਖੀਰ ਵਿਚ ਉਹ ਫੜੇ ਗਏ ਅਤੇ ਉਹਨਾਂ ਨੂੰ ਮੁੜ ਸਕੂਲ ਵਿਚ ਲਿਆਂਦਾ ਗਿਆ। ਮੈਂ ਆਰ ਸੀ ਐਮ ਪੀ ਵਲੋਂ ਉਹਨਾਂ ਨੂੰ ਸਕੂਲ ਵਿਚ ਲਿਆਉਂਦਿਆਂ ਦੇਖਿਆ ਅਤੇ ਮੈਨੂੰ ਯਾਦ ਹੈ ਕਿ ਜਦੋਂ ਬੌਬੀ ਸਕੂਲ ਦੇ ਮੁੰਡਿਆਂ ਵੱਲ ਦੇ ਪਾਸੇ ਨੂੰ ਜਾ ਰਿਹਾ ਸੀ ਤਾਂ ਉਹਦਾ ਸਿਰ ਕਿਵੇਂ ਇਕ ਪਾਸੇ ਨੂੰ ਝੁਕਿਆ ਹੋਇਆ ਸੀ। ਹੁਣ ਮੈਨੂੰ ਅਹਿਸਾਸ ਹੁੰਦਾ ਹੈ ਕਿ ਉਸਦੀ ਉਹ ਸੂਰਤ ਇਕ ਟੁੱਟੀ ਹੋਈ ਰੂਹ ਵਾਲੇ ਬੰਦੇ ਦੀ ਸੂਰਤ ਸੀ, ਉਹ ਆਪਣੇ ਨਾਲ ਹੁੰਦੇ ਕਾਮਿਕ ਦੁਰਵਿਹਾਰ ਨੂੰ ਰੋਕਣ ਲਈ ਕੁਝ ਵੀ ਨਹੀਂ ਸੀ ਕਰ ਸਕਦਾ। ਤੇ ਮੈਂ ਸੋਚ ਰਹੀ ਹਾਂ ਕਿ ਹੋਰਨਾਂ ਵਾਂਗ ਉਹ ਵੀ ਖਬਰੇ ਇਕ ਤੋਂ ਵੱਧ ਬੰਦੇ ਰਾਹੀਂ ਕਾਮਿਕ ਤੌਰ ਤੇ ਵਰਤਿਆ ਜਾ ਰਿਹਾ ਸੀ। ਤੁਹਾਨੂੰ ਪਤਾ ਹੈ ਇਸ ਕਹਾਣੀ ਬਾਰੇ ਸੱਭ ਤੋਂ ਉਦਾਸ ਕਰਨ ਵਾਲੀ ਗੱਲ ਕਿਹੜੀ ਹੈ? ਉਹ ਹੈ ਕਿ ਇਹੋ ਜਿਹੀਆਂ ਕਹਾਣੀਆਂ ਆਮ ਹਨ -'ਡਾਈਮ ਏ ਡਜ਼ਨ'। ਸਾਡੀ ਟਰਾਈਬਲ ਕੌਂਸਲ ਵਲੋਂ ਕੀਤੀ ਸਟੱਡੀ ਅਨੁਸਾਰ ਸਕੂਲ ਵਿਚਲੇ 70% ਤੱਕ ਬੱਚੇ ਕਾਮਿਕ ਦੁਰਵਰਤੋਂ ਦਾ ਸ਼ਿਕਾਰ ਰਹੇ ਹਨ।

ਤੇ ਤੁਸੀਂ ਪੁਛੋਗੇ ਕਿ ਜਦੋਂ ਇਹ ਸੱਭ ਕੁਛ ਹੋ ਰਿਹਾ ਸੀ ਤਾਂ ਸਾਡੇ ਮਾਪੇ, ਦਾਦੇ ਕਿੱਥੇ ਸਨ ਅਤੇ ਉਹਨਾਂ ਨੇ ਸਾਨੂੰ ਕਿਉਂ ਅਜਿਹੇ ਥਾਂ ਜਾਣ ਦਿੱਤਾ? ਜਦੋਂ ਸਕੂਲ ਪਹਿਲਾਂ ਪਹਿਲਾਂ ਖੁੱਲੇ ਸਨ ਤਾਂ ਉਥੇ ਜਾਣ ਦੀ ਕੋਈ ਕਾਨੂੰਨੀ ਪਾਬੰਦੀ ਨਹੀਂ ਸੀ। ਮਾਪਿਆਂ ਨੇ ਸੋਚਿਆ ਕਿ ਇਹ ਸ਼ਾਇਦ ਉਹਨਾਂ ਦੇ ਬੱਚਿਆਂ ਲਈ ਇਹ ਚੰਗੀ ਚੀਜ਼ ਹੀ ਹੋਵੇ। ਆਪਣੇ ਬੱਚਿਆਂ ਨੂੰ ਗੋਰਿਆਂ ਦੇ ਤੌਰ ਤਰੀਕੇ ਨਾਲ ਵਿਦਿਆ ਦੇਣ ਵਿਚ ਉਹਨਾਂ ਨੂੰ ਫਾਇਦਾ ਨਜ਼ਰ ਆਉਂਦਾ ਸੀ, ਪਰ ਉਹਨਾਂ ਨੂੰ ਇਸ ਗੱਲ ਦੀ ਆਸ ਨਹੀਂ ਸੀ ਕਿ ਉਹਨਾਂ ਦੇ ਬੱਚਿਆਂ ਨੂੰ ਹਰ ਕਿਸਮ ਦੇ ਜਿਸਮਾਨੀ ਤਸੀਹੇ ਸਹਿਣੇ ਪੈਣਗੇ ਅਤੇ ਨਾਲ ਹੀ ਉਹਨਾਂ ਤੋਂ ਉਹਨਾਂ ਦਾ ਸਭਿਆਚਾਰ ਵੀ ਖੋਹਿਆ ਜਾਵੇਗਾ। ਉਹਨਾਂ ਨੂੰ ਇਸ ਗੱਲ ਦੀ ਵੀ ਆਸ ਨਹੀਂ ਸੀ ਕਿ ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲੋਂ ਲੈਣ ਜਾਣਗੇ ਤਾਂ ਉਹਨਾਂ ਨੂੰ ਪਤਾ ਲੱਗੇਗਾ ਕਿ ਉਹਨਾਂ ਦਾ ਬੱਚਾ ਤਾਂ ਕਈ ਮਹੀਨੇ ਪਹਿਲਾਂ ਮਰ ਗਿਆ ਸੀ। ਪਿਛੋਂ ਜਦੋਂ ਮਾਪਿਆਂ ਨੇ ਆਪਣੇ ਬੱਚੇ ਇਹਨਾਂ ਸਕੂਲਾਂ ਵਿਚ ਭੇਜਣੋ ਇਨਕਾਰ ਕੀਤਾ ਤਾਂ ਉਹਨਾਂ ਨੂੰ ਜੇਲ ਦਾ ਡਰਾਵਾ ਦਿੱਤਾ ਗਿਆ।

ਇਕ ਹੋਰ ਸਵਾਲ ਜੋ ਲੋਕ ਅਕਸਰ ਪੁੱਛਦੇ ਹਨ ਕਿ ਇਹਨਾਂ ਕਹਾਣੀਆਂ ਨੂੰ ਬਾਹਰ ਆਉਣ ਲਈ ਏਨਾ ਚਿਰ ਕਿਉਂ ਲੱਗਾ ਹੈ? ਅਸੀਂ ਪਹਿਲਾਂ ਕਿਉਂ ਨਹੀਂ ਇਹਨਾਂ ਬਾਰੇ ਰੌਲੀ ਪਾਉਣੀ ਸ਼ੁਰੂ ਕੀਤੀ? ਅਸੀਂ ਰੌਲੀ ਪਾਈ, ਸਾਡੇ ਮਪਿਆਂ, ਦਾਦਿਆਂ ਨੇ ਰੌਲੀ ਪਾਈ। ਪਰ ਸਾਡੀਆਂ ਸਾਰੀਆਂ ਸ਼ਕਾਇਤਾਂ ਗੁੰਗੇ ਕੰਨਾਂ ਤੇ ਪੈਂਦੀਆਂ ਰਹੀਆਂ। ਜਿਹੜੇ ਲੋਕ ਤਬਦੀਲੀ ਕਰ ਸਕਦੇ ਸਨ ਉਹ ਹੀ ਲੋਕ ਸਨ ਜੋ ਸੱਭ ਕਾਸੇ ਲਈ ਜ਼ਿੰਮੇਵਾਰ ਸਨ। ਸਕੂਲਾਂ ਵਿਚ ਹੁੰਦੇ ਦੁਰਵਿਹਾਰ ਬਾਰੇ ਹੋਈਆਂ ਤਫਤੀਸ਼ਾਂ ਦੇ ਰੀਕਾਰਡ ਹਨ ਪਰ ਉਹ ਸੱਭ

ਤਫਤੀਸ਼ਾਂ ਦਿਖਾਵੇ ਲਈ ਸਨ। ਲੱਗਦਾ ਹੈ ਕਿ ਇਹਨਾਂ ਗੱਲਾਂ ਵਿਚ ਕਦੀ ਸਕੂਲ ਦਾ ਕਸੂਰ ਨਹੀਂ ਸੀ ਹੁੰਦਾ, ਅਖੀਰ ਵਿਚ ਕਸੂਰ ਜ਼ੁਲਮ ਦਾ ਸ਼ਿਕਾਰ ਹੋਏ ਬੱਚੇ ਦੇ ਮੱਥੇ ਹੀ ਮੜ੍ਹਿਆ ਜਾਂਦਾ ਸੀ।

ਮੈਂ ਕੁਝ ਲੋਕਾਂ ਵਲੋਂ ਸਕੂਲਾਂ ਦੀ ਹਮਾਇਤ ਕਰਨ ਦੀ ਕੋਸ਼ਿਸ਼ ਸੁਣੀ ਹੈ, ਉਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਸਕੂਲਾਂ ਨੇ ਬਹੁਤ ਚੰਗਾ ਕੰਮ ਕੀਤਾ ਹੈ। ਉਹਨਾਂ ਵਿਚੋਂ ਕੁਝ ਇਕ ਦਾ ਕਹਿਣਾ ਹੈ ਕਿ ਸਕੂਲ ਕਈ ਬੱਚਿਆਂ ਲਈ ਉਹਨਾਂ ਦੇ ਘਰਾਂ ਨਾਲੋਂ ਕਿਤੇ ਵਧੀਆ ਥਾਂ ਸਨ, ਕਿਉਂਕਿ ਉਹਨਾਂ ਦੇ ਮਾਪੇ ਸ਼ਰਾਬੀ ਕਬਾਬੀ ਸਨ ਤੇ ਸਕੂਲ ਉਹਨਾਂ ਬੱਚਿਆਂ ਨੂੰ ਸੁਰੱਖਿਅਤ ਥਾਂ ਦਿੰਦਾ ਸੀ ਤੇ ਵਧੀਆ ਖਾਣਾ। ਇਸਦੇ ਵਿਚ ਕੋਈ ਸ਼ੱਕ ਨਹੀਂ ਕਿ ਮੇਰੀ ਪੀੜ੍ਹੀ ਦੇ ਬਹੁਤ ਸਾਰੇ ਬੱਚਿਆਂ ਦੇ ਮਾਪੇ ਸ਼ਰਾਬੀ ਸਨ ਪਰ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਸ਼ਰਾਬੀ ਬਣੇ ਕਿਵੇਂ? ਉਹਨਾਂ ਦੇ ਸ਼ਰਾਬੀ ਹੋਣ ਦਾ ਕਾਰਨ ਸਿਰਫ ਇਹ ਤਾਂ ਨਹੀਂ ਸੀ ਕਿ ਉਹ ਨੇਟਿਵ ਸਨ ਇਸ ਕਰਕੇ ਸ਼ਰਾਬੀ ਸਨ। ਉਹਨਾਂ ਦੇ ਸ਼ਰਾਬੀ ਹੋਣ ਵਿਚ ਵੀ ਕਾਫੀ ਹੱਦ ਤੱਕ ਸਲੂਕ ਦਾ ਹੀ ਹੱਥ ਸੀ। ਤੇ ਜਿਥੇ ਤੱਕ ਸਕੂਲ ਵਿਚ ਬੱਚਿਆਂ ਦੀ ਸੁਰੱਖਿਆ ਅਤੇ ਖਾਣੇ ਦਾ ਸਬੰਧ ਹੈ, - ਮੇਰੇ ਖਿਆਲ ਵਿਚ ਜਿਹੜੀਆਂ ਹੁਣ ਕਹਾਣੀਆਂ ਬਾਹਰ ਆ ਰਹੀਆਂ ਹਨ ਉਹਨਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਬੱਚੇ ਕਿਸੇ ਤਰ੍ਹਾਂ ਵੀ ਉਥੇ ਸੁਰੱਖਿਅਤ ਮਹਿਸੂਸ ਨਹੀਂ ਸੀ ਕਰਦੇ ਅਤੇ ਖਾਣਾ ਤਾਂ ਸੂਰਾਂ ਦੇ ਖਾਣ ਯੋਗ ਵੀ ਨਹੀਂ ਸੀ। ਇਕ ਔਰਤ ਜੋ ਸੱਠਵਿਆਂ ਵਿਚ ਸੈਂਟ ਜੋਸਿਫ ਮਿਸ਼ਨ ਵਿਚ ਕੰਮ ਕਰਦੀ ਸੀ, ਨੂੰ ਯਾਦ ਹੈ ਕਿ ਇਕ ਵਾਰ ਉਸਨੂੰ ਕੰਮ ਤੋਂ ਇਸ ਕਰਕੇ ਹਟਾਇਆ ਜਾਣ ਲੱਗਾ ਸੀ ਕਿ ਉਸਨੇ ਅਤੇ ਹੋਰ ਕਾਮਿਆਂ ਨੇ ਬੱਚਿਆਂ ਨੂੰ ਸੜੀ ਹੋਈ ਮੈਕਾਰੋਨੀ ਖਾਣ ਨੂੰ ਦੇਣ ਤੋਂ ਨਾਂ ਕਰ ਦਿੱਤੀ ਸੀ। ਉਹਨਾਂ ਨੇ ਉਹ ਖਾਣਾ ਸੂਰਾਂ ਨੂੰ ਪਾ ਦਿੱਤਾ ਸੀ।

ਮੈਨੂੰ ਇਕ ਘਟਨਾ ਯਾਦ ਹੈ ਜਦੋਂ ਇਕ ਕੁੜੀ ਨੂੰ ਆਪਣਾ ਖਾਣਾ ਗਾਰਬੇਜ ਵਿਚ ਸੁੱਟਦਿਆਂ ਫੜ ਲਿਆ ਗਿਆ ਸੀ ਕਿਉਂਕਿ ਉਹ ਖਾਣਾ ਖਾਣ ਵਾਲਾ ਨਹੀਂ ਸੀ। ਉਹਨੂੰ ਗਾਰਬੇਜ ਵਿਚੋਂ ਆਪਣਾ ਖਾਣਾ ਕੱਢ ਕੇ ਖਾਣਾ ਪਿਆ। ਉਹ ਉਥੇ ਬੈਠੀ ਰੋ ਰਹੀ ਸੀ ਤੇ ਆਪਣਾ ਖਾਣਾ ਹਲਕ ਦੇ ਥੱਲੇ ਲੰਘਾਉਣ ਦੀ ਕੋਸ਼ਿਸ਼ ਕਰ ਰਹੀ ਸੀ ਤੇ ਨਾਲ ਹੀ ਆ ਰਹੀ ਉਲਟੀ ਰੋਕ ਰਹੀ ਸੀ। ਇਹੋ ਜਿਹੇ ਵਾਕਿਆ ਆਮ ਹੁੰਦੇ ਸਨ। ਇਥੇ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਸੱਠਵਿਆਂ ਦੇ ਅਖੀਰ ਤੱਕ ਸਕੂਲ ਵਿਚ ਸਕੂਲ ਦੇ ਅਧਿਕਾਰੀ ਤੇ ਸਕੂਲ ਦੇ ਕਰਮਚਾਰੀ ਬੱਚਿਆਂ ਨਾਲੋਂ ਵੱਖਰਾ ਖਾਣਾ ਖਾਂਦੇ ਸਨ। ਉਹਨਾਂ ਦੇ ਖਾਣੇ ਦੇ ਕਮਰੇ ਦੂਜੇ ਪਾਸੇ ਹੁੰਦੇ ਸਨ ਤੇ ਬੱਚੇ ਉਧਰ ਨੂੰ ਜਾਂਦੀਆਂ ਵਧੀਆਂ ਖਾਣਿਆਂ ਦੀ ਪਲੇਟਾਂ ਦੇਖ ਹੀ ਸਕਦੇ ਸਨ ਜਾਂ ਹਵਾ ਵਿਚੋਂ ਸੁੰਘ ਸਕਦੇ ਸਨ। ਅਧਿਕਾਰੀਆਂ ਲਈ ਖਾਣੇ ਨੂੰ ਚੰਗਾ ਕਹਿਣਾ ਸੁਖਾਲਾ ਹੈ ਕਿਉਂਕਿ ਉਹਨਾਂ ਨੂੰ ਬੱਚਿਆਂ ਵਾਲਾ ਖਾਣਾ ਨਹੀਂ ਸੀ ਖਾਣਾ ਪੈਂਦਾ। ਜਦੋਂ ਗਰਮੀਆਂ ਵਿਚ ਮੈਂ ਤੇ ਮੇਰਾ ਭਰਾ ਘਰ ਜਾਂਦੇ ਹੁੰਦੇ ਸਾਂ ਤਾਂ ਮੇਰੀ ਦਾਦੀ ਦਾ ਸੱਭ ਤੋਂ ਵੱਡਾ ਕੰਮ ਸਾਨੂੰ ਸਕੂਲ ਵਾਪਸ ਜਾਣ ਤੋਂ ਪਹਿਲਾਂ ਮੋਟੇ ਕਰਨਾ ਹੁੰਦਾ ਸੀ। ਦੂਜੇ ਮਾਪੇ ਵੀ ਆਪਣੇ ਬੱਚਿਆਂ ਨੂੰ ਗਰਮੀਆਂ ਵਿਚ ਇਸੇ ਤਰ੍ਹਾਂ ਕਰਦੇ ਸਨ।

ਉਹਨਾਂ ਦਾ ਇਹ ਬਹਾਨਾ ਕਿ ਚਰਚਾਂ ਲਈ ਇਹ ਜ਼ਰੂਰੀ ਸੀ ਕਿ ਉਹ ਬੱਚਿਆਂ ਨੂੰ ਕਰਿਸਚੀਅਨਾਂ ਤੇ ਤਰੀਕੇ ਨਾਲ ਸਭਿਆ ਬਣਾਉਂਦੇ ਅਤੇ ਉਹਨਾਂ ਨੂੰ ਰੱਬ ਦਾ ਪਿਆਰ ਸਿਖਾਉਂਦੇ ਇਕ ਮਖੌਲ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਹੈ। ਸਾਡਾ ਨੇਟਿਵ ਸਭਿਆਚਾਰ ਪੈਦਾ ਕਰਨ ਵਾਲੇ ਨੂੰ ਮੰਨਦਾ ਹੈ ਪਰ ਪੈਦਾ ਕਰਨ ਵਾਲਾ ਸਾਡੇ ਸਭਿਆਚਾਰ ਵਿਚ ਇਕ ਪਿਆਰ ਕਰਨ ਵਾਲਾ, ਭੁੱਲ ਬਖਸ਼ਣ ਵਾਲਾ ਰੱਬ ਹੈ ਨਾ ਕਿ ਸਜਾ ਦੇਣ ਵਾਲਾ ਰੱਬ ਜਿਹਦੇ ਬਾਰੇ ਦੱਸ ਦੱਸ ਕਿ ਇਹ ਸਾਨੂੰ ਡਰਾਉਂਦੇ ਰਹੇ ਹਨ। ਇਸ ਕਰਕੇ ਨੇਟਿਵ ਲੋਕਾਂ ਨੂੰ ਧਰਮ ਬਾਰੇ ਸਿਖਾਉਣ ਦਾ ਇਹਨਾਂ ਦਾ ਬਹਾਨਾ ਤਾਂ ਕਿਸੇ ਤਰ੍ਹਾਂ ਵੀ ਸੱਚ ਨਹੀਂ ਹੈ। ਇਹ ਚਰਚਾਂ ਦੇ ਮਿਸ਼ਨਰੀ ਅਤੇ ਕੈਨੇਡਾ ਦੀ ਸਰਕਾਰ ਆਮ ਬੰਦੇ ਹੀ ਸਨ ਜਿਹਨਾਂ ਨੂੰ ਇਹ ਭੁਲੇਖਾ ਪੈ ਗਿਆ ਕਿ ਉਹਨਾਂ ਕੋਲ ਰੱਬ ਬਣ ਕੇ ਦੂਜੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਲਣ ਦੀ ਸ਼ਕਤੀ ਹੈ। ਉਹ ਇਹ ਕਰਦੇ ਰਹੇ ਹਨ ਉਹਨਾਂ ਜਥੇਬੰਦੀਆਂ ਦੇ ਪਿਛੇ ਲੁਕ ਕੇ ਜਿਹਨਾਂ ਤੇ ਲੋਕ ਪਹਿਲਾਂ ਸ਼ੱਕ ਨਹੀਂ ਸੀ ਕਰਦੇ।

... ਜਦੋਂ ਤੁਸੀਂ ਠੀਕ ਹੋਣ ਲਗਦੇ ਹੋ ਤਾਂ ਤੁਸੀਂ ਕਈ ਕਿਸਮ ਦੇ ਪੜਾਵਾਂ ਵਿਚੋਂ ਲੰਘਦੇ ਹੋ। ਸਾਡੀ ਜ਼ਬਾਨ ਵਿਚ ਸੈਮੀਸੈਵਨ ਦਾ ਮਤਲਬ ਹੈ ਗੋਰਾ ਆਦਮੀ ਤੇ ਇਕ ਸਮੇਂ ਤੱਕ ਇਹ ਸ਼ਬਦ ਮੇਰੇ ਲਈ ਨਿਹਾਇਤ ਗੰਦਾ ਸ਼ਬਦ ਸੀ। ਜਦੋਂ ਮੈਨੂੰ ਸਕੂਲ ਵਿਚ ਕੀਤੇ ਗਏ ਬਰੇਨਵਾਸ਼ ਦੀ ਸਮਝ ਆਉਂਣ ਲੱਗੀ ਤਾਂ ਮੇਰੇ ਮਨ ਵਿਚ ਗੋਰਿਆਂ ਲਈ ਹੱਦ ਦਰਜੇ ਦੀ ਨਫਰਤ ਵਸਦੀ ਸੀ। ਮੈਂ ਵੀ ਸੈਮੀਸੈਵਨ ਸ਼ਬਦ ਦਾ ਉਸੇ ਤਰ੍ਹਾਂ ਇਸਤੇਮਾਲ ਕਰਦੀ ਸਾਂ ਜਿਸ ਤਰ੍ਹਾਂ ਮੈਂ ਹੋਰ ਇੰਡੀਅਨਾਂ ਨੂੰ ਕਰਦਿਆਂ ਹਮੇਸ਼ਾਂ ਸੁਣਦੀ ਸਾਂ, ਹੱਦ ਦਰਜੇ ਦੀ ਘਿਰਣਾ ਨਾਲ। ਮੈਂ ਕਦੀ ਇਹ ਸੋਚਣ ਦੀ ਵੀ ਲੋੜ ਨਹੀਂ ਸੀ ਸਮਝੀ ਕਿ ਕੁਝ ਗੋਰੇ ਚੰਗੇ ਵੀ ਹੋ ਸਕਦੇ ਹਨ। ਮੇਰੇ ਲਈ ਉਹ ਸਾਰੇ ਹੀ ਮਾੜੇ ਸਨ ਤੇ ਖਾਸ ਤੌਰ ਤੇ ਉਹ ਜਿਹਨਾਂ ਤੇ ਮੈਨੂੰ ਮਾੜਾ ਜਿਹਾ ਵੀ ਸ਼ੱਕ ਹੋ ਜਾਵੇ ਕਿ ਉਹ ਆਪਣੇ ਆਪ ਨੂੰ ਮੇਰੇ ਨਾਲੋਂ ਵਧੀਆ ਸਮਝਦੇ ਸਨ ਕਿਉਂਕਿ ਮੈਂ ਸਕੂਲ ਦੀ ਸਿਖਿਆ ਦੇ ਭਾਰ ਥੱਲਿਓਂ ਨਿਕਲ ਚੁੱਕੀ ਸਾਂ। ਸ਼ੁਕਰ ਨਾਲ ਉਹ ਪੜਾ ਵੀ ਹੁਣ ਲੰਘ ਗਿਆ ਹੈ ਤੇ ਹੁਣ ਅਸੀਂ ਨਫਰਤ ਤੋਂ ਅੱਗੇ ਦੂਜਿਆਂ ਨੂੰ ਮਨੁੱਖਾਂ ਦੇ ਤੌਰ ਤੇ ਦੇਖਣ ਯੋਗ ਹੋ ਗਏ ਹਾਂ।

... ਅਸੀਂ ਆਪਣੇ ਲੋਕਾਂ ਦਾ ਸੁਧਾਰ ਕਰਨ ਦੇ ਨਵੇਂ ਨਵੇਂ ਤਰੀਕੇ ਅਜ਼ਮਾ ਰਹੇ ਹਾਂ। ਪਿਛਲੇ ਸਮੇਂ ਵਿਚ ਅਸੀਂ ਹਰ ਕਿਸਮ ਦੇ ਪ੍ਰੋਗਰਾਮਾਂ ਦੀ ਵਰਤੋਂ ਕੀਤੀ। ਅਸੀਂ ਸ਼ਰਾਬ ਤੇ ਨਸ਼ਿਆਂ ਦੀ ਦੁਰਵਰਤੋਂ ਹਟਾਉਣ ਲਈ ਕੇਂਦਰ ਸਥਾਪਤ ਕੀਤੇ। ਅਸੀਂ ਆਪਣੇ ਲੋਕਾਂ ਦਾ ਸਵੈ-ਮਾਣ ਉਚਾ ਚੱਕਣ ਲਈ ਕਈ ਕੋਰਸਾਂ ਦਾ ਪ੍ਰਬੰਧ ਕੀਤਾ ਪਰ ਕੋਈ ਵੀ ਤਰੀਕਾ ਕੰਮ ਨਹੀਂ ਸੀ ਕਰਦਾ ਲੱਗਦਾ ਕਿਉਂਕਿ ਅਸੀਂ ਸਿਰਫ ਸਮੱਸਿਆ ਦਾ ਬਾਹਰੀ ਲੱਛਣਾਂ ਨੂੰ ਹੀ ਸੁਧਾਰਨ ਦੀ ਕੋਸ਼ਿਸ਼ ਕਰ ਰਹੇ ਸੀ ਇਸਦੇ ਅਸਲੀ ਕਾਰਨਾਂ ਨੂੰ ਨਹੀਂ। ਅਸੀਂ ਹਰ ਇਕ ਚੀਜ਼ ਉਪਰ ਇਲਜ਼ਾਮ ਲਾਉਂਦੇ ਰਹੇ, ਪਰ ਸਕੂਲਾਂ ਉਪਰ ਉਂਗਲੀ ਨਾ ਰੱਖੀ ਕਿਉਂਕਿ ਸਕੂਲਾਂ ਬਾਰੇ ਗੱਲਬਾਤ ਕਰਨੀ ਬਹੁਤ ਦੁਖਦਾਈ ਸੀ। ਪਰ ਹੌਲੀ ਹੌਲੀ ਜਦੋਂ ਅਸੀਂ ਸਕੂਲ ਦੇ ਬਚਪਨ ਦੇ ਤਜ਼ਰਬੇ ਇਕ ਦੂਜੇ ਨਾਲ ਸਾਂਝੇ ਕਰਨੇ ਸ਼ੁਰੂ ਕੀਤੇ ਤਾਂ ਸਾਰੀ ਗੱਲ ਦਾ ਭੇਤ ਖੁੱਲਣ ਲੱਗਾ। ਸਾਨੂੰ ਅਸਲੀ ਕਾਰਨਾਂ ਦਾ ਗਿਆਨ ਹੋਣ ਲੱਗਾ ਅਤੇ ਉਸ ਮੁਤਾਬਕ ਕੁਝ ਹੱਲ ਵੀ ਲੱਭਣੇ ਸ਼ੁਰੂ ਹੋ ਗਏ। ਸਾਨੂੰ ਪਤਾ ਹੈ ਕਿ ਹੋਏ ਨੁਕਸਾਨ ਨੂੰ ਮੋੜ ਦੇਣ ਲਈ ਬੜਾ ਵਕਤ ਲੱਗੇਗਾ ਪਰ ਨਾਲ ਹੀ ਸਾਨੂੰ ਇਹ ਵੀ ਪਤਾ ਹੈ ਕਿ ਹੁਣ ਅਸੀਂ ਸਹੀ ਦਿਸ਼ਾ ਵੱਲ ਜਾ ਰਹੇ ਹਾਂ।

**(ਅਨੁਵਾਦ - ਸਾਧੂ)**

# Paul's

## Plumbing, Electrical & Heating Supply



Plumbing & Bathroom Hot Wate- Heating
Fixtures & Supplies
Hot Water Tanks
Supplies &Installation

**We also do new houses' Plumbing**

**4578 Main St., Vancouver**
**Ph: 872-3118, 872-7277**

*Business Cards - Wedding Cards Letterheads - Envelopes - Brochures - Menus - Business Forms - Flyers - Etc.,*

Special Photocopies

1-10 copies 7 cents
11-30 copies 6 cents
31-75 copies 5 cents
76 & up 4.5 cents

B/W X 11
(price per original)

FULL COLOR COPIES

**BUSINESS CARDS (BLACK ON WHITE)**

**$ 19.95**

**1000 Business Cards**

## SUPER PRINTERS

Stationery & Copy Centre Ltd.

5934 Fraser Street, Vancouver, B.C.
V5W 2Z7

**321-0220**

**WANT TO SELL FASTER? LOOKING FOR A GOOD DEAL?**

List with well known Indo-Canadian Personality



***Darshan Bains***

**Res: 275-2533 Pager 667-0884**

MULTIPLE REALTY LTD

**Multiple Realty**
**2298 Kingsway**
**Vancouver**
**Ph:434-1431**

**The Catering King Since 1975**

Serving Indian & Canadian Cuisine
Complete wedding banquet centre

M·R MOTI RAJA

CITY Caterers & PARTY PLUS RENTALS

# 8336 St. George St. Vancouver

Ph: 325-5014
Fax: 321-3223

City Kitchen
Ph: 322-2489

ਕਹਾਣੀ

# ਸ਼ੱਕ ਦਾ ਡੰਗ

## । ।

### ਸੁਰਜੀਤ ਕਲਸੀ

ਸਮਾਂ ਹਰ ਗੱਲ ਨੂੰ ਪੁਰਾਣੀ ਕਰ ਦਿੰਦਾ ਹੈ, ਜ਼ਖ਼ਮਾਂ 'ਤੇ ਮਰਹਮ ਲਗਾ ਦਿੰਦਾ ਹੈ ਪਰ ਅੰਦਰੋਂ ਜ਼ਖ਼ਮ ਕਈ ਕਈ ਸਾਲ ਰਿਸਦੇ ਰਹਿੰਦੇ ਹਨ। ਅਜ ਦੀ ਇਸ ਇਕਾਂਤ ਰਾਤ ਵਿਚ ਮੁਕੰਦ ਨੂੰ ਬੀਤੇ ਦਸ ਬਾਰਾਂ ਸਾਲਾਂ ਦੀ ਯਾਦ ਆ ਰਹੀ ਸੀ। ਤੇ ਅੱਜ ਉਸ ਜੋ ਨਵਾਂ ਫੈਸਲਾ ਕੀਤਾ ਸੀ ਉਹ ਉਸਦੀ ਅੰਤਰ ਆਤਮਾ ਨੂੰ ਕਈ ਵਾਰ ਝੰਜੋੜ ਚੁਕਾ ਸੀ, ਤੇ ਉਸਦੇ ਜ਼ਖ਼ਮਾਂ ਦੇ ਜਿਵੇਂ ਟਾਂਕੇ ਟੁੱਟ ਗਏ ਹੋਣ। ਉਸ ਨੂੰ ਜ਼ਿੰਦਗੀ ਦੀ ਖਿੱਦੋ ਲੀਰਾਂ ਦੀ ਨਜ਼ਰ ਆਉਣ ਲੱਗੀ। ਸਮੇਂ ਦੀ ਤੇਜ਼ ਧਾਰ ਉਤੇ ਜ਼ਿੰਦਗੀ ਦੀ ਪੱਕੀ ਪੀਡੀ ਖਿੱਦੋ ਰੁੜ੍ਹਨ ਲਗਦੀ ਹੈ ਤਾਂ ਆਪਣੇ ਨਾਲ ਸਮੇਂ ਦੀਆਂ ਕਤਰਨਾਂ ਵਲ੍ਹੇਟਦੀ ਤੁਰੀ ਜਾਂਦੀ ਹੈ...ਤੇ ਝੁਰੜੀਆਂ ਵਾਲੀ ਉਮਰਾ ਤੱਕ ਉਹ ਖਿੱਦੋ ਲੀਰਾਂ ਦੀ ਹੀ ਨਜ਼ਰ ਆਉਂਦੀ ਹੈ; ਹਰ ਕਤਰਨ ਇਕ ਘਟਨਾ ਦੇ ਇਤਿਹਾਸ ਨਾਲ ਲਬਰੇਜ਼ ਮੁਸਕਾਂਦੀ ਹੈ ਤੇ ਬੀਤੇ ਦਾ ਹਰ ਪਲ ਅੱਖਾਂ ਅੱਗੋਂ ਫਿਲਮ ਦੀ ਰੀਲ ਵਾਂਗ ਘੁੰਮ ਜਾਂਦਾ ਹੈ। ਮੁਕੰਦ ਨੇ ਦੋਹਾਂ ਹਥਾਂ ਨਾਲ ਆਪਣਾ ਸਿਰ ਘੁੱਟ ਕੇ ਫੜ੍ਹ ਲਿਆ ਜਿਵੇਂ ਬੀਤੇ ਦਿਨਾਂ ਦੀ ਕਲਪਨਾ ਨਾਲ ਉਸਦਾ ਸਿਰ ਫੱਟਦਾ ਜਾ ਰਿਹਾ ਹੋਵੇ।

ਇਕ ਰਿਸਦੇ ਨਸੂਰ ਨੂੰ ਦਿਲ ਵਿਚ ਛੁਪਾਈ ਮੁਕੰਦ ਕਈਆਂ ਸਾਲਾਂ ਤੋਂ ਇਕੱਲਾ ਹੀ ਰਹਿ ਰਿਹਾ ਸੀ। ਪੰਦਰਾਂ ਕੁ ਸਾਲ ਪਹਿਲਾਂ ਕਨੇਡਾ ਆਇਆ ਤਾਂ ਉਸਨੇ ਸੁਣ ਰੱਖਿਆ ਸੀ ਕਿ ਕਿਸੇ ਗੋਰੀ ਨਾਲ ਵਿਆਹ ਕਰਵਾ ਕੇ ਉਹ ਫਰੀ ਹੋ ਸਕਦਾ ਸੀ। ਇਹੋ ਹੀ ਮੁਕੰਦ ਨੇ ਕੀਤਾ। ਪਰ ਇਸਦੇ ਨਤੀਜਿਆਂ ਤੋਂ ਬੇਖ਼ਬਰ ਸੀ। ਉਹ ਗੋਰੀ ਨਾ ਸਿਰਫ ਉਸ ਤੋਂ ਕਈ ਸਾਲ ਧਮਕੀਆਂ ਦੇ ਕੇ ਪੈਸੇ ਬਟੋਰਦੀ ਰਹੀ ਸਗੋਂ ਬਿਨਾਂ ਪੁੱਛੇ ਦੱਸੇ ਜਦੋਂ ਦਿਲ ਕਰਦਾ ਉਹਦੇ ਘਰ ਆ ਧਮਕਦੀ ਤੇ ਇਸ ਤਰ੍ਹਾਂ ਰਹਿੰਦੀ, ਖਾਂਦੀ ਪੀਂਦੀ ਜਿਵੇਂ ਉਸਦਾ ਹੀ ਘਰ ਹੋਵੇ। ਜਿੰਨੇ ਪੈਸੇ ਮਿੱਥੇ ਸਨ ਉਸਤੋਂ ਕਈ ਹਜ਼ਾਰ ਵੱਧ ਖਾ ਗਈ ਪਰ ਫੇਰ ਵੀ ਖਹਿੜਾ ਨਾ ਛਡਿਆ। ਅੱਕ ਕੇ ਮੁਕੰਦ ਨੇ ਸ਼ਹਿਰ ਛੱਡਣ ਦਾ ਫੈਸਲਾ ਕਰ ਲਿਆ। ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਉਸ ਸ਼ਹਿਰ ਬਦਲ ਲਿਆ। ਦੋ ਚਾਰ ਸਾਲਾਂ ਵਿਚ ਸੈੱਟ ਹੋ ਗਿਆ, ਫਿਰ ਕਿਤੇ ਜਾ ਕੇ ਹੋਸ਼ ਆਉਣ ਲੱਗੀ ਤਾਂ ਇੰਡੀਆ ਜਾ ਕੇ ਵਿਆਹ ਕਰਵਾਉਣ ਦੀ ਠਾਨ ਲਈ। ਇੰਡੀਆ ਗਏ ਨੂੰ ਰਿਸ਼ਤਿਆਂ ਦੀ ਭਰਮਾਰ ਸੀ। ਮਾਂ ਪਿਓ ਨੇ ਪਹਿਲਾਂ ਹੀ ਚੰਗੇ ਖਾਂਦੇ ਪੀਂਦੇ ਘਰਾਂ ਦੀਆਂ ਕੁੜੀਆਂ ਵੇਖ, ਪਸੰਦ, ਰੱਦ ਕਰ, ਤੇ ਫੇਰ ਕਈਆਂ ਨਾਲ ਗੱਲ ਬਾਤ ਚਲਾਉਣ ਦੇ ਲਾਰੇ ਲਾਏ ਹੋਏ ਸਨ।

ਮੁਕੰਦ ਕੋਲ ਮਸਾਂ ਮਹੀਨੇ ਦੀ ਛੁੱਟੀ ਹੀ ਹੋਣ ਕਰਕੇ ਉਹਨੇ ਝੱਟ ਪੱਟ ਇਕ ਮੂੰਹ ਮੱਥੇ ਲਗਦੀ ਕੁੜੀ ਮੰਜ਼ੂਰ ਕਰ ਲਈ। ਵਿਆਹ ਹੋ ਗਿਆ। ਬਹੂ ਦੇ ਕਾਗ਼ਜ਼ ਭਰ ਕੇ ਮੁਕੰਦ ਖ਼ੁਸ਼ੀ ਖ਼ੁਸ਼ੀ ਵਾਪਸ ਪਰਤ ਆਇਆ। ਇਕ ਨਵੀਂ ਖ਼ੁਸ਼ੀ, ਹੁਣ ਇਕ ਨਵੀਂ ਜ਼ਿੰਦਗੀ ਦਾ ਤਸੱਵਰ ਉਸਦੀਆਂ ਅੱਖਾਂ ਵਿਚ ਤੈਰਦਾ ਰਹਿੰਦਾ। ਉਹ ਹਰ ਕਿਸੇ ਨਾਲ ਖ਼ੁਸ਼ ਹੋ ਕੇ ਬੋਲਦਾ। ਨਵੇਂ ਬਣਾਏ ਮਿਤੱਰਾਂ ਬੇਲੀਆਂ ਨੂੰ ਪਾਰਟੀਆਂ 'ਤੇ ਬੁਲਾਉਂਦਾ...ਤੇ ਉਛਲਦੇ ਦਿਲ ਨਾਲ ਆਪਣੀ ਨਵੀਂ ਬਹੂ ਤਾਰਿਕਾ ਦੀ ਉਡੀਕ ਕਰਦਾ। ਸਾਲ ਡੇਢ ਸਾਲ ਲੰਘ ਗਿਆ। ਇਮੀਗ੍ਰੇਸ਼ਨ ਦੇ ਚੱਕਰਵਿਯੂ 'ਚੋਂ ਨਿਕਲ ਕੇ ਤਾਰਿਕਾ ਆਖ਼ਿਰ ਕਨੇਡਾ ਪਹੁੰਚ ਗਈ।

ਮੁਕੰਦ ਦੀ ਜ਼ਿੰਦਗੀ ਵਿਚ ਨਵੀਂ ਚਮਕ ਆ ਗਈ। ਉਹ ਹਰ ਹੀਲੇ ਤਾਰਿਕਾ ਨੂੰ ਖ਼ੁਸ਼ ਰੱਖਣ ਦੇ ਯਤਨ ਕਰਦਾ। ਵੀਕਐਂਡ ਆਉਂਦਾ ਤਾਂ ਕਦੀ ਫਿਲਮ, ਕਦੀ ਰੈਸਟੋਰੈਂਟ, ਜਾਂ ਕਦੀ ਕਨੇਡਾ ਦੇ ਸੁੰਦਰ ਪਾਰਕਾਂ, ਪਹਾੜਾਂ ਤੇ ਝੀਲਾਂ ਦਿਖਾਉਣ ਨਿਕਲ ਜਾਂਦਾ। ਉਸ ਨੂੰ ਜਾਪਦਾ ਜ਼ਿੰਦਗੀ ਹੁਣ ਆਪਣੀ ਸਹੀ ਲੀਹ ਤੇ ਪੈ ਤੁਰੀ ਜਾਏਗੀ....ਤਾਰਿਕਾ ਵੀ ਕਮਾਉਣ ਲੱਗ ਪਏਗੀ। ਉਹ ਆਪਣਾ ਇਕ ਘਰ ਖਰੀਦ ਲੈਣਗੇ...ਫਿਰ ਘਰ ਵਿਚ ਬੱਚਿਆਂ ਦੀਆਂ ਕਿਲਕਾਰੀਆਂ ਦਾ ਸੁਖਾਵਾਂ ਸ਼ੋਰ ਭਰ ਜਾਏਗਾ, ਫਿਰ ਆਪਣੇ ਮਾਂ ਪਿਓ ਦੀ ਅਰਜ਼ੀ ਭਰ ਲਵੇਗਾ...ਤਾਰਿਕਾ ਵੀ ਤਾਂ ਆਪਣੇ ਮਾਂ ਪਿਓ ਨੂੰ ਮੰਗਵਾਉਣਾ ਚਾਹੇਗੀ...ਫੇਰ ਕੀ ਐ? ...ਮੁਕੰਦ ਦਾ ਮਨ ਇਹ ਸਾਰੀ ਕਲਪਨਾ ਕਰਦਾ ਰਹਿੰਦਾ ਤੇ ਇਸੇ ਤਰ੍ਹਾਂ ਦਿਨ ਰਾਤ ਉੱਡਦੇ ਜਾਪਣ ਲੱਗੇ। ਮੁਕੰਦ ਤੋਂ ਇਹ ਸਹਿਨ ਨਹੀਂ ਸੀ ਹੁੰਦਾ ਕਿ ਤਾਰਿਕਾ ਸਾਰਾ ਦਿਨ ਇਕੱਲੀ ਬਿਤਾਏ, ਇਸ ਲਈ ਉਸਨੇ ਤਾਰਿਕਾ ਨੂੰ ਸੁਝਾ ਦਿੱਤਾ ਕਿ ਉਹ ਘਰ ਬੈਠੀ ਅੰਗ੍ਰੇਜ਼ੀ ਦਾ ਅਭਿਆਸ ਕਰ ਲਿਆ ਕਰੇ ਜਾਂ ਕੋਈ ਕੋਰਸ ਕਰ ਲਵੇ। ਨਾਲੇ ਜੀ ਲੱਗਾ ਰਿਹਾ ਕਰੇਗਾ, ਨਾਲੇ ਕੰਮ ਲੱਭਣ ਵਿਚ ਆਸਾਨੀ ਹੋਏਗੀ।

ਅਜੇ ਕਲਪਨਾ ਦੀ ਸੱਤਰੰਗੀ ਪੀਂਘ ਤੇ ਹੁਲਾਰਾ ਵੀ ਨਹੀਂ ਸੀ ਆਇਆ ਕਿ ਇਕ ਘਨਘੋਰ ਕਾਲੇ ਬੱਦਲ ਨੇ ਮੁਕੰਦ ਦੇ ਜ਼ਿਹਨ ਦੇ ਆਕਾਸ਼ ਨੂੰ ਢੱਕ ਲਿਆ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਲੀਰਾਂ ਦੀ ਖਿੱਦੋ ਤੋਂ ਉਧੜਦੀ ਆਉਂਦੀ ਅਗਲੀ ਕਤਰਨ ਉਸਦੀ ਜ਼ਿੰਦਗੀ ਦੇ ਰਿਸਦੇ ਨਸੂਰ ਦੀ ਗਵਾਹੀ ਸੀ। ਤਾਰਿਕਾ ਨੂੰ ਕਨੇਡਾ ਆਈ ਨੂੰ ਅਜੇ ਮਸਾਂ ਤਿੰਨ ਕੁ ਮਹੀਨੇ ਹੋਏ ਸਨ ਕਿ ਉਸਦੀ ਰਿਸ਼ਤੇਦਾਰੀ 'ਚੋਂ ਦੂਰੋਂ ਨੇੜਿਓਂ ਲਗਦੇ ਇਕ ਅੰਕਲ ਦਾ ਇਕ ਦਿਨ ਅਚਾਨਕ ਫੋਨ ਆਇਆ ਕਿ ਉਹ ਅਮਰੀਕਾ ਆਪਣੀ ਭੈਣ ਨੂੰ ਮਿਲਣ ਆਏ ਹੋਏ ਹਨ ਤੇ ਕਨੇਡਾ ਵੀ ਆਉਣਗੇ। ਅੰਕਲ ਆਏ, ਪੰਦਰਾਂ ਕੁ ਦਿਨ ਰਹਿਕੇ ਚਲੇ ਗਏ। ਮਗਰੋਂ ਤਾਰਿਕਾ ਦੀਆਂ ਅੱਖਾਂ ਵਿਚ ਖ਼ਲਾਅ ਉਤਰ ਆਇਆ ਸੀ। ਉਹ ਬਹੁਤ ਉਦਾਸ ਰਹਿਣ ਲੱਗ ਪਈ ਸੀ। ਇਹ ਸੋਚ ਕੇ ਮੁਕੰਦ ਨੂੰ ਖ਼ਿਆਲ ਆਇਆ, ਕਿਉਂ ਨਾ ਉਹ ਰੀਲਾਂ ਧੁਆ ਲਿਆਵੇ ਜਿਸ ਵਿਚ ਪਿਛਲੇ ਦਿਨਾਂ ਦੀਆਂ ਫੋਟੋਆਂ ਖਿੱਚਿਆਂ ਸਨ। ਉਂਝ ਵੀ ਸ਼ਾਇਦ ਤਾਰਿਕਾ ਫੋਟੋਆਂ ਵੇਖਕੇ ਖ਼ੁਸ਼ ਹੋ ਜਾਏਗੀ।

ਮੁਕੰਦ ਫੋਟੋ ਲੈਬ 'ਚੋਂ ਦੋ ਰੀਲਾਂ ਦੀਆਂ ਫੋਟੋਆਂ ਲੈ ਕੇ ਬਾਹਰ ਨਿਕਲਿਆਂ ਤਾਂ ਖ਼ੁਸ਼ ਸੀ, ਚਲੋ ਤਾਰਿਕਾ ਦਾ ਦਿਲ ਕੁਝ ਦਿਨ ਲੱਗਾ ਰਹੇਗਾ। ਇਨ੍ਹਾਂ ਨੂੰ ਉਹ ਹੋਲੀ ਹੋਲੀ ਐਲਬਮ ਵਿਚ ਸਜਾਏਗੀ...ਕੁਝ ਦਿਨ...ਸ਼ਾਇਦ....ਉਹ ਸੋਚ ਰਿਹਾ ਸੀ। ਇਨ੍ਹਾਂ ਵਿਚੋਂ ਇਕ ਰੀਲ ਉਸ ਆਪ ਖਿੱਚੀ ਸੀ ਤੇ ਇਕ ਰੀਲ ਇਕ ਦਿਨ ਕੰਮ ਤੇ ਜਾਣ ਲੱਗਾ ਕੈਮਰੇ ਵਿਚ

ਪਾ ਕੇ ਆਟੋਮੈਟਿਕ ਤੇ ਕਰ ਕੇ ਤਾਰਿਕਾ ਨੂੰ ਦੇ ਗਿਆ ਸੀ ਕਿ ਉਹ ਮਗਰੋਂ ਖਿੱਚ ਲੈਣ, ਇਹ ਗੱਲ ਉਨ੍ਹਾਂ ਦਿਨਾਂ ਦੀ ਸੀ ਜਦੋਂ ਤਾਰਿਕਾ ਦੇ ਅੰਕਲ ਆਏ ਹੋਏ ਸਨ। ਮੁਕੰਦ ਸੋਚੀ ਜਾ ਰਿਹਾ ਸੀ ਤੇ ਹੱਥ ਸਟੇਰਿੰਗ ਤੇ ਫਿਸਲ ਰਹੇ ਸਨ। ਐਵੇਂ ਉਸਦਾ ਜੀ ਕੀਤਾ ਕਿ ਕਿਉਂ ਨਾ ਕਾਰ ਸੜਕ ਦੇ ਇਕ ਪਾਸੇ ਕਰਕੇ ਖੜਾ ਲਵੇ ਤੇ ਤਸਵੀਰਾਂ ਤੇ ਝਾਤੀ ਮਾਰੇ। ਪਤਾ ਨਹੀਂ ਠੀਕ ਵੀ ਆਈਆਂ ਹੋਣਗੀਆਂ ਜਾਂ ਨਹੀਂ.. ਪਰ ਫਿਰ ਦੂਜੇ ਪਲ ਖਿਆਲ ਆਇਆ ਜੇ ਖਰਾਬ ਵੀ ਹੋ ਗਈਆਂ ਹੋਣਗੀਆਂ ਤਾਂ ਹੁਣ ਕਿਹੜਾ ਲੈਬ ਵਾਲਿਆਂ ਨੇ ਠੀਕ ਕਰ ਦੇਣੀਆਂ ਨੇ....ਤੇ ਉਸਨੇ ਫਿਰ ਕਾਰ ਖੜਾਉਣ ਦਾ ਇਰਾਦਾ ਛੱਡ ਕੇ ਕਾਰ ਘਰ ਵੱਲ ਨੂੰ ਮੋੜ ਲਈ। ਪਰ ਪਤਾ ਨਹੀਂ ਉਸ ਨੂੰ ਫਿਰ ਇਕ ਖੁੱਤਖੁਤੀ ਜਿਹੀ ਲੱਗ ਗਈ ਕਿ ਉਹ ਇਕ ਦੱਮ ਉਨ੍ਹਾਂ ਤਸਵੀਰਾਂ ਨੂੰ ਵੇਖੇ...ਤੇ ਉਸਨੇ ਕਾਰ ਨੂੰ ਦੂਜੀ ਲੇਨ ਵਿਚੋਂ ਕੱਢ ਕੇ ਸੜਕ ਦੇ ਇਕ ਪਾਸੇ ਖੜਾ ਕਰ ਲਿਆ। ਫਿਰ ਉਸਨੇ ਫੋਟੋਆਂ ਵਾਲੇ ਲਿਫ਼ਾਫ਼ੇ ਖੋਹਲਣੇ ਸ਼ੁਰੂ ਕੀਤੇ। ਕੁਝ ਫੋਟੋਆਂ ਬਾਹਰ ਤਿਲਕ ਆਈਆਂ ਸਨ...ਰੰਗੀਨ ਤਸਵੀਰਾਂ ਤੇ ਤਾਰਿਕਾ ਦਾ ਚਮਕਦਾ ਚਿਹਰਾ ਤੇ ਉਸਦੇ ਅੰਕਲ ਜੋ ਉਂਝ ਤਾਂ ਅਧਖੜ ਉਮਰ ਦੇ ਦਸਤਾਰ ਧਾਰੀ ਪੁਰਸ਼ ਸਨ, ਫੋਟੋ ਵਿਚ ਬੜੇ ਬਾਂਕੇ ਤੇ ਜਵਾਨ ਦਿਖਾਈ ਦੇ ਰਹੇ ਸਨ। ਮੁਕੰਦ ਨੂੰ ਅਪਣੀ ਫੋਟੋ ਚੰਗੀ ਨਾਂ ਲੱਗੀ। ਦੋਨੋਂ ਲਫ਼ਾਫਿਆਂ ਦੀਆਂ ਫੋਟੋਆਂ ਮੁਕੰਦ ਨੇ ਨਾਲ ਦੀ ਸੀਟ ਤੇ ਢੇਰੀ ਕਰ ਲਈਆਂ, ਫਿਰ ਕਾਹਲੀ ਕਾਹਲੀ ਇਕ ਮਗਰੇ ਇਕ ਚੁੱਕ ਚੁੱਕ ਕੇ ਵੇਖਣ ਲੱਗ ਪਿਆ। ਅਚਾਨਕ ਉਸਦਾ ਹੱਥ ਇਕ ਤਸਵੀਰ ਨਾਲ ਟਕਰਾਕੇ ਜਿਵੇਂ ਮਣਾਂ ਮੂੰਹੀਂ ਭਾਰਾ ਹੋ ਗਿਆ...ਉਸ ਤੋਂ ਹੱਥ ਚੁੱਕ ਹੀ ਨਾ ਹੋਇਆ। ਤਾਰਿਕਾ ਦੇ ਗੱਲ ਵਿਚ ਬਾਹਾਂ ਪਾਈ ਉਹਦੇ ਅੰਕਟ ਖੜੇ ਮੁਸਕੁਰਾ ਰਹੇ ਸਨ। ਤਾਰਿਕਾ ਦੀਆਂ ਅੱਖਾਂ ਵਿਚ ਇਕ ਖਾਸ ਖੁਮਾਰੀ ਸੀ। ਮੁਕੰਦ ਦੀਆਂ ਅੱਖਾਂ ਅੱਗੇ ਕਾਲੇ ਪੀਲੇ ਧੱਬੇ ਜਿਹੇ ਆਉਣ ਲੱਗੇ... ਉਨ੍ਹਾਂ ਦੇ ਚਿਹਰੇ ਮੱਧਮ ਤੇ ਭੂਸਲੇ ਹੁੰਦੇ ਜਾਪੇ। ਇਹ ਕਿਸ ਤਰ੍ਹਾਂ ਹੋ ਸਕਦੈ?....ਮੁਕੰਦ ਦੀ ਸੋਚ ਜਿਵੇਂ ਸੁੰਨ ਹੁੰਦੀ ਜਾ ਰਹੀ ਸੀ। ਔਟੋਮੈਟਿਕ ਤੇ ਕੀਤਾ ਕੈਮਰਾ ਆਪਣਾ ਸ਼ਾਇਦ ਟ੍ਰਿਕ ਮਾਰ ਗਿਆ ਸੀ...ਤਾਰਿਕਾ ਸ਼ਾਇਦ ਕੈਮਰੇ ਦੇ ਇਸ ਗੁਣ ਤੋਂ ਅਣਜਾਣ ਸੀ ਤੇ ਉਹਦੇ ਅੰਕਲ ਪੋਜ਼ ਬਣਾਉਣ 'ਚ ਕੁਝ ਸੈਕਿੰਡਾ ਲਈ ਉਕ ਗਏ ਜਾਪਦੇ ਸਨ...ਪਰ ਉਹ ਆਪਣੇ ਵਹਿਮ ਨੂੰ ਵਹਿਮ ਹੀ ਰਹਿਣ ਦੇਣਾ ਚਾਹੁੰਦਾ ਸੀ....ਤਸਵੀਰ ਨੂੰ ਹਰ ਕੋਣ ਤੋਂ ਧਿਆਨ ਨਾਲ ਘੁੰਮਾ ਫਿਰਾਕੇ ਤੱਕੀ ਜਾ ਰਿਹਾ ਸੀ....ਵਹਿਮ ਲੋਹ-ਡਲੀ ਬਣਦਾ ਜਾ ਰਿਹਾ ਸੀ... ਕਿਤੇ ਇਹ ਹਕੀਕਤ ਹੀ ਨਾ ਹੋਵੇ....ਉਸਦੀ ਸੋਚ ਕਿਸੇ ਅਣਦਿਸਦੀ ਹਕੀਕਤ ਦੀ ਲੋਹ-ਡਲੀ ਨਾਲ ਟਕਰਾ ਟਕਰਾ ਕੇ ਖੁੰਢੀ ਹੋ ਗਈ ਜਾਪਦੀ ਸੀ....ਉਸ ਨੇ ਭਾਰੇ ਭਾਰੇ ਹੱਥਾਂ ਨਾਲ ਮੁੜ ਸਾਰੀਆਂ ਤਸਵੀਰਾਂ ਉਸੇ ਲਫ਼ਾਫੇ ਵਿਚ ਪਾ ਦਿੱਤੀਆਂ। ਇਕ ਦਮ ਕਾਰ ਸਟਾਰਟ ਕੀਤੀ, ਜੀ ਕੀਤਾ ਫੁੱਲ ਸਪੀਡ ਤੇ ਛੱਡ ਦੇਵੇ ਤੇ ਵਜਣ ਦੇਵੇ ਜਿਥੇ ਵਜਦੀ ਹੈ....ਪਰ ਇਨਸਾਨ ਦੇ ਅੰਦਰ ਇਕ ਅਜਿਹੀ ਪ੍ਰਬਲ ਬਿਰਤੀ ਹਮੇਸ਼ਾ ਮੌਜੂਦ ਰਹਿੰਦੀ ਹੈ ਜੋ ਉਸਨੂੰ ਹਰ ਗ਼ਮ, ਦੁੱਖ ਤੇ ਭੈੜੇ ਤੋਂ ਭੈੜੇ ਹਾਲਾਤ ਵਿਚ ਵੀ ਜਿਉਂਦੇ ਰਖਣ ਲਈ ਬਜ਼ਿਦ ਰਹਿੰਦੀ ਹੈ...ਤੇ ਇਨਸਾਨ ਬੁਜ਼ਦਿਲ ਬਣਿਆ ਮੌਤ ਤੋਂ ਡਰਦਾ ਰਹਿੰਦਾ ਹੈ....

ਘਰ ਪਹੁੰਚਿਆਂ, ਉਸਦੇ ਚਿਹਰੇ ਤੇ ਕੋਈ ਸ਼ਿਕਨ ਕੋਈ ਸ਼ਿਕਾਇਤ ਨਹੀਂ ਸੀ। ਮੁਕੰਦ ਨੇ ਖ਼ੁਸ਼ ਹੋਣ ਦਾ ਯਤਨ ਕਰਦਿਆਂ, ਤਸਵੀਰਾਂ ਵਾਲਾ ਲਫਾਫਾ ਤਾਰਿਕਾ ਵਲ ਵਧਾ ਦਿੱਤਾ। ਤਾਰਿਕਾ ਜੋ ਸਿੰਕ ਤੇ ਭਾਂਡੇ ਧੋ ਰਹੀ ਸੀ, ਛੇਤੀ ਛੇਤੀ ਹੱਥ ਧੋ ਕੇ ਤੌਲੀਏ ਨਾਲ ਪੂੰਝ ਕੇ ਅੱਗੇ ਹੋਈ ਤੇ ਇਕ ਦੱਮ ਲਫ਼ਾਫਾ ਫੜਦੀ ਨੇ ਹੈਰਾਨੀ ਵਿਚ ਕਿਹਾ, 'ਵੇਖਾਂ ਕਿਹੋ ਜਿਹੀਆਂ ਆਈਆਂ?' ਉਹ ਫੋਟੋਆਂ ਵੇਖੀ ਜਾ ਰਹੀ ਸੀ, ਉਸਦੇ ਚਿਹਰੇ ਦੇ ਹਾਵੇ ਭਾਵ ਤੇ ਅੱਖਾਂ ਤੇਜ਼ ਤੇਜ਼ ਫੋਟੋਆਂ ਮਗਰ ਭੱਜ ਰਹੇ ਸਨ। ਮੁਕੰਦ ਉਸਨੂੰ ਵੇਖੀ ਜਾ ਰਿਹਾ ਸੀ ਜਿਵੇਂ ਉਸਦੇ ਭਾਵਾਂ ਨੂੰ ਪੜ੍ਹਨਾ ਚਾਹੁੰਦਾ ਹੋਵੇ ਤੇ ਉਸਦਾ ਪ੍ਰਤੀਕਰਮ ਵੇਖਣਾ ਚਾਹੁੰਦਾ ਹੋਵੇ....ਫਿਰ ਪਤਾ ਨਹੀਂ ਉਸਨੂੰ ਕੀ ਸੁੱਝੀ, ਕਿਸੇ ਡੂੰਘੀ ਗੁਫ਼ਾ 'ਚੋਂ ਜਿਵੇਂ ਬੋਲਿਆ ਹੋਵੇ, 'ਚਲ ਤਾਰੋ ਆਪਾਂ ਇੰਡੀਆ ਦਾ ਗੇੜਾ ਮਾਰ ਆਈਏ, ਬਾਪੂ ਦੀ ਚਿੱਠੀ ਆਈ ਨੂੰ ਮਹੀਨਾ ਹੋ ਗਿਐ, ਉਹ ਬਿਮਾਰ ਜਿਹਾ ਰਹਿੰਦੈ, ਨਾਲੇ ਉਸ ਦੀ ਖ਼ਬਰ ਸਾਰ ਲਈ ਜਾਊਗੀ, ਨਾਲੇ ਤੇਰਾ ਉਦਰਿਆ ਚਿੱਤ ਠੀਕ ਹੋ ਜਾਊ।' ਤਾਰਿਕਾ ਨੇ ਫੋਟੋਆਂ ਤੋਂ ਨਿਗਾਹ ਚੁੱਕ ਕੇ ਮੁਕੰਦ ਵੱਲ ਇਸ ਤਰ੍ਹਾਂ ਹੈਰਾਨੀ ਨਾਲ ਵੇਖਿਆ ਜਿਵੇਂ ਯਕੀਨ ਨਾ ਆਉਂਦਾ ਹੋਵੇ, ਅਜੇ ਕੱਲ ਤਾਂ ਕਹਿ ਰਿਹਾ ਸੀ ਕਿ ਤਾਰੋ ਤੂੰ ਵੀ ਕੋਈ ਕੰਮ ਲੱਭ ਲੈ, ਹੱਥ ਥੋੜਾ ਸੌਖਾ ਹੋ ਜਾਏਗਾ....ਬਗੈਰ ਕੁਝ ਹੁੰਗਾਰਾ ਭਰਿਆਂ ਉਹ ਹੈਰਾਨੀ ਨਾਲ ਮੁਕੰਦ ਦੇ ਮੂੰਹ ਵੱਲ ਵੇਹੰਦੀ ਰਹੀ...

'ਹਾਂ, ਸੱਚੀ, ਮੈਂ ਸਹੀ ਕਹਿੰਨਾ, ਚਲ ਚਲੀਏ ਇੰਡੀਆ ਨੂੰ।' ਮੁਕੰਦ ਨੇ ਤਾਰਿਕਾ ਦੀਆਂ ਅੱਖਾਂ ਦੀ ਚਮਕ ਤੇਜ਼ ਹੁੰਦੀ ਵੇਖੀ। ਤਾਰਿਕਾ ਨੇ ਹਬਲੀਆਂ ਫੋਟੋਆਂ ਮੇਜ਼ ਤੇ ਲੱਗਭੱਗ ਵਗਾਹ ਮਾਰੀਆਂ ਤੇ ਭੱਜ ਕੇ ਮੁਕੰਦ ਦੇ ਗੱਲ ਨੂੰ ਚਿੰਬੜ ਗਈ....'ਸੱਚ?....ਚਲੋ ਅੱਜੇ ਹੀ ਚਲੀਏ....ਹੁਣੇ ਹੀ....' ਤੇ ਉਹ ਸ਼ੁਦਾਈਆਂ ਵਾਂਗ ਮਚਲ ਪਈ।

'ਓ ਹੋ, ਠਹਿਰ ਤਾਂ ਸਹੀ....' ਕਹਿੰਦੇ ਮੁਕੰਦ ਨੇ ਤਾਰਿਕਾ ਦੀਆਂ ਬਾਹਾਂ ਦੀ ਗੱਲਵਕੜੀ ਆਪਣੇ ਗੱਲ ਦੁਆਲਿਓਂ ਲਾ ਦਿੱਤੀ।

ਫੇਰ ਹਫ਼ਤੇ ਦਸ ਦਿਨਾਂ ਦੀ ਤਿਆਰੀ ਮਗਰੋਂ ਮੁਕੰਦ ਤਾਰਿਕਾ ਨੂੰ ਲੈ ਕੇ ਇੰਡੀਆ ਗੇੜਾ ਮਾਰਨ ਚਲਾ ਗਿਆ।

ਚਾਰ ਮਹੀਨੇ ਪਿੱਛੋਂ ਮੁਕੰਦ ਇਕੱਲਾ ਹੀ ਮੁੜਿਆ ਸੀ ਇੰਡੀਆ ਤੋਂ। ਦੋਸਤਾਂ ਨੇ ਟਿੱਚਰਾਂ ਕੀਤੀਆਂ ਤਾਂ ਕਹਿਣ ਲੱਗਾ ਕਿ ਤਾਰਿਕਾ ਅਜੇ ਆਉਣਾ ਨਹੀਂ ਸੀ ਚਾਹੁੰਦੀ, ਸੋਚਿਆ ਹੋਰ ਰਹਿ ਲਵੇ ਮਹੀਨਾ-ਖੰਡ। ......ਪਰ ਉਹ ਮਹੀਨਾ-ਖੰਡ ਕਦੀ ਨਾ ਮੁੱਕਿਆ। ਸਾਲਾਂ ਤੇ ਸਾਲ ਗੁਜ਼ਰਨ ਲੱਗੇ...ਸ਼ੱਕ ਦਾ ਡੰਗਿਆ, ਹਾਲਾਤ ਦਾ ਭੰਨਿਆ ਮੁਕੰਦ ਇਨ੍ਹਾਂ ਸਾਲਾਂ ਵਿਚ ਜਿਵੇਂ ਝੌਂ ਗਿਆ ਹੋਵੇ....ਬੁੱਢਾ ਹੋ ਗਿਆ ਹੋਵੇ। ਉਸਦੇ ਹਨੇਰੇ ਕਮਰੇ ਵਿਚ ਰੇਡੀਓ ਕਲਾਕ ਦੇ ਤਿੱਖੀ ਰੋਸ਼ਨੀ ਵਾਲੇ ਹਰੇ ਨੰਬਰਾਂ ਦਾ ਚਾਨਣ ਸੀ। ਉਸ ਨਿਗਾਹ ਮਾਰੀ। ਸਵੇਰੇ ਦੇ ਤਿੰਨ ਵਜ ਚੁਕੇ ਸਨ। ਬਾਹਰ ਮੂਸਲਾਧਾਰ ਵਰਖਾ ਦਾ ਸ਼ੋਰ ਸੀ, ਹਨ੍ਹੇਰੀ ਤੇ ਝੱਖੜ ਨਾਲ ਦਰਖ਼ਤਾਂ ਦੀ ਖੜ ਖੜ ਦੀ ਆਵਾਜ਼ ਨਾਲ ਸਾਰਾ ਵਾਤਾਵਰਣ ਬੇਚੈਨ ਸੀ। ਉਸਨੂੰ ਪਤਾ ਈ ਨਾ ਲੱਗਾ ਕਿ ਕਦੋਂ ਐਨੀ ਰਾਤ ਗੁਜ਼ਰ ਗਈ ਤੇ ਏਨ੍ਹਾਂ ਸ਼ੋਰ ਪਹਿਲਾਂ ਕਿਉਂ ਸੁਣਾਈ ਨਹੀਂ ਸੀ ਦਿੱਤਾ। ਆਪਣੇ ਅਤੀਤ ਵਿਚ ਗੁਆਚਾ, ਉਸ ਘੜੀ ਨੂੰ ਚੰਦਰੀ ਕਹਿ ਕੇ ਕੋਸਦਾ ਰਿਹਾ ਸੀ ਜਿਸ ਘੜੀ ਉਸ ਨੇ ਤਾਰਿਕਾ ਤੇ ਸ਼ੱਕ ਕਰਕੇ ਉਹਨੂੰ ਇੰਡੀਆ ਲੈ ਜਾਕੇ ਉੱਥੇ ਹੀ ਛੱਡ ਆਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਮੁਕੰਦ ਨੇ ਆਪਣੇ ਇਸ ਫੈਸਲੇ ਦੀ ਕਿਸੇ ਦੇ ਕੰਨੀ ਭਿਣਕ ਨਹੀਂ ਸੀ ਪੈਣ ਦਿੱਤੀ। ਨਾ ਰਿਸ਼ਤੇਦਾਰਾਂ ਨੂੰ, ਨਾ ਮਿਤਰਾਂ ਨੂੰ। ਨਾ ਕਨੇਡਾ ਨਾ ਇੰਡੀਆ। ਇਸ ਫੈਸਲੇ ਦਾ ਭਾਰੀ ਬੋਝ ਉਸ ਇਕੱਲੇ ਨੇ ਹੀ ਚੁੱਕਿਆ, ਤੇ ਸ਼ੱਕ ਦੇ ਡੰਗ ਦਾ ਨਾਸੂਰ ਵੀ ਤਾਂ ਇਕੱਲੇ ਨੇ ਹੀ ਜਰਿਆ। ਤਾਰਿਕਾ ਦੇ ਚਿਹਰੇ ਦੀ ਨਿਰਛਲਤਾ ਅਜੇ ਵੀ ਉਹਨੂੰ ਯਾਦ ਸੀ, ਜੋ ਅਣਭੋਲ

ਹੀ ਉਸ ਨਾਲ ਚਲੀ ਗਈ ਸੀ ਤੇ ਉਹਨੂੰ ਰੱਤੀ ਜਿੰਨਾ ਵੀ ਵਹਿਮ ਨਹੀਂ ਸੀ ਕਿ ਉਸ ਦਾ ਪਤੀ ਇਸ ਤਰ੍ਹਾਂ ਮਿੱਠੇ ਮੁਹਰੇ ਨਾਲ ਉਹਦੀ ਇਮੀਗ੍ਰੇਸ਼ਨ ਸਦਾ ਲਈ ਖ਼ਤਮ ਕਰਵਾ ਦੇਵੇਗਾ। ਇਹ ਸੋਚ ਕੇ ਮੁਕੰਦ ਕਈ ਵਾਰ ਆਪਣੇ ਨੂੰ ਦੋਸ਼ੀ ਤੇ ਦੰਭੀ ਮਨ ਲੈਂਦਾ ਪਰ ਸ਼ੱਕ ਦੇ ਡੰਗ ਦੀ ਚੀਸ ਏਨੀ ਤੇਜ਼ ਹੁੰਦੀ ਕਿ ਉਹ ਇਸ ਨੂੰ ਝੁਠਲਾ ਨਾ ਸਕਦਾ।

ਮੁਕੰਦ ਨੂੰ ਦੂਰੋਂ ਨੇੜਿਓਂ ਦੇ ਰਿਸ਼ਤੇਦਾਰਾਂ ਤੋਂ ਇਹ ਖ਼ਬਰ ਵੀ ਪਹੁੰਚਦੀ ਰਹੀ ਸੀ ਕਿ ਲੋਕਾਂ ਤੇ ਰਿਸ਼ਤੇਦਾਰਾਂ ਤੋਂ ਮੂੰਹ ਲੁਕਾਈ ਆਪਣੇ ਪੇਕੇ ਬੈਠੀ ਤਾਰਿਕਾ, ਮੁਕੰਦ ਦੀ ਬੇਸਬਰੀ ਨਾਲ ਉਡੀਕ ਕਰਦੀ ਰਹੀ ਸੀ। ਮੁਕੰਦ ਦਾ ਦਿਲ ਪੱਥਰ ਹੋਇਆ ਤਾਂ ਪੱਥਰ ਹੀ ਰਹਿ ਗਿਆ। ਉਹ ਪੰਘਰਨ ਵਾਲਾ ਨਹੀਂ ਸੀ। ਅੱਜ ਸਾਰੀ ਰਾਤ ਆਪਣੇ ਨਵੇਂ ਫੈਸਲੇ ਦੀ ਪੁਖ਼ਤਗ਼ੀ ਤੇ ਕਦੀ ਹਸਦਾ ਕਦੀ ਰੋਂਦਾ ਰਿਹਾ ਸੀ। ਉਸ ਨੂੰ ਇਕ ਅਣਦਿਸਦਾ ਡਰ ਸੀ ਜਾਂ ਤੌਖ਼ਲਾ ਪਰ ਉਹ ਫਿਰ ਠੋਕਰ ਖਾਣ ਲਈ ਤਿਆਰ ਹੋ ਗਿਆ ਸੀ....ਸ਼ੱਕ ਦੇ ਡੰਗ ਦਾ ਨਾਸੂਰ ਅਜੇ ਭਾਂਵੇਂ ਰਿਸਦਾ ਹੀ ਸੀ ਪਰ ਉਹ ਜ਼ਿੰਦਗੀ ਦੇ ਹੋਰ ਪੰਜ ਸੱਤ ਸਾਲ ਮਨਫ਼ੀ ਕਰਨ ਲਈ ਤਿਆਰ ਹੋ ਗਿਆ ਸੀ। ਜ਼ਿੰਦਗੀ ਦੇ ਰਿਸਦੇ ਨਾਸੂਰ ਨੂੰ ਭਰਨ ਦਾ ਇਹੀ ਉਪਰਾਲਾ ਉਸ ਸੋਚਿਆ ਸੀ ਕਿ ਇੰਡੀਆ ਜਾਏ ਤੇ ਨਵੀਂ ਬਹੂ ਲੈ ਆਏ।

ਸਵੇਰ ਹੋਈ, ਵਾਤਾਵਰਣ ਕਾਫ਼ੀ ਸ਼ਾਂਤ ਸੀ, ਬਾਰਿਸ਼ ਥੰਮ ਚੁਕੀ ਸੀ, ਝੱਖੜ ਰੁਕ ਗਿਆ ਸੀ। ਮੁਕੰਦ ਦੀਆਂ ਅੱਖਾਂ ਭਾਰੀ ਸਨ ਤੇ ਉਣੀਂਦੇ ਕਰਕੇ ਸਿਰ ਵੀ ਚਕਰਾ ਰਿਹਾ ਸੀ, ਪਰ ਐਤਵਾਰ ਦਾ ਦਿਨ ਹੋਣ ਕਰਕੇ ਉਸ ਸੋਚਿਆ, ਚਲੋ ਦਿਨੇ ਸੌਂ ਲਏਗਾ। ਸਵੇਰ ਸਾਰ ਉਸਨੇ ਆਪਣੇ ਇਕ ਨਜ਼ਦੀਕੀ ਦੋਸਤ ਨੂੰ ਫੋਨ ਕਰਕੇ ਸਾਰਾ ਕੁਝ ਦਸਣਾ ਚਾਹਿਆ। ਇਹ ਦੋਸਤ, ਮੀਤਾ, ਦੁੱਖ, ਸੁੱਖ ਵੇਲੇ ਉਹਦੇ ਨਾਲ ਰਿਹਾ ਸੀ ਤੇ ਕਲ ਰਾਤ ਹੀ ਉਹ ਇੰਡੀਆ ਤੋਂ ਆਇਆ ਸੀ। ਮੁਕੰਦ ਨੇ ਫੋਨ ਘੁਮਾਇਆ, ਕਈ ਰਿੰਗਾਂ ਪਿੱਛੋਂ ਮੀਤਾ ਭਾਰੀ ਆਵਾਜ਼ ਵਿਚ ਬੋਲਿਆ, 'ਹੈਲੋ'। ਮੁਕੰਦ ਨੇ ਹਾਲ ਚਾਲ ਪੁਛਿਆ। ਇੰਡੀਆ ਦਾ ਹਾਲ ਪੁੱਛਿਆ। ਪਰ ਮੀਤੇ ਦੀ ਆਵਾਜ਼ ਬਹੁਤ ਸੋਗੀ ਸੀ ਤੇ ਇੰਜ ਲਗਦਾ ਸੀ ਕਿ ਉਹ ਕੁਝ ਦਸਣਾ ਚਾਹੁੰਦਾ ਹੋਇਆ ਵੀ ਦਸ ਨਹੀਂ ਸੀ ਰਿਹਾ...ਮੁਕੰਦ ਨੇ ਪੁੱਛਿਆ, 'ਸੁੱਖ ਸਾਂਦ ਨਹੀਂ ਲਗਦੀ, ਕੀ ਗੱਲ ਐ, ਉਥੇ ਸਾਰੇ ਠੀਕ ਤਾਂ ਸੀ?'

'ਮੇਰੇ ਘਰ ਦੇ ਤਾਂ ਠੀਕ ਠਾਕ ਸਨ ਪਰ....'

'ਪਰ ਕੀ?'

'ਪਰ....ਪਰ...ਤੇਰੇ ਘਰ ਦੇ......?'

'ਕੀ ਹੋਇਆ ਮੇਰੇ ਘਰਦਿਆਂ ਨੂੰ?' ਮੁਕੰਦ ਨੇ ਕਾਹਲੀ ਤੇ ਘਬਰਾਹਟ ਨਾਲ ਪੁੱਛਿਆ।

'ਮੁਕੰਦਿਆ.....ਭਾਬੀ ਨਹੀਂ ਰਹੀ...' ਕਹਿੰਦਾ ਮੀਤਾ ਭੁੱਬੀ ਰੋ ਪਿਆ...' 'ਮੈਂ ਗਿਆ ਸਾਂ ਉਹਦੇ ਪਿੰਡ। ਉਹਦੇ ਮਾਂ ਪਿਓ ਰੋਂਦੇ ਝੱਲੇ ਨਹੀਂ ਸੀ ਜਾਂਦੇ...ਕਹਿੰਦੇ ਸਾਡੇ ਕਰਮ ਮਾੜੇ ਸਨ ਜੋ ਪ੍ਰਾਹੁਣਾ ਲੈਣ ਨਾ ਆਇਆ। ਦੱਸਿਆ ਵੀ ਨਾ ਕਿ ਸਾਡੀ ਧੀ ਦਾ ਕੀ ਕਸੂਰ ਸੀ ਜੋ ਇਦਾਂ ਸੁੱਟ ਦਿੱਤੀ, ਧੀ ਕਨੇਡਾ ਵਿਆਹੀ ਤੇ ਨਾ ਵਿਆਹੀਆਂ ਵਰਗੀ ਰਹੀ....'। ਮੀਤਾ ਰੋਈ ਜਾ ਰਿਹਾ ਸੀ...ਮੁਕੰਦ ਨੂੰ ਜਿਵੇਂ ਅਹਿਸਾਸ ਦੀ ਬਿਜਲੀ ਨੇ ਚੂਰ ਚੂਰ ਕਰ ਦਿੱਤਾ ਸੀ....।

☆☆☆☆☆☆☆☆☆☆☆
☆☆☆☆☆☆☆☆☆


ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

**ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ**

**S & S INSURANCE**
(Associated Professional
Insurance Services Inc
6656 Main St. (2nd Floor)
Vancouver, B.C.
**Ph: 324-5711**


ਦਲਜੀਤ ਸਿੰਘ ਸਿੱਧੂ

Autoplan

**Auto - Home- Commercial Insurance**

ਅਸੀਂ ਵਿਜ਼ਟਿਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।

**Specializing in the finest**
**East Indian Cousine**

**Natraj Restaurant & Catering Services**

**Contact your famous Chef**



*TARLOK SACHDEVA*
**5656 Fraser St.**
**(Between 40 & 41 Ave.)**
**Ph: 327-6141**

**Now Open for Lunch**
**12 to 2:30 pm**
**Dinner Served**
**5 to 11 pm**

# ਹਵੇਲੀਆਂ ਤੇ ਪਾਰਕਾਂ


## ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ


(ਵੈਨਕੂਵਰ ਸ਼ਹਿਰ ਦੇ ਇਕ ਪਾਰਕ ਦਾ ਦ੍ਰਿਸ਼। ਤਿੰਨ ਬਜ਼ੁਰਗ ਸਟੇਜ਼ ਤੇ ਦਾਖਲ ਹੁੰਦੇ ਹਨ। ਉਹ ਪੇਪਰ ਸੁੱਟਣ ਦਾ ਕੰਮ ਕਰਕੇ ਆਏ ਹਨ ਅਤੇ ਘਰ ਨੂੰ ਜਾਣ ਤੋਂ ਪਹਿਲਾਂ ਕੁੱਝ ਚਿਰ ਪਾਰਕ ਵਿਚ ਬੈਠ ਗੱਪ ਸ਼ੱਪ ਮਾਰਨਾ ਚਾਹੁੰਦੇ ਹਨ)

ਸੁੱਚਾ ਸਿੰਘ: ਹੁਣ 'ਗਾਹਾਂ ਕਿੱਥੇ ਜਾਣਾ ਇਥੇ ਕੁ ਹੀ ਬਹਿ ਜਾਨੇ ਆਂ।

ਨਰਿੰਜਨ ਸਿੰਘ: ਨਹੀਂ ਜੀ ਥੋੜਾ ਜਿਹਾ ਹੋਰ ਅੱਗੇ ਚਲੇ ਚਲੋ ਆਹ ਤਾਂ ਰੋਡ ਦੇ ਬਾਹਲਾ ਹੀ ਨੇੜੇ ਆ।

ਜਗਤ ਸਿੰਘ: ਲੈ ਰੋਡ ਕਿਹੜੀ ਖਾਂਦੀ ਆ ਆਪਾਂ ਨੂੰ । ਬਹਿ ਜਾਉ ਇਥੇ ਈ। ਨਾਲੇ ਔਹ ਪਾਣੀ ਦੀ ਟੂਟੀ ਵੀ ਨੇੜੇ ਈ ਆ।

(ਤਿੰਨੋਂ ਬੈਂਚ ਉਪਰ ਬਹਿੰਦੇ ਹਨ)

ਸੁੱਚਾ ਸਿੰਘ: ਬਹਿਣ ਲੱਗਾ ਹੱਡ ਪੈਰ ਦੁਖਣ ਦਾ ਅਭਿਨੈ ਕਰਦਾ) ਆਹ ਪੇਪਰ ਸੁੱਟਣ ਦਾ ਕੰਮ ਵੀ ਕੁੱਛ ਨਹੀਂ। ਬੁਰਾ ਹਾਲ ਕਰ ਦਿੰਦਾ ਆ ਹੱਡਾ ਪੈਰਾਂ ਦਾ।

ਨਰਿੰਜਨ ਸਿੰਘ: ਹਾਂ ਜੀ! ਜੇ ਬੰਦਾ ਇਥੇ ਵਿਹਲਾ ਰਹੇ ਤਾਂ ਘਰ ਜੀ ਨਹੀਂ ਲਗਦਾ, ਤੇ ਜੇ ਕੰਮ 'ਤੇ ਜਾਵੇ ਤਾਂ ਉਦਾਂ ਅੜਾਟ ਨਿਕਲ ਜਾਂਦਾ।

ਜਗਤ ਸਿੰਘ: ਉਏ ਐਵੇਂ ਨਾਂ "ਬੈਹਕਿਆਂ" ਵਾਲੀਆਂ ਗੱਲਾਂ ਕਰੀ ਜਾਇਆ ਕਰ ਨਰਿੰਜਣ ਸਿਹਾਂ। ਇਹ ਕਾਹਦੇ ਸਾਲੇ ਕੰਮ ਆਂ। ਉਏ ਸਾਡੀ ਸਾਰੀ ਦਿਹਾੜੀ ਹਲਾਂ ਮਗਰ ਤੁਰੇ ਫਿਰੀ ਦਾ ਸੀ, ਕਦੀ ਸਾਲਾ ਥਕੇਵਾਂ ਨਹੀਂ ਸੀ ਹੋਇਆ। ਇਥੇ ਤਾਂ ਨਾਲੇ ਬੰਦਾ ਉਂਈ ਨਹੀਂ ਥੱਕਦਾ, ਸੋ ਕੁੱਛ ਤਾਂ ਆਲੇ ਦੁਆਲੇ ਦੇਖਣ ਨੂੰ ਆਂ। ਨਾਲੇ ਜੇ ਮਾੜਾ ਮੋਟਾ ਥਕੇਵਾਂ ਹੋਵੇ ਵੀ ਤਾਂ ਦੋ ਘੁੱਟ ਅੰਦਰ ਸੁੱਟੋ, ਸਰੀਰ ਮੁੜ ਤਰ ਹੋ ਜਾਂਦਾ। ਲਿਆ ਕੱਢ ਅੱਜ ਤੇਰੀ ਪੀਨੇ ਆਂ। ਨਾਲੇ ਦੇਖੀ ਫੇਰ ਹੱਡ ਸਿੱਧੇ ਹੁੰਦੇ।

ਨਰਿੰਜਨ ਸਿੰਘ: ਮੈਂ ਕਾਹਨੂੰ ਕੱਢਾਂ। ਮੇਰੇ ਕੀ ਮੁੰਡਾ ਜੰਮਿਆ ਪਈ ਮੈਂ ਸ਼ਰਾਬ ਪਿਲਾਵਾਂ।

ਸੁੱਚਾ ਸਿੰਘ: ਮੁੰਡਾ ਤਾਂ ਨਹੀਂ ਜੰਮਿਆ, ਕੰਮ ਦੀਆਂ ਦਿਹਾੜੀਆਂ ਤਾਂ ਲੱਗੀ ਜਾਂਦੀਆਂ। ਕੈਸ਼ ਪੈਸੇ ਮਿਲਦੇ ਆ, ਨਾਲੇ ਅਨਪਲਾਏ ਆਈ ਜਾਂਦਾ।

ਜਗਤ ਸਿੰਘ: ਨਾਂ ਮੁੰਡਾ ਤੈਨੂੰ ਹੁਣ ਹੋਰ ਚਾਹੀਦਾ। ਨਵਾਂ ਜੰਮਕੇ ਤੈਨੂੰ ਕੀ ਰਾਜ 'ਤੇ ਬਿਠਾਲ ਦੇਊ। ਪਹਿਲੇ ਨੂੰ ਤਾਂ ਸਾਰੀ ਦਿਹਾੜੀ ਗਾਲ੍ਹਾਂ ਕੱਢਨੋਂ ਨਹੀਂ ਹੱਟਦਾ। (ਆਪਣੇ ਕੋਟ ਦੀ ਜੇਬ ਵਿੱਚੋਂ ਸ਼ਰਾਬ ਦੀ ਬੋਤਲ ਕੱਢਦਾ ਹੈ) ਲੈ ਫੜ ਮੈਂ ਪਿਲਾਉਣਾ ਅੱਜ।

ਸੁੱਚਾ ਸਿੰਘ: ਮੁੰਡਾ ਇਹਦਾ ਕੰਮ ਹੀ ਗਾਲ੍ਹਾਂ ਖਾਣ ਵਾਲੇ ਕਰਦਾ। ਚੈੱਕ ਲੈਣ ਤੋਂ ਬਿਨਾਂ ਤਾਂ ਉਹ ਇਹਦੇ ਨਾਲ ਕਲਾਮ ਨਹੀਂ ਕਰਦਾ। ਇਹ ਵਿਚਾਰਾ ਬੇਸਮੈਂਟ 'ਚ ਇਕੱਲਾ ਹੀ ਹੁੜਿਆ ਰਹਿੰਦਾ।

ਨਰਿੰਜਨ ਸਿੰਘ: ਓ ਜੀ ਕਾਹਦੀਆ ਗਾਲ੍ਹਾਂ ਕੱਢਣੀਆਂ। ਸਾਡੀ ਤਾਂ ਸੌਹਰੀ ਕਿਸਮਤ ਈ ਇਹੋ ਜਿਹੀ ਆ। ਦੇਸ ਪਹਿਲਾਂ ਬੁੜਿਆਂ ਦਾ ਦਾਬਾ ਰਿਹਾ, ਉਥੇ ਸਾਡੀ ਕਿਸੇ ਨੇ ਨਹੀਂ ਸੁਣੀ। ਹੁਣ ਏਥੇ ਆਕੇ ਮੁੰਡੇ ਦੇ ਵੱਸ ਪੈ ਗਏ। ਬੱਸ ਹੁਣ ਤਾਂ ਲੰਘ ਗਈ ਸਮਝੋ।

ਜਗਤ ਸਿੰਘ: ਉਹ ਐਵੇਂ ਕਾਹਨੂੰ ਕਿਸਮਤ ਨੂੰ ਕੋਸਦਾ ਰਹਿੰਨਾ। ਤੇਰੇ 'ਚ ਈ ਹਿੰਮਤ ਨਈਂ, ਮੁੰਡਿਆ ਸਾਲਿਆ ਦੀ ਕੀ ਮਜਾਲ ਆ ਆਕੜ ਜਾਣ। ਬੰਦਾ ਦੋ ਦਬਕੇ ਮਾਰੇ, ਟਿਕਾਣੇ ਆ ਜਾਂਦੇ ਆ। ਮੈਂ ਤੈਨੂੰ ਦਸਦਾਂ ਆਪਣੀ ਗੱਲ। ਇਕ ਦਿਨ ਮੈਂ ਆਪਣੇ ਵਿਚਾਲ-ਲੇ (ਵਿਚਕਾਰਲੇ) ਨੂੰ ਕਿਹਾ ਪਈ ਮੈਨੂੰ ਆਹ ਸਟੋਰ ਤਾਈਂ ਰਾਈਡ ਦੇਈਂ। ਅੱਗੋਂ ਢਿੱਲੇ ਜਿਹੇ ਬੁੱਲ ਕੱਢ ਕੇ ਕਹਿੰਦਾ - ਬਾਪੂ ਮੈਂ ਤਾਂ ਕਿਤੇ ਹੋਰ ਚੱਲਿਆਂ। ਮੈਂ ਕਿਹਾ ਚੰਗਾ ਪੁੱਤ ਜਿਵੇਂ ਤੇਰੀ ਮਰਜ਼ੀ। ਮਹੀਨੇ ਕੁ ਬਾਅਦ ਇਕ ਦਿਨ ਮੈਂ ਡਾਕਟਰ ਦੇ ਜਾਣਾ ਸੀ, ਕਹਿੰਦਾ ਬਾਪੂ ਮੈਂ ਤੈਨੂੰ ਰਾਈਡ ਦੇ ਦਿੰਦਾ। ਮੈਂ ਕਿਹਾ ਉਏ ਤੂੰ ਉਹੀ ਆਂ ਨਾ ਜਿਹੜਾ ਕਹਿੰਦਾ ਸੀ ਪਈ ਮੈਂ ਕਿਤੇ ਹੋਰ ਚੱਲਿਆਂ। ਭਾਈ ਤੂੰ ਕਿਤੇ ਹੋਰ ਹੀ ਜਾਹ ਮੈਂ ਆਪੇ ਚਲਿਆ ਜਾਊਂ। ਲੈ ਉਹਨੇ ਲੱਖ ਆਰ ਕਿਹਾ, ਪਰ ਮੈਂ ਨਹੀਂ ਉਹਦੀ ਕਾਰ ਤੇ ਚੜਿਆ। ਤਕਲੇ ਆਂਗ ਸਿੱਧਾ ਹੋਇਆ ਪਿਆ ਹੁਣ। ਜੇ ਮੈਂ ਦੂਜੇ ਦਿਨ ਵੀ ਉਹਦੀਆਂ ਰਾਈਡ ਲਈ ਮਿੰਨਤਾਂ ਕਰਦਾ ਤਾਂ ਉਹਨੇ ਸਗੋਂ ਹੋਰ ਉਤਾਂਹ ਨੂੰ ਚੜਨਾ ਸੀ।

ਸੁੱਚਾ ਸਿੰਘ: ਚਲੋ ਛੱਡੋ। ਲੈ ਫੜ ਬਈ ਨਰਿੰਜਨ ਸਿਹਾਂ ਪਾ ਘੁੱਟ ਆਪਣੇ ਲਈ।

(ਸ਼ਰਾਬ ਦੀ ਬੋਤਲ ਅਤੇ ਹੱਥ 'ਚ ਫੜੀ ਲੰਚ ਕਿੱਟ ਵਿੱਚੋਂ ਥਰਮੋਸ ਦਾ ਕੱਪ ਕੱਢ ਦੇ ਫੜਾਉਂਦਾ ਹੈ)

ਜਗਤ ਸਿੰਘ: ਆਹੋ ਇਹਨੂੰ ਫੜਾ, ਜਰਾ ਇਹਦਾ ਥੱਕੇਵਾਂ ਲਹੇ। ਵਾਜੇ ਵੇਲੈ ਇਹ ਵਾਹਲਾ ਈ ਥੱਲੇ ਲੱਗ ਜਾਂਦਾ।

(ਸੁੱਚਾ ਸਿੰਘ, ਨਰਿੰਜਨ ਸਿੰਘ ਨੂੰ ਬੋਤਲ ਫੜਾਉਂਦਾ ਹੈ। ਉਹ ਬੋਤਲ ਫੜ ਆਪਣੇ ਲਈ ਹਾੜਾ ਪਾਉਂਦਾ ਹੈ। ਫਿਰ ਇਕੋ ਸਾਹ ਵਿੱਚ ਸਾਰੀ ਪੀ ਲੈਂਦਾ ਹੈ। ਧੁੜਧੜੀ ਲੈਂਦਾ ਹੈ। ਜਗਤ ਸਿੰਘ ਜੇਬ ਵਿੱਚੋਂ ਲਪੇਟਿਆ ਹੋਇਆ "ਚੀਜ਼ ਬਰਗਰ" ਕੱਢ ਕੇ ਉਹਨੂੰ ਫੜਾਉਂਦਾ ਹੈ)

ਜਗਤ ਸਿੰਘ: ਲੈ ਫੜ ਆਹ ਦੰਦੀ ਵੱਢ ਲਾ ਇਕ। ਜਰਾ ਮੂੰਹ ਲੂਣ ਵਾਲਾ ਹੋ ਜਾਊ।

ਨਰਿੰਜਨ ਸਿੰਘ: ਮੈਂ ਪਹਿਲਾਂ ਪਾਣੀ ਦਾ ਘੁੱਟ ਪੀ ਆਵਾਂ।

(ਉੱਠ ਕੇ ਸਟੇਜ ਦੇ ਇਕ ਪਾਸੇ ਵੱਲ ਜਾਂਦਾ ਹੈ। ਪਿੱਛੋਂ ਸੁੱਚਾ ਸਿੰਘ ਅਵਾਜ਼ ਮਾਰਦਾ ਹੈ)

ਸੁੱਚਾ ਸਿੰਘ: ਨਰਿੰਜਨ ਸਿਹਾਂ ਆਹ ਕੱਪ ਵਿੱਚ ਥੋੜਾ ਜਿਹਾ ਪਾਣੀ ਪਾ ਲਿਆਈਂ ਆਉਂਦਾ ਹੋਇਆ। (ਫਿਰ ਜਗਤ ਸਿੰਘ ਨੂੰ ਸੰਬੋਧਨ ਹੁੰਦਾ ਹੈ) ਇਹ ਹੈਮਬਰਗਰ ਕਦੋਂ ਦਾ ਜੇਬ 'ਚ ਪਾਈ ਫਿਰਦਾਂ।

ਜਗਤ ਸਿੰਘ: ਦੁਪਹਿਰੇ ਲੰਚ ਟੈਮ ਨੂੰ ਲਏ ਸੀ ਦੋ। ਆਹ ਅੱਧਾ ਕੁ ਬਚ ਗਿਆ ਸੀ, ਮੈਂ ਜੇਬੀ 'ਚ ਪਾ ਲਿਆ। ਸੋਚਿਆ ਕਿਤੇ ਕੰਮ ਆਊ।

(ਨਰਿੰਜਨ ਸਿੰਘ ਹੱਥ ਵਿਚ ਪਾਣੀ ਵਾਲਾ ਕੱਪ ਫੜੀ ਆਉਂਦਾ ਹੈ ਅਤੇ ਆਕੇ ਕੱਪ ਸੁੱਚਾ ਸਿੰਘ ਨੂੰ ਫੜਾ ਦਿੰਦਾ ਹੈ)

ਸੁੱਚਾ ਸਿੰਘ: ਜਗਤ ਸਿਹਾਂ ਕਦੀ ਲੱਛਮਣ ਸਿੰਹੁ ਮਿਲਿਆ ਕਿ ਨਹੀਂ ਹੁਣ ?

ਜਗਤ ਸਿੰਘ: ਕਿਹੜਾ ਲੱਛਮਣ ਸਿੰਹੁ?

ਨਰਿੰਜਨ ਸਿੰਘ: ਮੇਰਾ ਖਿਆਲ ਆ, ਇਹ ਮਾਧੋਪੁਰ ਆਲੇ ਦੀ ਗੱਲ ਕਰਦਾ।

ਸੁੱਚਾ ਸਿੰਘ: ਲੈ ਏਨਾ ਚਿਰ ਕੱਠੇ ਸੰਧੂਆ ਦੀਆਂ ਕੈਬਿਨਾਂ 'ਚ ਰਹੇ ਆਂ, ਹੁਣ ਪੁੱਛਦਾ ਕਿਹੜਾ ਲੱਛਮਣ ਸਿੰਹੁ।

ਜਗਤ ਸਿੰਘ: ਓ ਅੱਛਾ ਅੱਛਾ ਉਹ ਲਛਮਣ ਸਿੰਹੁ। ਨਾਂ ਬਈ ਹੁਣ ਤਾਂ ਕਈ ਦਿਨ ਹੋ ਗਏ ਆ ਮਿਲੇ ਨੂੰ।

ਨਰਿੰਜਨ ਸਿੰਘ: ਮੈਨੂੰ ਮਿਲਿਆ ਸੀ ਚੋਥੇ। ਉਹ ਜਿਹੜੀ ਡਰੱਗ ਸਟੋਰ ਦੇ ਸਾਹਮਣੇ ਮਾਂਟਰੀਅਲ ਬੈਂਕ ਆ ਨਾ, ਉਹਦੇ 'ਚੋਂ ਨਿਕਲਿਆ ਸੀ। ਕਹਿੰਦਾ ਡਰਾਫਟ ਬਣਾਕੇ ਲਿਆਇਆਂ ਇੰਡੀਆ ਨੂੰ ਪੈਸੇ ਭੇਜਣੇ ਆਂ।

ਸੁੱਚਾ ਸਿੰਘ: ਇੰਡੀਆ ਨੂੰ ਕੀਹਨੂੰ ਪੈਸੇ ਭੇਜਦਾ। ਮੁੰਡੇ ਤਾਂ ਉਹਦੇ ਤਿੰਨੇ ਈ ਏਥੇ ਆ।

ਜਗਤ ਸਿੰਘ: ਉਹਦੀ ਵੱਡੀ ਕੁੜੀ ਜਿਉਂ ਆ ਉਥੇ। ਜਦੋਂ ਮਿਲੂ ਬੱਸ ਕੁੜੀ ਦੇ ਸਹੁਰਿਆਂ ਦੀਆਂ ਈ ਸਿਫਤਾਂ ਕਰੂ। ਜੀ ਉਹ ਬੜੇ ਵੱਡੇ ਸਰਦਾਰ ਆ। ਸਾਰੇ 'ਲਾਕੇ 'ਚ ਉਹਨਾਂ ਦੇ ਬਰਾਬਰ ਦੀ ਕੋਈ ਦੇਰੀ ਨਹੀਂ। ਐਤਕੀਂ ਉਹਨਾਂ ਦਾ ਐਨੇ ਲੱਖ ਦਾ ਝੋਨਾ ਹੋਇਆ ਤੇ ਐਨੇ ਲੱਖ ਦਾ ਕਮਾਦ। ਤੇ ਨਾਲੇ ਰੰਡੀ ਰੋਣੇ

ਰੋਊ ਬਈ ਕੁੜੀ ਦੀ ਚਿੱਠੀ ਆਈ ਆ, ਐਨੇ ਪੈਸੇ ਭੇਜੋ ਪ੍ਰਾਹੁਣੇ ਨੇ ਸਕੂਟਰ ਲੈਣਾ ਜਾਂ ਫਰਿੱਜ ਲੈਣੀ ਆਂ।

ਨਰਿੰਜਨ ਸਿੰਘ: ਪਰ ਇਕ ਗੱਲ ਆ ਉਹਦੀ। ਜੇ ਕੋਈ ਨਵਾਂ ਬੰਦਾ ਮਿਲੇ ਤਾਂ ਇਕ ਵਾਰੀ ਤਾਂ ਕੁੜੀ ਦੇ ਸਹੁਰਿਆਂ ਦੀਆਂ ਸਿਫਤਾਂ ਕਰਦਾ ਬਹਿ ਜਾ ਬਹਿ ਜਾ ਕਰਾ ਦਿੰਦਾ। ਬਸ ਉਨਾਂ ਦੀਆਂ ਗੱਲਾਂ ਕਰਨੋ ਹਟੂ ਈ ਨਾਂ।

ਜਗਤ ਸਿੰਘ: ਓ ਆਹੋ ਕਈ ਬੰਦਿਆ ਨੂੰ ਆਦਤ ਈ ਹੁੰਦੀ ਆ, ਜਿੱਥੇ ਮਰਜ਼ੀ ਬੈਠਣ ਉਹਨੀ ਇਕੋ ਗਲ ਕਰਨੀ ਆਂ। ਏਦਾਂ ਈ ਉਹ ਮਹਿੰਗਾ ਆ, ਜਦੋਂ ਦੇਖੋ ਆਪਣੇ ਸੰਤਾਂ ਦੀਆਂ ਈ ਵੱਡਿਆਈਆਂ ਕਰੀ ਜਾਊ। ਸਾਡੇ ਬਾਬਾ ਜੀ ਐਦਾਂ ਆਂ ਸਾਡੇ ਬਾਬਾ ਜੀ ਐਦਾਂ ਆਂ। ਪਈ ਦੱਸ ਤੇਰੀ ਸ਼ਰਧਾ ਹੈਗੀ ਆ ਤੂੰ ਮੰਨੀ ਜਾਹ, ਬਾਕੀਆਂ ਦਾ ਐਵੀਂ ਕਾਹਨੂੰ ਤਾਲੂ ਚੱਟਦਾਂ। ਪਿਛਲੀ ਵੀਕੇ ਵੀ, ਜਿੱਦਣ ਮੈਂ ਉਹ ਸਵੇਰਿਓਂ ਲੇਟ ਹੋ ਗਿਆ ਸੀ, ਤਾਂ ਉਹ ਭੈਣ ਦੇਣੀ ਦਾ ਠੇਕੇਦਾਰ ਦਾ ਡਰੈਵਰ, ਮੇਰੀ 'ਵੇਟ' ਕੀਤੇ ਬਿਨਾਂ ਹੀ ਟਰੱਕੀ ਲੈ ਗਿਆ ਸੀ। ਜਿੱਦਣ ਤੁਸੀਂ ਸੁੱਚਾ ਸਿੰਹਾਂ ਰਿਚਮੰਡ 'ਚ ਸਿਟਦੇ ਰਹੇ ਆਂ ਪੇਪਰ ਸਾਰੀ ਦਿਹਾੜੀ...

ਸੁੱਚਾ ਸਿੰਘ: ਓ ਅੱਡਾ ਅੱਡਾ ਥੋੜਾ ਝੜ ਜਿਹਾ ਹੋਇਆ ਸੀ ਉੱਦਣ।

ਜਗਤ ਸਿੰਘ: ਆਹੋ ਆਹੋ। ਤਾਂ ਮੈ ਸੋਚਿਆ ਪਈ ਘਰ ਨੂੰ ਕੀ ਜਾਣਾ। ਨੂੰਹ ਨੇ ਲੰਚ ਬਣਾ ਕੇ ਦਿੱਤਾ ਸੀ, ਉਹਨੇ ਐਵੇਂ ਬੁਰਾ ਜਿਹਾ ਝਾਕਣਾ ਸੀ। ਮੈਂ ਫੇਰ ਉਥੇ ਬੱਸ ਸਟਾਪ ਤੇ ਈ ਬੈਂਚ ਤੇ ਬਹਿ ਗਿਆ। ਉਹ ਜਿਹੜਾ ਰਾਇਲ ਬੈਂਕ ਦੇ ਮੂਹਰੇ ਆ। ਨੌਂ ਕੁ ਵਜੇ ਉਹ ਆ ਗਿਆ ਉਥੇ। ਛੇੜ ਲਈਆਂ ਫੇਰ ਉਹਨੇ ਸੰਤਾਂ ਦੀਆਂ ਗੱਲਾਂ, ਹਟਣ 'ਚ ਈ ਨਾ ਆਵੇ। ਮੈਂ ਤਾਂ ਹਾਰਕੇ ਉੱਠਕੇ ਪਰ੍ਹੇ ਪਾਰਕ 'ਚ ਜਾ ਬੈਠਾ। ਉੱਥੇ ਫੇਰ ਉਹ ਬੱਚਨੇ ਹੋਰੀਂ ਆ ਗਏ। ਬੱਸ ਫੇਰ ਤਾਂ ਸਾਢੇ ਚਾਰ ਵਜੇ ਤਾਂਈਂ ਤਾਸ਼ ਚਲਦੀ ਰਹੀ।

ਨਰਿੰਜਨ ਸਿੰਘ: ਨਾ ਤੂੰ ਪਾਰਕ 'ਚ ਕਾਹਨੂੰ ਜਾਣਾ ਸੀ। ਨਾ ਉੱਥੇ ਬੈਠਣ ਨੂੰ ਥਾਂ ਨਾ ਵਾਸਤਾ। ਥੱਲੇ ਬੈਠਿਆਂ ਦਾ ਸਲਾਬੇ ਨਾਲ ਲੀੜਿਆਂ ਦਾ ਬੁਰਾ ਹਾਲ ਹੋ ਜਾਂਦਾ। ਤੂੰ ਰਮ ਨਾਲ ਮਰੀਨ ਡਰਾਈਵ ਤੇ ਚਲੇ ਜਾਣਾ ਸੀ। ਉੱਥੇ ਲਾਗੇ ਰਹਿਣ ਵਾਲੇ ਕਈ ਬੁੜੇ ਸਵੇਰੇ ਅੱਠ ਵਜੇ ਈ ਆ ਕੇ ਤਾਸ਼ ਸ਼ੁਰੂ ਕਰ ਦਿੰਦੇ ਆ।



(ਹਵੇਲੀਆਂ ਤੇ ਪਾਰਕਾਂ ਵਿਚ ਅਮਨਪਾਲ ਸਾਰਾ ਤੇ ਸੁਖਵੰਤ ਹੁੰਦਲ)

ਜਗਤ ਸਿੰਘ: ਬਈ ਮੈਨੂੰ ਸੁੱਚਾ ਸਿੰਘ ਦਾ ਤਾਂ ਪਤਾ ਨਹੀਂ ਪਰ ਮੈਂ ਨਈਂ ਉੱਥੇ ਜਾਣਾ 'ਲੈਕੀ'। ਇਕ ਤਾਂ ਉੱਥੇ ਪਾਲੇਟਿਕਸ ਬਹੁਤ ਚਲਦੀ ਆ। ਕਈ ਬੁੜੇ ਤਾਂ ਉੱਥੇ ਏਦਾਂ ਫਸਦੇ ਆ ਇਕ ਦੂਜੇ ਨਾਲ ਜਿੱਦਾਂ ਪਈ ਸਾਰੇ ਹਿੰਦੁਸਤਾਨ ਦੇ ਮਸਲੇ ਉਹਨੀਂ ਹੱਲ ਕਰਨੇ ਹੁੰਦੇ ਆ। ਤਿੰਨ ਚਾਰ ਜਣੇ ਤਾਂ ਏਨੇ ਤੱਤੇ ਆ ਪਈ ਹੋਰ ਕਿਸੇ ਨੂੰ ਗੱਲ ਈ ਨਹੀਂ ਕਰਨ ਦਿੰਦੇ। ਕਈ ਉੱਥੇ ਐਵੇਂ ਵਾਧੂ ਦੇ ਚੋਧਰੀ ਬਣੇ ਫਿਰਨਗੇ, ਪਿੰਡ ਭਾਵਾਂ ਗਿੱਟਿਆਂ ਤੋਂ ਗਾਰਾ ਨਾ ਲਾਹਿਆ ਹੋਵੇ, ਏਥੇ ਮਾਰ ਪੂਰੇ ਮਨਿਸਟਰ ਸਮਝਦੇ ਆ ਆਪਣੇ ਆਪ ਨੂੰ। ਕਈ ਐਵੇਂ ਚਾਹ ਤੇ ਕੁੱਕੀਆਂ ਪਿੱਛੇ ਹੀ ਲੜੀ ਜਾਣਗੇ। ਤੇ ਕਮੇਟੀ ਆਲੇ ਉਂਈਂ ਨੁਕਸਾਂ ਜਿਹੀਆਂ ਕੱਢੀ ਜਾਣਗੇ। ਮੈ ਤਾਂ ਕਹਿੰਨਾ ਉਹਦੇ ਨਾਲੋਂ ਬੰਦਾ ਏਧਰ ਈ ਕਿਤੇ ਬੈਂਚ ਤੇ ਬੈਠ ਕੇ ਦੋ ਘੜੀਆ ਗੱਪ ਸ਼ੱਪ ਮਾਰ ਲਵੇ।

ਨਰਿੰਜਨ ਸਿੰਘ: ਨਹੀਂ ਜੀ ਏਨਾ ਮਾੜਾ ਤਾਂ ਨਈਂ ਉੱਥੇ।

ਸੁੱਚਾ ਸਿੰਘ: ਏਨਾ ਮਾੜਾ ਤਾਂ ਨਈਂ ਨਰਿੰਜਨ ਸਿਹਾਂ। ਪਰ ਉੱਥੇ ਗੁਰੂ ਘਰ ਦੇ ਲਾਗੇ ਬੈਠ ਕੇ ਐਵੇਂ ਵਾਧੂ ਘਾਟੂ ਕਰੀ ਜਾਣੀਆਂ ਵੀ ਚੰਗੀਆ ਜਿਹੀਆਂ ਨਹੀਂ ਲਗਦੀਆਂ।

ਜਗਤ ਸਿੰਘ: ਚਲੋ ਛੱਡੋ ਯਾਰੋ ਏਥੇ ਤਾਂ ਏਦਾਂ ਈ ਰਹਿਣੀ ਆ। ਉਹ ਪਿੰਡ ਵਾਲੀਆਂ ਮੌਜਾਂ ਕਿੱਥੇ? ਉਥੇ ਤਾਂ ਏਦਾਂ ਹੁੰਦੀ ਸੀ ਪਈ ਬੰਦਾ ਦੁਪਹਿਰ ਨੂੰ ਕੰਮਾਂ ਕਾਰਾਂ ਤੋਂ ਵਿਹਲਾ ਹੋ ਕੇ ਰਮਾਨ ਨਾਲ ਤੂਤਾਂ ਦੀ ਛਾਵੇਂ ਮੰਜਾ ਡਾਹ ਕੇ ਸੌਂ ਲੈਂਦਾ ਸੀ ਤੇ ਜੇ ਦਿਲ ਕਰਨਾ ਤਾਂ ਪਿੰਡ ਥੜ੍ਹੇ ਤੇ ਜਾ ਬੈਠਣਾ। ਨਾ ਕਿਸੇ ਦੀ ਚੋਧਰ ਦਾ ਡਰ ਤੇ ਨਾ ਹੋਰ।

ਸੁੱਚਾ ਸਿੰਘ: ਉਹ ਤਾਂ ਗੱਲ ਹੀ ਹੋਰ ਹੁੰਦੀ ਸੀ। ਉਥੇ ਤਾਂ ਤਿਮਾਹੀ ਛਿਮਾਹੀ ਪਿੰਡਾਂ 'ਚ ਮੇਲੇ ਲੱਗਣੇ, ਛਿੰਜਾਂ ਪੈਣੀਆਂ। ਦੂਰੋਂ ਦੂਰੋਂ ਭਲਵਾਨ ਆਉਣੇ। ਜੋੜੀ ਬਜਾਉਣ ਵਾਲਿਆਂ ਦੀਆਂ ਕਈ ਕਈ ਢਾਣੀਆਂ ਆਉਣੀਆਂ। ਏਥੇ ਹੁਣ ਆ ਹਰ ਸਾਲ ਟੂਰਨਾਮੈਂਟ ਕਰਾਉਂਦੇ ਤਾਂ ਆ ਪਰ ਕਦੇ ਕੋਈ ਚੱਜ ਦਾ ਮੈਚ ਹੁੰਦਾ ਤਾਂ ਦੇਖਿਆ ਨਹੀਂ। ਇਥੇ ਹੈ ਕੀ ਜਿਹਦੇ ਨਾਲ ਬੰਦਾ ਆਪਣੀ ਰੂਹ ਖ਼ੁਸ਼ ਕਰ ਸਕੇ?

ਨਰਿੰਜਨ ਸਿੰਘ: ਨਹੀਂ ਜੀ ਉਥੇ ਵੀ ਹੁਣ ਤਾਂ ਜ਼ਮਾਨੇ ਬਦਲ ਗਏ ਆ। ਅੱਜ ਕਲ ਦੀ ਮੰਡੀਰ ਤਾਂ ਸ਼ਹਿਰ ਨੂੰ ਈ ਤੁਰੀ ਰਹਿੰਦੀ ਆ। ਪਿੰਡਾਂ 'ਚ ਵੀ ਉਹ ਪਹਿਲੇ ਵਾਲੀਆਂ ਗੱਲਾਂ ਕਿੱਥੇ ਆ।

ਸੁੱਚਾ ਸਿੰਘ: ਨਰਿੰਜਨ ਸਿਹਾਂ ਗੱਲ ਤੇਰੀ ਵੀ ਠੀਕ ਆ। ਉੱਥੇ ਵੀ ਉਹ ਪਹਿਲਾਂ ਵਾਲੀਆਂ ਬਹਾਰਾਂ ਕਿਥੇ। ਜਗਤ ਸਿਆਂ, ਬੜੇ ਭਾਈ, ਤੈਨੂੰ ਤਾਂ ਚੇਤਾ ਹੋਣਾ ਜਦੋਂ ਆਪਾਂ ਅਜੇ ਕਹਿਰੀ ਉਮਰੇ ਹੀ ਹੁੰਦੇ ਸੀ, ਮਾਹਰ ਮੇਲਿਆਂ 'ਤੇ, ਵਿਆਹਾਂ 'ਤੇ ਰਾਗ ਹੋਣੇ ਰਾਤ ਰਾਤ ਭਰ। ਚਾਰ ਚਾਰ ਦਿਨ ਤਾਂ ਕਈ ਵਾਰੀ ਜਨੇਤਾਂ ਈ ਠਹਿਰਦੀਆਂ ਹੁੰਦੀਆਂ ਸੀ, ਚੰਗੇ ਵਿਆਹਾਂ 'ਚ।

ਜਗਤ ਸਿੰਘ: ਸੁੱਚਾ ਸਿਹਾਂ ਮੈਂ ਦਸਦਾ ਤੈਨੂੰ ਰਾਗ ਦੀ ਗੱਲ। ਸਾਡੇ ਪਿੰਡ ਮੁਸਲਮਾਨ ਹੁੰਦੇ ਸੀ। ਚੰਗਾ ਮੋਟਾ ਘਰ ਸੀ। ਪਿੰਡ ਦੇ ਲਹਿੰਦੇ ਪਾਸੇ, ਭੱਠੀਆਂ ਲਾਗੇ ਸੀ ਉਨਾਂ ਦਾ ਘਰ। ਚੰਗਾ ਖੁੱਲਾ ਥਾਂ ਬਗਲਿਆ ਹੁੰਦਾ ਸੀ। ਉਹਨੀ ਕੁੜੀ ਦੇ ਵਿਆਹ ਤੇ ਸੱਦਿਆ ਸਦੀਕ ਨੂੰ। ਨਾਲ ਉਹਦੇ ਜੋੜੀ ਬਜਾਉਂਦਾ ਸੀ ਬੰਦਾ, ਮੈਨੂੰ ਹੁਣ ਉਹਦਾ ਨਾਂ ਨਈਂ ਚੇਤੇ। ਬਈ ਇਹ ਦੇਖ ਲਾ ਤੂੰ ਤਿੰਨ ਦਿਨ ਰਿਹਾ ਉਹ ਸਾਡੇ ਪਿੰਡ। ਤਿੰਨੇ ਦਿਨ ਲੋਕਾਂ ਨੇ ਦਾਂਅ ਨਾਲ ਪਸ਼ੂਆਂ ਨੂੰ ਪੱਠੇ ਨਹੀਂ ਪਾਏ। ਜਦੋਂ ਉਹਨੇ ਗੇੜੀ ਦੇਣੀ ਲੋਕਾਂ ਦਾ ਸਾਹ ਨਹੀਂ ਸੀ ਸੁਣਦਾ ਹੁੰਦਾ। ਸਾਰੇ ਰਾਗ ਜਾਣਦਾ ਸੀ ਉਹ। ਹੀਰ, ਪੂਰਨ ਭਗਤ, ਸੱਸੀ ਪੁੰਨੂੰ, ਮਿਰਜਾ ਸਾਹਿਬਾਂ, ਉਹਨੇ ਕੋਈ ਰਾਗ ਛੱਡਿਆ ਈ ਨਈ ਸੀ। ਮੈਨੂੰ ਉਦੋਂ ਦਾ ਕਈ ਕੁੱਝ ਚੇਤੇ ਹੁੰਦਾ ਸੀ, ਆਹ ਤਾਂ ਹੁਣ ਏਥੇ ਆਕੇ ਸਾਲਾ ਸੱਭ ਕੁੱਝ ਭੁੱਲੀ ਜਾਂਦਾ। ਇਕ ਉਹ ਰਾਗ ਕਰਦਾ ਹੁੰਦਾ ਸੀ।

(ਮਿਰਜ਼ਾ ਗਾਉਣਾ ਸ਼ੁਰੂ ਕਰਦਾ ਹੈ।)

ਚੜਦੇ ਮਿਰਜੇ ਖਾਨ ਨੂੰ ਜੱਟ ਵੰਝਲ ਦਿੰਦਾ ਮੱਤ<br>
ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੇ ਮੱਤ<br>
ਹੱਸ ਹੱਸ ਲਾਉਂਦੀਆਂ ਯਾਰੀਆਂ ਰੋ ਰੋ ਦੇਵਣ ਦੱਸ...

(ਇਸ ਦੌਰਾਨ ਇਕ ਗੋਰਿਆ ਦਾ ਮੁੰਡਾ ਦਾਖਲ ਹੁੰਦਾ ਹੈ। ਉਸਨੇ ਜੀਨ ਦੀ ਪੈਂਟ ਦੇ ਨਾਲ ਲੰਬੀ ਪਿੱਠ ਉਪਰ ਛੋਟੀ ਜਿਹੀ ਹੀ ਜੀਨ ਦੀ ਬਾਸਕਟ ਪਾਈ ਹੋਈ ਹੈ। ਵੱਡੇ ਵੱਡੇ ਬੂਟ ਹਨ। ਥੋੜਾ ਅੱਥਰਾ ਜਿਹਾ ਤੇ ਲੋਫਰ ਜਿਹਾ ਦਿਸਦਾ ਹੈ। ਉਹਦੇ ਇਕ ਹੱਥ 'ਚ ਸਿਗਰਟ ਹੈ ਅਤੇ ਦੂਜੇ ਹੱਥ ਵਿੱਚ ਬੀਅਰ ਦੀ ਬੋਤਲ। ਉਹ ਉਹਨਾਂ ਨੂੰ ਗੀਤ ਗਾਉਂਦੇ ਦੇਖ ਗਾਲ੍ਹਾਂ ਕੱਢਦਾ ਹੈ।)

ਗੋਰਾ ਮੁੰਡਾ: ਹੇ! ਸ਼ੱਟ ਅੱਪ ਯੂ ਗੋਡ-ਡੈਮਡ ਹਿੰਦੂਜ਼। ਵਿਅਰ ਦਾ ਫੱਕ ਡੂ ਯੂ ਥਿੰਕ ਯੂ ਆਰ, ਇਨ ਇੰਡੀਆ ਔਰ ਸੱਮਥਿੰਗ

(Hey! Shut up you God damned Hindus. Where the fuck do you think you are? In India or something?)

ਸੁੱਚਾ ਸਿੰਘ: (ਬੋਲਣ ਦੀ ਕੋਸ਼ਿਸ਼ ਕਰਦਾ ਹੈ) ਲਿਸਨ ਬੋਈ - ਵੀ ਨਾਟ ਬਾਦਰ ਯੂ। ਯੂ ਲੀਵ ਅੱਸ ਅਲੋਨ।

( Listen boyee, we not bother you. You leave us alone.)

**ਗੋਰਾ ਮੁੰਡਾ:** ਯੂ ਲਿਸਨ ਟੂ ਮੀ ਯੂ ਡੱਰਟੀ ਰੈਗ ਹੈੱਡਜ਼, ਇਫ ਯੂ ਵਾਨਾ ਡਰਿੰਕ ਐਂਡ ਸਿੰਗ ਦਿਸ ਮੰਬੋ ਜੰਬੋ ਬੁੱਲਸ਼ਿੱਟ, ਗੋ ਬੈਕ ਵਿਅਰ ਯੂ ਕੱਮ ਫਰੌਮ

You listen to me you dirty ragheads. If you wana drink and sing this mumbo jumbo bulshit, go back where you come

(ਜਦੋਂ ਗੋਰਿਆ ਦਾ ਮੁੰਡਾ ਬੋਲ ਰਿਹਾ ਹੁੰਦਾ ਹੈ, ਜਗਤ ਸਿੰਘ ਬਹੁਤ ਗੁੱਸੇ ਵਿੱਚ ਹੈ ਪਰ ਗੱਲ ਨਾਂ ਸਮਝ ਆਉਣ ਕਰਕੇ ਕੁੱਝ ਕਹਿੰਦਾ ਜਾਂ ਕਰਦਾ ਨਹੀਂ। ਨਰਿੰਜਨ ਸਿੰਘ ਦੇ ਚੇਹਰੇ ਤੇ ਡਰ ਚਮਕਦਾ ਹੈ। ਸੁੱਚਾ ਸਿੰਘ ਅੰਦਰੋ ਡਰਿਆ ਪਰ ਬਾਹਰੋਂ ਬਹਾਦਰ ਬਣਨ ਦੀ ਕੋਸ਼ਿਸ਼ ਵਿੱਚ ਹੈ। ਗਾਲ੍ਹਾਂ ਕੱਢ ਕੇ ਮੁੰਡਾ ਚਲੇ ਜਾਂਦਾ ਹੈ)

**ਸੁੱਚਾ ਸਿੰਘ:** ਸਾਲਾ 'ਬਾਸਟਰਡ'। ਕਹਿੰਦਾ ਮੈਨੂੰ 'ਬਾਦਰ' ਕਰਦੇ ਆ। ਦੱਸੋ ਭਲਾ ਆਪਾਂ ਉਹਨੂੰ ਕੀ ਕਹਿ ਤਾ?

**ਜਗਤ ਸਿੰਘ:** ਕਹਿਣਾ ਕੀ ਆ। ਉਦਾਂ ਈ ਇਹਨਾਂ ਸਾਲਿਆਂ ਦੇ ਦਿਮਾਗਾਂ ਨੂੰ ਫਤੂਰ ਚੜਿਆ ਰਹਿੰਦਾ। ਬੱਤਾ ਬੀਅਰ ਦਾ ਪੀ ਕੇ, ਆਪਣੇ ਅਰਗਿਆਂ ਨੂੰ ਗਾਲ੍ਹਾਂ ਕੱਢਣੀਆਂ ਸ਼ੁਗਲ ਆ ਇਹਨਾਂ ਭੈਣ ਦਿਆਂ ਖਸਮਾਂ ਦਾ। ਕਹਿੰਦਾ 'ਬਾਦਰ' ਕਰਦੇ ਆ। 'ਬਾਦਰ' ਆਪਾਂ ਕੀਤਾ ਨਈਂ, ਕਰਨਾ ਚਾਹੀਦਾ ਸੀ। ਜੇ ਜੁੰਡਿਆਂ ਤੋਂ ਫੜਕੇ ਬੂਥੇ 'ਤੇ ਚਾਰ ਜੜਦੇ, ਲੈ ਤਾਂ ਫੇਰ ਸਾਲਾ ਕੁੱਛ ਕਹਿੰਦਾ। ਪਰ ਆਪਾਂ ਤੋਂ ਕੁੱਛ ਹੋਇਆ ਈ ਨਹੀਂ। ਉਏ ਆਪਾਂ ਤਿੰਨ ਜਣੇ ਤੇ ਉਹ ਕੱਲਾ। ਸਾਲਾ ਗਾਲ੍ਹਾਂ ਕੱਢਕੇ ਜਾਂਦਾ ਲੱਗਾ। ਕੋਈ ਹੱਜ ਨਹੀਂ ਆਪਣੇ ਜੀਣ ਦਾ ਵੀ।

**ਨਰਿੰਜਨ ਸਿੰਘ:** ਬਗਾਨਾ ਮੁਲਕ ਆ ਆਪਾਂ ਏਥੇ ਕਰ ਵੀ ਕੀ ਸਕਦੇ ਆਂ। ਉਹਦੇ ਨਾਂ ਲੜਦੇ ਵੀ ਤਾਂ ਕੀ ਫਾਇਦਾ ਹੋਣਾ ਸੀ। ਐਵੇਂ ਆਪਣੇ ਸੱਟ ਪੇਟ ਲੁਆ ਬਹਿੰਦੇ। ਜੇ ਉਹ ਚਾਰ ਗਾਲ੍ਹਾਂ ਕੱਢ ਵੀ ਗਿਆ ਤਾਂ ਆਪਣਾ ਕੀ ਗਿਆ। ਸਹੁਰੇ ਨੇ ਆਪਣੀ ਈ ਜਬਾਨ ਗੰਦੀ ਕੀਤੀ।

**ਜਗਤ ਸਿੰਘ:** (ਖਿੱਝਕੇ) ਫਰਕ ਕਿਉਂ ਨਹੀਂ ਪਿਆ ਯਾਰ, ਗੱਲਾਂ ਕੀ ਕਰੀ ਜਾਨਾਂ ਤੂੰ। ਪਿੰਡ ਕਿਸੇ ਤੋਂ ਉਏ ਨਹੀਂ ਸੀ ਕਹਾਈ ਤੇ ਉਹ ਮਿੰਟ 'ਚ ਲਾਹ ਪਾਹ ਕਰ ਗਿਆ। ਨਾਲੇ ਆਹ ਜਿਹੜੀ ਤੂੰ ਬਗਾਨੇ ਮੁਲਕ ਦੀ ਗੱਲ ਕਰਦਾਂ, ਇਹਦੇ ਨਾਲ ਕੋਈ ਫਰਕ ਨਹੀਂ ਪੈਂਦਾ, ਜੇ ਬੰਦੇ 'ਚ ਕੰਡ ਹੋਵੇ। ਮੈਂ ਤਾਂ ਲੱਗਾ ਸੀ ਉੱਠਣ। ਫੇਰ ਤੁਹਾਡੇ ਬਾਰੇ ਸੋਚ ਕੇ ਚੁੱਪ ਕਰ ਗਿਆ, ਕੀ ਪਤਾ ਨਾਲ ਖੜੋ ਵੀ ਕਿ ਨਾ। ਪਰ ਜੇ ਮੁੜ ਕੇ ਆਇਆ ਨਾ, ਮੈਂ ਤਾਂ ਸੋਚ ਲਿਆ, ਸਾਲੇ ਨੂੰ ਸੰਘੀਓ ਫੜ ਲੈਣਾਂ, ਫੇਰ ਦੇਖੀ ਜਾਊ ਜਿਹੜੀ ਹੋਊ। ਆਪਾਂ ਤੋਂ ਨਹੀਂ ਇਹੋ ਜਿਹੀ ਬਿਜਤੀ ਜਰ ਹੁੰਦੀ।

**ਸੁੱਚਾ ਸਿੰਘ:** ਗੱਲ ਤਾਂ ਜਗਤ ਸਿੰਘ ਦੀ ਠੀਕ ਆ ਨਰਿੰਜਨ ਸਿਆਂ। ਇਹ ਸੱਭ ਸਾਲੇ ਜੁੱਤੀ ਦੇ ਯਾਰ ਆ। ਉਦਾਂ ਨਹੀਂ ਸੂਤ ਆਉਣ ਆਲੇ। (ਰੁੱਕ ਕੇ) ਚਲੋ ਛੱਡੋ ਮਿੱਟੀ ਪਾਓ ਇਹਤੇ। ਆਹ ਜਗਤ ਸਿਆਂ ਪਾਈਂ ਯਾਰ ਥੋੜੀ ਜਿਹੀ ਸਾਲਾ ਸੁਆਦ ਈ ਜਾਂਦਾ ਲੱਗਾ।

(ਤਿੰਨੋ ਜਣੇ ਫੇਰ ਇਕ ਇਕ ਦਰਮ ਪੀਂਦੇ ਹਨ)

**ਨਰਿੰਜਨ ਸਿੰਘ:** (ਪੀਣ ਲੱਗਾ ਡਰਦਾ ਡਰਦਾ ਆਲਾ ਦੁਆਲਾ ਵੇਖਦਾ ਹੈ) ਉਦਾਂ ਆਪਾਂ ਨੂੰ ਏਦਾਂ ਏਥੇ ਪਾਰਕ 'ਚ ਪੀਣੀ ਵੀ ਨਹੀਂ ਚਾਹੀਦੀ। ਗੋਰਿਆਂ ਨੇ ਗੁੱਸਾ ਤਾਂ ਕਰਨਾ ਈ ਹੋਇਆ ਫੇਰ?

**ਸੁੱਚਾ ਸਿੰਘ:** ਤੂੰ ਵੀ ਯਾਰ ਨਰਿੰਜਨ ਸਿਹਾਂ ਕਦੀ ਕਦੀ ਬਾਹਲਾ ਈ ਥੱਲੇ ਲੱਗ ਜਾਨਾਂ। ਹੁਣ ਤੂੰ ਹੀ ਦੱਸ ਆਪਾਂ ਹੁਣ ਬੈਠੀਏ ਵੀ ਕਿੱਥੇ। ਗੋਰਿਆਂ ਕੋਲ ਸੌ ਥਾਂ ਆ। ਉਹ ਤਾਂ ਬੀਅਰ ਪਾਲਿਆਂ 'ਚ ਤੇ ਪੱਬਾਂ 'ਚ ਬਹਿਕੇ ਸ਼ੁਗਲ ਕਰ ਲੈਂਦੇ ਆ। ਆਪਾਂ ਬੀਅਰ ਪਾਲਿਆਂ 'ਚ ਜਾਈਏ ਤਾਂ ਮੰਡੀਰ ਪੱਗਾਂ ਨੂੰ ਪੈਂਦੀ ਆ। ਘਰ ਬਹੀਏ ਤਾਂ ਨਿਆਣੇ ਕਹਿੰਦੇ ਆ ਤੁਸੀਂ ਰੌਲਾ ਬਹੁਤ ਪਾਉਂਦੇ ਆਂ। ਆਪ ਸਾਲੇ ਭਾਵੇਂ ਆਪਣੇ ਭਾਈਵੰਦਾਂ ਨਾਲ ਬੈਠੇ ਦੋ ਦੋ ਵਜੇ ਤੱਕ ਰੱਜਦੇ ਰਹਿਣ।

**ਜਗਤ ਸਿੰਘ:** ਸੁੱਚਾ ਸਿਆਂ ਰੋਣਾ ਤਾਂ ਇਹੀ ਆ। ਦੇਸ ਹੁੰਦੇ ਸੀ, ਆਪਣੇ ਘਰ ਰਾਜ ਕਰੀ ਦਾ ਸੀ। ਘਰ ਦੇ ਸਾਰੇ ਜੀਅ ਉਂਗਲੀ 'ਤੇ ਨੱਚਦੇ ਸੀ। ਧਰਮ ਨਾਲ ਤੂੰ ਕਹਿਣਾ ਗੱਪ ਮਾਰਦਾ, ਹਵੇਲੀ ਵਿੱਚ ਦਸ ਦਸ ਮੰਜੇ ਡਿੱਠੇ ਰਹਿੰਦੇ ਸੀ। ਕੋਈ ਆਇਆ ਗਿਆ ਹੋਣਾਂ, ਅਗਲੇ ਦੀ ਬਹਾ ਕੇ ਪੂਰੀ ਆਓ ਭਗਤ ਕਰਨੀ। ਚੌਂਹ ਬੰਦਿਆ 'ਚ ਇੱਜਤ ਵੀ ਸੀ ਤੇ ਮਾਣ ਵੀ। ਏਥੇ ਹੁਣ ਸਾਲਾ ਚੱਕਰ ਈ ਹੋਰ ਆ। ਬਾਹਰ ਆਹ ਗੋਰਿਆਂ ਦੇ ਛੋਕਰੇ ਲਾਹ ਪਾਹ ਕਰਦੇ ਆ। ਘਰ ਹੋਰ ਹੀ ਭੰਗ ਭੁੱਜਦੀ ਆ। ਲੈ ਹੁਣ ਤੁਸੀਂ ਮੇਰੇ ਭਾਈਵੰਦ ਆ, ਜੇ ਮੈਂ ਤੁਹਾਨੂੰ ਘਰ ਲੈ ਜਾਵਾਂ ਤਾਂ ਨੂੰਹ ਮੇਰੀ ਨੇ ਤੁਹਾਡੇ ਸਾਹਮਣੇ ਈ ਅਵਾ ਤਵਾ ਬੋਲਣ ਲੱਗ ਪੈਣਾ। ਕੀ ਇੱਜਤ ਆ ਇਸ ਮੁਲਕ ਵਿੱਚ? ਸਮਝ ਨਈਂ ਆਉਂਦੀ ਬੰਦਾ ਕਰੇ ਵੀ ਤਾਂ ਕੀ?

**ਸੁੱਚਾ ਸਿੰਘ:** ਬਈ ਆਪਣਾ ਤਾਂ ਸੁਭਾਅ ਏਦਾਂ ਸੀ ਪਈ ਪੀਣੀ ਥੋੜੀ ਤੇ ਇਨਜੁਆਏ ਕਰਨੀ ਜਾਦਾ। ਡਰਿੰਕ ਪਾ ਕੇ ਰੱਖ ਲੈਣਾ, ਗੱਪ ਸ਼ੱਪ ਮਾਰਨੀ ਤੇ ਕਿਤੇ ਕਿਤੇ ਘੁੱਟ ਭਰ ਲੈਣਾ। ਦੇਸ ਵੀ ਏਦਾਂ ਕਰਦੇ ਰਹੇ ਆਂ ਤੇ ਪਹਿਲਾਂ ਪਹਿਲਾਂ ਇਥੇ ਆਕੇ ਵੀ ਏਦਾਂ ਚਲਦਾ ਰਿਹਾ। ਜਦੋਂ ਕੁ ਅਸੀਂ ਆਏ ਸੀ ਨਾ, ਉਦੋਂ ਮੁੰਡੇ ਨੂੰ ਅਜੇ ਪੈਸੇ ਦਾ ਭੂਤ ਨਹੀਂ ਸੀ ਚੰਬੜਿਆ। ਰਹਿੰਦੇ ਤਾਂ ਕਿਸੇ ਦੀ ਬੇਸਮਿੰਟ 'ਚ ਹੀ ਸੀ, ਪਰ ਖਾਣਾ ਪੀਣਾ ਰੂਹ ਨਾਲ। ਅਸੀਂ ਪੇ ਪੁੱਤ ਨੇ ਇਕ ਇਕ ਡਰਿੰਕ ਪਾਕੇ ਨਾਲ ਟੀ.ਵੀ. ਦੇਖਣੀ ਤੇ ਨਾਲੇ ਨਿਆਣਿਆਂ ਨਾਲ ਹੱਸਦੇ ਖੇਡਦੇ ਰਹਿਣਾ। ਪਰ ਫੇਰ ਆ ਸਾਲਾ ਵੱਡੇ ਸਾਰੇ ਘਰ ਦਾ ਪੰਗਾ ਲੈ ਲਿਆ।

**ਨਰਿੰਜਨ ਸਿੰਘ:** ਇਹ ਵੱਡੇ ਘਰਾਂ ਨੇ ਬੜੇ ਲੋਕੀਂ ਪੱਟੇ ਆ।

**ਸੁੱਚਾ ਸਿੰਘ:** ਓ ਪਹਿਲਾਂ ਤਾਂ ਠੀਕ ਠਾਕ ਈ ਰਿਹਾ। ਮੁੰਡੇ ਦਾ ਮਿੱਲ ਵਿੱਚ ਕੰਮ ਲੱਗਿਆ ਸੀ, ਚੰਗੀ ਕਿਸ਼ਤ ਤੁਰੀ ਜਾਂਦੀ ਸੀ। ਕੁਛ ਨੂੰਹ ਕਲੀਨਅੱਪ ਦਾ ਕਰਕੇ ਥੋੜੇ ਬਹੁਤ ਲੈ ਆਉਂਦੀ ਸੀ। ਮੁੰਡੇ ਦੀ ਐਸੀ ਮਿੱਲ ਖੜੀ ਹੋਈ, ਸਾਡੇ ਲਈ ਤਾਂ ਹੇਠਲੀ ਉੱਤੇ ਹੋ ਗਈ। ਹੁਣ ਤੀਵੀਂ ਆਦਮੀ ਦੋਵੇਂ ਦੋ ਦੋ ਸ਼ਿਫਟਾਂ ਕਲੀਨ ਅੱਪ ਕਰਦੇ ਆ। ਮੇਰੀ ਸਿੰਘਣੀ ਨੂੰ ਵੀ ਰੇਨ ਲੁਆ ਕੇ ਦਿੱਤਾ ਆ। ਮੈਂ ਪਹਿਲਾ ਚਾਰ ਪੰਜ ਮਹੀਨੇ ਕੈਬਿਨਾਂ 'ਚ ਮੱਛਰ ਲੜਾਇਆ, ਹੁਣ ਅਨਪਲਾਏ ਦੇ ਨਾਲ ਆਹ ਪੇਪਰ ਸੁੱਟ ਕੇ ਥੋੜੇ ਬਾਹਲੇ ਕੈਸ਼ ਲੈ ਆਈਦੇ ਆ। ਫੇਰ ਵੀ ਹੁਕਮ ਨਹੀਂ ਕਿ ਘਰ ਬੈਠ ਕੇ ਭੋਰਾ ਦਾਰੂ ਦਾ ਪੀ ਲਈਏ।

**ਜਗਤ ਸਿੰਘ:** ਨਾ ਤੈਨੂੰ ਕਾਤੋਂ ਖਿੱਝਦੇ ਆ, ਤੇਰਾ ਮੁੰਡਾ ਆਪ ਏਨੀ ਪੀਂਦਾ ਆ।

**ਸੁੱਚਾ ਸਿੰਘ:** ਹੁਣ ਨਈ ਨਾ ਪੀਂਦਾ। ਹੁਣ ਉਹ ਘੋਟਵੀਂ ਜਿਹੀ ਪੱਗ ਬੰਨਣ ਲੱਗ ਪਿਆ ਤੇ ਹੁਕਮ ਚਾੜਤਾ ਪਈ ਘਰ 'ਚ ਸ਼ਰਾਬ ਨਈ ਵੜ ਸਕਦੀ। ਹੁਣ ਪੀਣੀ ਵੀ ਆਹ ਪਾਰਕਾਂ 'ਚ ਬਹਿ ਕੇ ਪੈਂਦੀ ਆ। ਏਥੇ ਗੋਰਿਆਂ ਦੀਆਂ ਗਾਲ੍ਹਾਂ, ਘਰ ਘਰਦਿਆਂ ਦੇ ਧੱਕੇ। ਮਨ ਸਾਲਾ ਏਨਾ ਦੁਖੀ ਰਹਿੰਦਾ ਪਈ ਕਈ ਵਾਰੀ ਤਾਂ ਦਿਲ ਕਰਦਾ ਬੰਦਾ ਜ਼ਹਿਰ ਹੀ ਖਾ ਲਵੇ।

**ਜਗਤ ਸਿੰਘ:** ਅੱਜ ਤਾਂ ਬਾਹਲੀਆਂ ਢੇਰੀਆਂ ਢਾਹੁਣ ਵਾਲੀਆਂ ਗੱਲਾਂ ਕਰਨ ਲੱਗ ਪਏ ਆਂ।

(ਸੁੱਚਾ ਸਿੰਘ ਨੂੰ ਬੋਤਲ ਫੜਾਉਂਦਾ ਹੈ। ਸੁੱਚਾ ਸਿੰਘ ਕਾਹਲੀ ਨਾਲ 'ਦਰਮ' ਪੀਕੇ ਨਰਿੰਜਨ ਸਿੰਘ ਨੂੰ ਫੜਾਉਂਦਾ ਹੈ)

**ਨਰਿੰਜਨ ਸਿੰਘ:** ਸੁੱਚਾ ਸਿਹਾਂ ਤੇਰੀਆਂ ਗੱਲਾਂ ਬਿਲਕੁਲ ਠੀਕ ਆ। ਔਲਾਦ ਨਹੀਂ ਕੰਮ ਦੀ ਰਹਿੰਦੀ ਏਸ ਮੁਲਕ 'ਚ।

**ਸੁੱਚਾ ਸਿੰਘ:** ਨਿਆਣੇ ਤਾਂ ਕਹਿੰਦੇ ਆ ਅਸੀਂ ਹੁਣ ਕੋਈ ਸ਼ੁਗਲ ਮੇਲਾ ਕਰੀਏ ਈ ਨਾ। ਬਸ ਪਾਠ ਈ ਕਰੀ ਜਾਈਏ। ਪਈ ਦੱਸੋ ਜੇ ਸਾਡੀ ਉਮਰ ਥੋੜੀ ਜਿਹੀ ਜਾਦਾ ਹੋ ਗਈ ਆ ਤਾਂ ਇਹਦਾ ਮਤਲਬ ਇਹ ਥੋੜੋ ਆ ਕਿ ਸਾਡੀ ਰੂਹ ਈ ਮਰ ਗਈ। ਸਾਡਾ ਵੀ ਖਾਣ ਪੀਣ ਨੂੰ ਦਿਲ ਕਰਦਾ।

**ਜਗਤ ਸਿੰਘ:** ਉਦਾਂ ਖਾਣ ਪੀਣ ਤੋਂ ਬਿਨਾਂ ਇਸ ਮੁਲਕ 'ਚ ਰੱਖਿਆ ਵੀ ਕੀ ਆ। ਨਾ ਬੰਦਿਆ 'ਚ ਕੋਈ ਮੋਹ ਨਾ ਮੁਹੱਬਤ। ਨਾ ਕਿਸੇ ਕੋਲ ਕਿਸੇ ਨਾਲ ਗੱਲ ਕਰਨ ਦੀ ਵਿਹਲ। ਹਰ ਬੰਦਾ ਭੱਜਾ ਈ ਫਿਰਦਾ।

**ਸੁੱਚਾ ਸਿੰਘ:** ਤੁਸੀਂ ਕਿਸੇ ਵੀ ਸੜਕ 'ਤੇ ਦੋ ਮਿੰਟ ਖੜਕੇ ਦੇਖ ਲਓ। ਲੋਕ ਐਂ ਕਾਰਾਂ ਦੋੜਾਈ ਜਾਂਦੇ ਆ ਜਿਦਾਂ ਪਿੱਛੇ ਗੋਲੀ ਚਲਦੀ ਹੋਵੇ। ਚੋਵੀ ਘੰਟੇ ਲੋਕ ਦੋੜੇ ਈ ਫਿਰਦੇ ਆ। ਇਕ ਦੂਜੇ ਨਾਲ ਗੱਲ ਕਰਨ ਦੀ ਵਿਹਲ ਨਹੀਂ। ਨਾ ਮਾਪਿਆ ਕੋਲ ਨਿਆਣਿਆ ਲਈ ਟੈਮ ਆ, ਨਾ ਤੀਵੀਂ ਕੋਲ ਆਦਮੀ ਲਈ। ਬੱਸ ਚਲੋ ਚੱਲ ਚਲੋ ਚੱਲ।

ਨਰਿੰਜਨ ਸਿੰਘ: ਸਾਡੇ ਅਰਗਿਆਂ ਅਨਪੜ੍ਹਾਂ ਲਈ ਤਾਂ ਇਹ ਮੁਲਕ ਬਾਹਲਾ ਈ ਭੈੜਾ। ਬੰਦਾ ਨਾ ਕਿਸੇ ਨਾਲ ਗੱਲ ਕਰ ਸਕਦਾ ਨਾ ਵਾਸਤਾ। ਸੜਕ 'ਤੇ ਤੁਰਿਆ ਜਾਂਦਿਆਂ ਨੂੰ ਨਿਆਣੇ ਦੰਦੀਆਂ ਚੁਗਾਉਂਦੇ ਆ। ਸਟੋਰਾਂ 'ਚ ਜਾਓ ਤਾਂ ਉਹ ਸਾਡੀ ਅਲਾਂ ਏਦਾਂ ਦੇਖਦੇ ਆ ਜਿੱਦਾਂ ਅਸੀਂ ਚੋਰ ਹੋਈਏ। ਘਰ ਬੈਠੋ ਤਾਂ ਨਿਆਣੇ ਟੀ.ਵੀ. ਨਹੀਂ ਬੰਦ ਕਰਦੇ। ਉਹਦੇ 'ਚੋਂ ਸਾਡੇ ਕੁਛ ਸਮਝ ਈ ਨਹੀਂ ਆਉਂਦਾ। ਹੁਣ ਘਰ ਬੈਠੇ ਕਰੀਏ ਵੀ ਕੀ। ਦਿਲ 'ਚ ਇਹੀ ਰਹਿੰਦਾ ਆ ਕਿਸੇ ਜਾਣ ਪਛਾਣ ਵਾਲੇ ਬੰਦੇ ਨਾਲ ਗੱਪ ਸ਼ੱਪ ਮਾਰੀ ਜਾਏ।

ਜਗਤ ਸਿੰਘ: ਸੱਚੀ ਗੱਲ ਆ ਆਪਾਂ ਤਾਂ ਜਿੰਨਾ ਚਿਰ ਹਫਤੇ 'ਚ ਇਕ ਦੋ ਵਾਰੀ ਕਿਸੇ ਭਾਈਵੰਦ ਨਾਲ ਬਹਿ ਨਾ ਲਾ ਲਈਏ ਅੰਦਰ ਪਾਟਦਾ ਰਹਿੰਦਾ। ਦੋ ਪੱਲ ਦਿਲ ਦੀਆਂ ਕਰ ਕੇ ਮਨ ਟਿਕਾਣੇ ਜਿਹਾ ਆ ਜਾਂਦਾ।

ਸੁੱਚਾ ਸਿੰਘ: (ਥੋੜਾ ਸ਼ਰਾਬੀ ਹੋਇਆ ਹੈ) ਭਾਈਵੰਦਾਂ ਬਿਨਾਂ ਕੋਈ ਨਈ ਇਥੇ ਆਪਣਾ। ਬੜੇ ਭਾਈ ਜਗਤ ਸਿਹਾਂ ਛੇੜ ਕੋਈ ਦਿਲ ਦਾ ਰਾਗ।

ਜਗਤ ਸਿੰਘ: ਨਹੀਂ ਬਈ ਹੁਣ ਤਾਂ ਮਨ ਜਿਹਾ ਨਈਂ ਮੰਨਦਾ।

ਨਰਿੰਜਨ ਸਿੰਘ: ਮਨ ਨੂੰ ਕੀ ਆ, ਬੜੇ ਭਾਈ ਆਪੇ ਮੰਨ ਜੂ। ਆ ਲੈ ਦੋ ਘੁੱਟਾਂ ਲਾ। ਫੇਰ ਆਪੇ ਜੀ ਕਰਨਾ ਤੇਰਾ ਕੁਛ ਸੁਨਾਉਣ ਨੂੰ।

(ਕੱਪ 'ਚ ਸ਼ਰਾਬ ਪਾਕੇ ਜਗਤ ਸਿੰਘ ਨੂੰ ਫੜਾਉਣ ਲਗਦਾ ਹੈ। ਏਨੇ ਨੂੰ ਇਕ ਗੋਰਾ ਪੁਲੀਸ ਮੈਨ ਦਾਖਲ ਹੁੰਦਾ ਹੈ। ਜਗਤ ਸਿੰਘ ਦਾ ਵੱਧਿਆ ਹੱਥ ਥਾਂ ਈ ਰੁੱਕ ਜਾਂਦਾ ਹੈ।)

ਪੁਲੀਸ ਮੈਨ: ਹੈਲੋ ਮਿਸਟਰ ਸਿੰਘ। ਐਂਡ ਹਾਉ ਆਰ ਯੂ ਟੂਡੇ (
Helllo, Mr. Singh, and how are you today?)

ਨਰਿੰਜਨ ਸਿੰਘ ਤੇ
ਜਗਤ ਸਿੰਘ: ਓ ਗੁੱਡ ਗੁੱਡ।

(ਜਗਤ ਸਿੰਘ ਬੋਤਲ ਥੱਲੇ ਰੱਖਦਾ ਅਤੇ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ)

ਸੁੱਚਾ ਸਿੰਘ: ਵੈਰੀ ਗੁੱਡ ਸਰ (very good sir)

ਪੁਲੀਸ ਮੈਨ: ਇਟ ਇਜ਼ ਏ ਨਾਈਸ ਵੈਦਰ ਵੀ ਆਰ ਹੈਵਿੰਗ
(It is a nice weather, we are having.)

ਸੁੱਚਾ ਸਿੰਘ: ਯੈਸ...ਵੈਰੀ ਨੈਸ ਵੈਦਰ (yes...very nace (nice) weather.)

ਪੁਲੀਸ ਮੈਨ: ਆਰ ਯੂ ਜੈਂਟਲਮਨ ਇਨਜੁਆਇੰਗ ਯੁਅਰਸੈਲਫ
(Are you gentlemen enjoying your self?)

ਜਗਤ ਸਿੰਘ: (ਸੁੱਚਾ ਸਿੰਘ ਨੂੰ) ਕੀ ਕਹਿੰਦਾ ਇਹ ਭੈਣ ਦੇਣੀ ਦਾ?

ਸੁੱਚਾ ਸਿੰਘ: ਕੁੱਛ ਨਈ ਕਹਿੰਦਾ ਤੂੰ ਚੁੱਪ ਕਰ ਮੈਂ ਕਰਦਾਂ ਇਹਦੇ ਨਾਲ ਟਾਕ। (ਫੇਰ ਪੁਲੀਸ ਮੈਨ ਨੂੰ) ਯੂ ਨੋ ਨੈਸ ਵੈਦਰ, ਅ... ਲਿਟਲ ਡਰਿੰਕ ਗੁੱਡ
(You know nice weather, a little drink good.)

ਪੁਲੀਸ ਮੈਨ: ਯੈਸ ਆਈ ਐਮ ਸ਼ੁਅਰ, ਬੱਟ... (yes I am sure, but..)

ਸੁੱਚਾ ਸਿੰਘ: ਯੂ ਨੋ ਮਾਈ ਫਰਿੰਡ (ਜਗਤ ਸਿੰਘ ਵੱਲ ਇਸ਼ਾਰਾ ਕਰਕੇ) ਜਗਤ ਸਿੰਘ ਗਰੈਂਡ ਫਾਦਰ, ਹਿਜ ਬੋਈ ਬੇਬੀ ਸਨ ਬੋਰਨ। ਯਾ, ਵੀ ਹੈਪੀ। ਯੂ ਨੋ ਲਿਟਲ ਡਰਿੰਕ...ਯੂ ਨੋ ਆ... ਆ, ਸੈਲੀਬਰੇਟ
(you know my friend jagat singh, grand father, his boy, baby son born. yeah we happy. You know little drink....you know a a a celebrate.)

ਪੁਲੀਸ ਮੈਨ: (ਪਹਿਲਾਂ ਨਾਲੋਂ ਵੀ ਵੱਧ ਮੁਸਕਰਾਕੇ) ਓ ਆਈ ਸੀ ਕੰਗਰੈਚੁਲੇਸ਼ਨਜ਼ ਮਿਸਟਰ ਸਿੰਘ ਬੱਟ ਜੈਂਟਲਮੈੱਨ...
(.O,I see, congratulations Mr. Singh... but genttlemen...)

ਜਗਤ ਸਿੰਘ: (ਸੁੱਚਾ ਸਿੰਘ) ਉਏ ਇਹ ਮੈਨੂੰ ਕਾਹਦਾ ਕੰਗਰੂਲੇਸ਼ਨ ਕਰੀ ਜਾਂਦਾ। ਕੋਈ ਸਾਡੇ ਵੀ ਪਿੜ ਪੱਲੇ ਪਾ ਕੀ ਕਹਿੰਦਾ ਇਹ ਝਨੇਰੂ ਜਿਹਾ।

ਸੁੱਚਾ ਸਿੰਘ: (ਜਗਤ ਸਿੰਘ ਦੀ ਗੱਲ ਵਲ ਧਿਆਨ ਦਿੱਤੇ ਬਿਨਾਂ ਪੁਲੀਸ ਮੈਨ ਨੂੰ) ਯੂ ਲਿਟਲ ਡਰਿੰਕ?

ਪੋਲੀਸ ਮੈਨ: (ਹੱਸਦਾ ਹੋਇਆ) ਓ ਨੋ ਥੈਂਕ ਯੂ। ਜੈਟਲਮੈੱਨ ਆਈ ਮਸਟ ਟੈੱਲ ਯੂ ਦੈਟ ਯੂ ਸ਼ੁੱਡ ਫਾਈਂਡ ਸਮ ਪਰਾਈਵੇਟ ਪਲੇਸ ਟੂ ਡਰਿੰਕ
( O, no, thank you Gentlemen I must tell you that you should find some private place to drink.)

ਨਰਿੰਜਨ ਸਿੰਘ: ਓ ਇਹਨੂੰ ਕਹਿ ਅਸੀਂ ਤਾਂ ਪਹਿਲਾਂ ਈ ਜਾਣ ਵਾਲੇ ਸੀ।

ਜਗਤ ਸਿੰਘ: ਤੂੰ ਚੁੱਪ ਕਰ ਯਾਰ, ਸੁੱਚਾ ਸਿੰਘ ਨੇ ਆਪੇ ਕਰ ਲੈਣੀ ਆ ਸਾਰੀ ਬਾਤ, ਉਹ ਕਿਤੇ ਨਿਆਣਾ? (ਫੇਰ ਸੁੱਚਾ ਸਿੰਘ ਨੂੰ) ਲਾਹ ਯਾਰ ਇਹਨੂੰ ਗਲੋਂ। ਕੀ ਘੋੜੀਆਂ ਜਿਹੀਆਂ ਗਾਈ ਜਾਂਦਾ। ਸਾਲੇ ਨੇ ਪੀਤੀ ਲਾਹ ਤੀ।

ਸੁੱਚਾ ਸਿੰਘ: (ਪੁਲੀਸ ਮੈਨ ਨੂੰ) ਯਾ ਵੀ ਨੋ, ਵੀ ਗੋ ਹੋਮ ਯਾ
( Yeah We know, we go home, yeah)

ਪੁਲੀਸ ਮੈਨ: ਯੈਸ ਆਈ ਥਿੰਕ ਦੈਟ, ਯੂ ਸ਼ੁੱਡ ਮੂਵ ਰਾਈਟ ਨਾਉ
(Yes I think that you should move right now)

ਸੁੱਚਾ ਸਿੰਘ: ਯੈਸ ਓ.ਕੇ.ਵੀ ਗੋ (ਦੂਜਿਆਂ ਨੂੰ) ਚਲੋ ਉੱਠੋ ਯਾਰ ਆਪਾਂ ਨੂੰ ਏਥੋਂ ਹਿੱਲਣਾ ਪੈਣਾ।

(ਤਿੰਨੋਂ ਉਠਕੇ ਇਕ ਪਾਸੇ ਨੂੰ ਤੁਰਦੇ ਹਨ। ਪੁਲੀਸ ਮੈਨ ਪਿੱਛੋਂ ਆਵਾਜ ਦਿੰਦਾ ਹੈ)

ਪੁਲੀਸ ਮੈਨ: ਗੁੱਡ ਨਾਈਟ ਜੈਂਟਲਮੈੱਨ (Good night gentlemen)

ਜਗਤ ਸਿੰਘ: ਗੁੱਡ ਨੈਟ। ਸਾਲੇ ਨੇ ਸਾਰਾ ਫੱਨ ਖਰਾਬ ਕਰਤਾ, ਹੁਣ ਗੁੱਡ ਨੈਟ ਕਾਹਦੀ ਰਹਿ ਗਈ ਉਏ।

ਸੁੱਚਾ ਸਿੰਘ: ਚੱਲ ਕੋਈ ਨਹੀਂ, ਉਹ ਚਲੇ ਗਿਆ ਹੁਣ। ਆਪਾਂ ਦੋ ਮਿੰਟਾਂ ਤੱਕ ਉਥੇ ਫੇਰ ਜਾ ਬਹਾਂਗੇ।

ਨਰਿੰਜਨ ਸਿੰਘ: ਨਹੀਂ ਮੈਂ ਤਾਂ ਕਹਿਨਾ ਹੁਣ ਚਲਦੇ ਆਂ ਘਰਾਂ ਨੂੰ, ਲੇਟ ਵੀ ਕਾਫੀ ਹੋ ਗਏ ਆਂ।

ਜਗਤ ਸਿੰਘ: ਚਲੇ ਗਿਆ ਹੋਣਾ ਹੁਣ ਤਾਂ ਉਹ। ਐਵੇਂ ਕਿਉਂ ਡਰੀ ਜਾਨੈ। ਲਓ ਮੈਂ ਦੇਖਦਾ ਗਿਆ ਕਿ ਨਹੀਂ ਹਾਲੇ (ਪੜਦੇ ਪਿੱਛੋਂ ਨਿਕਲ ਕੇ ਸਟੇਜ਼ ਦੇ ਏਧਰ ਉਧਰ ਦੇਖਦਾ ਹੈ ਫੇਰ ਉੱਚੀ ਦੇਣੀ ਆਵਾਜ ਮਾਰਦਾ ਹੈ) ਉਏ ਆ ਜਾਓ ਚਲੇ ਗਿਆ ਉਹ ਤਾਂ। ਹੁਣ ਤਾਂ ਉਹਦੀ ਕਾਰ ਵੀ ਨਹੀਂ ਦਿਸਦੀ। (ਮੁੜਕੇ ਪਹਿਲੀ ਵਾਲੀ ਜਗ੍ਹਾ ਆ ਬਹਿੰਦੇ ਹਨ)

ਸੁੱਚਾ ਸਿੰਘ: ਬਈ ਇਕ ਗੱਲ ਆ, ਇਹ ਸਾਲੀ ਏਥੋਂ ਦੀ ਪੁਲੀਸ ਉਦਾਂ ਬੜੀ ਵੱਧੀਆ। ਘੱਟੋ ਘੱਟ ਬੰਦੇ ਦੀ ਇੱਜਤ ਤਾਂ ਕਰਦੀ ਆ। ਦੇਸ ਤਾਂ ਪੁਲਸੀਏ ਮਾੜੀ ਮਾੜੀ ਗੱਲ ਤੇ ਦਾਹੜੀ ਨੂੰ ਪੈਂਦੇ ਆ।

ਨਰਿੰਜਨ ਸਿੰਘ: ਹੈ ਤਾਂ ਗੱਲ ਠੀਕ। ਭਾਵੇਂ ਬੈਠਿਆਂ ਨੂੰ ਉਠਾਲ ਗਿਆ ਪਰ ਕਹਿੰਦਾ ਤਾਂ ਗੁੱਡ ਨੈਟ ਗਿਆ ਨਾ। ਆਪਣੇ ਸਪਾਹੀ ਤਾਂ ਗਾਲ੍ਹ ਬਿਨਾਂ ਆਪਣੇ ਪੇ ਨਾਲ ਵੀ ਗੱਲ ਨਹੀਂ ਕਰਦੇ।

ਸੁੱਚਾ ਸਿੰਘ: ਉਏ ਆਪਣੇ ਤਾਂ ਘਰ ਆਲੀ ਬੰਦੇ ਨੂੰ ਗੁੱਡ ਨੈਟ ਨਹੀਂ ਕਹਿੰਦੀ......

ਜਗਤ ਸਿੰਘ: ਓ ਇਨਾਂ ਦੀ ਜਬਾਨ ਪਿੱਛੇ ਨਾ ਜਾਇਓ। ਇਹ ਵੀ ਸਾਲੇ ਓਦਾਂ ਦੇ ਈ ਆ। ਥੋੜਾ ਈ ਫਰਕ ਆ ਇਹਨਾਂ 'ਚ ਵੀ। ਇਹ ਥੋੜਾ ਜਿਹਾ ਢੰਗ ਨਾਲ ਬੋਲ ਲੈਂਦੇ ਆ, ਦੇਸ ਆਲਿਆਂ ਨੂੰ ਤਾਂ ਸਿਖਾਲਦੇ ਈ ਗਾਲ੍ਹਾਂ ਕੱਢਣੀਆਂ।

ਨਰਿੰਜਨ ਸਿੰਘ: ਸੁੱਚਾ ਸਿਆਂ, ਕਹਿੰਦਾ ਕੀ ਸੀ? ਤੂੰ ਉਹਦੇ ਨਾਲ ਕਈ ਚਿਰ ਗਿੱਟ ਮਿੱਟ ਜਿਹੀ ਕਰਦਾ ਰਿਹਾਂ।

ਸੁੱਚਾ ਸਿੰਘ: ਕਹਿਣਾ ਕੀ ਆ। ਕਹਿੰਦਾ ਸੀ ਕਿਸੇ ਪ੍ਰਾਈਵੇਟ ਥਾਂ ਜਾ ਕੇ ਪੀਓ। ਪਈ ਦੱਸ ਤੂੰ ਸਾਥੋਂ ਬਾਹਲਾ ਸਿਆਣਾ, ਜੇ ਸਾਡੇ ਕੋਲ ਪ੍ਰਾਈਵੇਟ ਥਾਂ ਹੋਵੇ ਤਾਂ ਐਥੇ ਕਾਹਨੂੰ ਧੱਕੇ ਖਾਈਏ। ਹਫਤੇ 'ਚ ਇਕ ਅੱਧ ਵਾਰੀ ਸ਼ੁਗਲ ਕਰਨਾ ਹੁੰਦਾ ਉਹ ਵੀ ਚੈਨ ਨਾਲ ਨਈਂ ਬੈਠ ਸਕਦੇ।

ਨਰਿੰਜਨ ਸਿੰਘ: ਉਦਾਂ ਜੀ ਉਹਦਾ ਵਿਚਾਰੇ ਦਾ ਵੀ ਕੀ ਕਸੂਰ ਆ, ਉਹ ਤਾਂ ਆਪਣੀ ਡੂਟੀ ਪੂਰੀ ਕਰਦਾ ਫਿਰਦਾ। (ਥੋੜਾ ਅਟਕ ਤੇ ਆਲਾ ਦੁਆਲਾ ਦੇਖ ਕੇ) ਆਪਾਂ ਨੂੰ ਹੁਣ ਚੱਲਣਾ ਚਾਹੀਦਾ।

ਜਗਤ ਸਿੰਘ: (ਜਰਾ ਗੁੱਸੇ ਨਾਲ) ਚਲੇ ਜਾਨੇ ਆਂ ਯਾਰ ਏਨੀ ਵੀ ਕੀ ਤੈਨੂੰ ਕਾਹਲੀ ਪੈ ਗਈ ਜਾਣ ਦੀ। ਜੇ ਇਹਨਾਂ ਚਪਾਟਿਆਂ ਦੇ ਡਰ ਕਰਕੇ ਏਦਾਂ ਘਰਾਂ ਨੂੰ ਜਾਣ ਲੱਗ ਪਏ ਤਾਂ ਫੇਰ ਨਾਂ ਇਹਨੀਂ ਆਪਾਂ ਨੂੰ ਕਦੇ ਪਾਰਕਾਂ 'ਚ ਆਉਣ ਦਿੱਤਾ।

ਨਰਿੰਜਨ ਸਿੰਘ: ਬੜੇ ਭਾਈ ਗੱਲ ਡਰਨ ਦੀ ਨਹੀਂ। ਗੱਲ ਤਾਂ ਕਾਨੂੰਨ ਦੀ ਆ। ਕਾਨੂੰਨ ਦੇ ਸਾਬ੍ਹ ਨਾਲ ਆਪਾਂ ਏਦਾਂ ਬਾਹਰ ਦਰਾਮ ਨਹੀਂ ਪੀ ਸਕਦੇ। ਆ ਅਜੇ ਹੁਣੇ ਉਹ ਆਪਾਂ ਨੂੰ ਦੱਸ ਕੇ ਗਿਆ।

ਜਗਤ ਸਿੰਘ: ਕਾਨੂੰਨ ਕਿਹੜਾ ਭੈਣ ਦੇਣੀ ਦਾ ਰੱਬ ਆ। ਨਾਲੇ ਕਿਹੜਾ ਪੁਛਦਾ ਏਥੇ ਕੜੇ ਕਾਨੂੰਨਾਂ ਨੂੰ। ਆਹ ਤੇਰੇ ਸਾਹਮਣੇ ਉਹ ਗੋਰਿਆ ਦਾ ਛੋਕਰਾ ਜਿਹਾ ਹੱਥ 'ਚ ਬੀਅਰ ਫੜੀ ਫਿਰਦਾ ਸੀ। ਉਹਨੂੰ ਨਾ ਇਸ ਕਾਨੂੰਨ ਨੇ ਰੋਕਿਆ। ਤੂੰ ਆ ਜਾ ਬਹਿ ਜਾ ਐਵੀਂ ਨਾਂ ਮੋਕ ਮਾਰਨ ਲੱਗ ਜਾਇਆ ਕਰ ਰੜੇ ਈ।

ਸੁੱਚਾ ਸਿੰਘ: ਠਰ੍ਹੰਮੇ ਨਾਲ ਬਈ ਜਗਤ ਸਿਹਾਂ ਜਰਾ ਠਰ੍ਹੰਮੇ ਨਾਲ। ਕੋਈ ਨਈਂ ਕਿਤੇ ਚੱਲਿਆ। ਸਾਰੇ ਏਥੇ ਈ ਆਂ ਆਪਾਂ। ਨਰਿੰਜਨ ਸਿੰਘ ਯਾਰਾਂ ਦਾ ਯਾਰ ਆ ਨਈਂ ਜਾਂਦਾ ਛੱਡ ਕੇ ਆਪਾਂ ਨੂੰ। ਤੂੰ ਪਾ,ਘੁੱਟ ਘੁੱਟ ਸ਼ੁਗਲ ਕਰਦੇ ਆ ਘੜੀ। ਲੂਣ ਵਾਲਾ ਮੂੰਹ ਕਰਨ ਨੂੰ ਵੀ ਕੁੱਛ ਹੈ ਕਿ ਨਹੀਂ। ਮੇਰਾ ਖਿਆਲ ਆ ਪਹਿਲਾ ਤਾਂ ਮੁੱਕ ਗਿਆ ਹੋਣਾ ਆਂ। (ਜੇਬ ਵਿਚੋਂ ਪੰਜਾ ਦਾ ਨੋਟ ਕੱਢਕੇ) ਆਹ ਲੈ ਨਰਿੰਜਨ ਸਿਆਂ ਜਾਹ ਜਰਾ ਨੱਠਕੇ ਦੋ ਕੁ ਹੈਮਬਰਗਰ ਈ ਫੜ੍ਹ ਲਿਆ।

ਨਰਿੰਜਨ ਸਿੰਘ: ਤੂੰ ਡਾਲਰ ਰਹਿਣ ਦੇ ਮੈਂ ਲੈ ਆਉਨਾ।

ਜਗਤ ਸਿੰਘ: ਫੜ ਲੈ ਨਰੰਜਣ ਸਿਹਾਂ ਤੈਨੂੰ ਤਾਂ ਘਰ ਜਾ ਕੇ ਹਸਾਬ ਕਿਤਾਬ ਵੀ ਦੇਣਾ ਪੈਣਾ ਆ ਮੁੰਡਿ ਆਪਣੇ ਨੂੰ।

(ਨਰੰਜਣ ਸਿੰਘ ਝਕਦਾ ਝਕਦਾ ਜਿਹਾ ਪੈਸੇ ਫੜ ਲੈਂਦਾ ਅਤੇ ਚਲੇ ਜਾਂਦਾ ਹੈ)

ਸੁੱਚਾ ਸਿੰਘ: (ਜਾਂਦੇ ਦੀ ਪਿੱਠ ਵੱਲ ਦੇਖਦਾ ਹੋਇਆ) ਹੈ ਤਾਂ ਨਰਿੰਜਨ ਸਿਉਂ ਥੋੜਾ ਜਿਹਾ ਡਰੂ ਪਰ ਫੇਰ ਵੀ ਬੰਦਾ ਇੰਨਾ ਮਾੜਾ ਨਹੀਂ। ਤੂੰ ਐਨਾ ਨਾ ਪਿਆ ਕਰ ਉਹਨੂੰ।

ਜਗਤ ਸਿੰਘ: ਮੈਂ ਕੀ ਯਾਰ ਉਹਦੇ ਫੋੜਾ ਮਾਰਤਾ। ਬੰਦਾ ਥੋੜਾ ਬਹੁਤ ਦਿਲ ਤਾਂ ਕਾਇਮ ਰੱਖੇ। ਇਹਦਾ ਤਾਂ ਬੱਸ ਊਂ ਈ ਸਰਿਆ ਆ।

(ਏਨੇ ਨੂੰ ਸਟੇਜ ਉਪਰ ਸੂਬੇਦਾਰ ਦਾਖਲ ਹੁੰਦਾ ਹੈ। ਉਹਦੀ ਦਾੜੀ ਬੱਝੀ ਹੋਈ ਹੈ ਅਤੇ ਸਿਰ ਤੇ ਕਾਲੀ ਪੱਗ ਹੈ। ਸੂਟ ਪਾਇਆ ਹੋਇਆ ਹੈ। ਟਾਈ ਲਾਈ ਹੋਈ ਹੈ। ਜਗਤ ਸਿੰਘ ਤੇ ਸੁੱਚਾ ਸਿੰਘ ਦੋਵੇਂ ਸਿਰ ਨਾਲ ਉਹਨੂੰ ਹੈਲੋ ਕਰਦੇ ਹਨ।)

ਸੂਬੇਦਾਰ: ਕਿਹਦਾ ਸਾਰੀ ਜਾਨੇ ਆਂ ਬਈ ਜੁਆਨੋ।

ਸੁੱਚਾ ਸਿੰਘ: ਸਾਰਨਾ ਕਿਹਦਾ ਆ ਸੂਬੇਦਾਰ ਜੀ ਬਸ ਐਂਵੇਂ ਈ। ਕੋਈ ਖਾਸ ਗੱਲ ਨਈ। ਤੁਸੀਂ ਸੁਣਾਓ ਕੀ ਹਾਲ ਚਾਲ ਆ। ਕਿੱਧਰੋ ਆਏ ਆਂ।

ਸੂਬੇਦਾਰ: (ਉਹਨਾਂ ਕੋਲ ਬੈਂਚ ਉੱਤੇ ਬਹਿੰਦਾ ਹੋਇਆ) ਨਹੀਂ ਗੱਲ ਤਾਂ ਜਰੂਰ ਆ ਕੋਈ ਨਾਂ ਕੋਈ। ਜਗਤ ਸਿਓਂ ਤਾਂ ਬੜੇ ਗੁੱਸੇ 'ਚ ਲਗਦਾ।

ਸੁੱਚਾ ਸਿੰਘ: ਗੱਲ ਕੀ ਹੋਣੀ ਆਂ। ਪੇਪਰ ਸਿੱਟ ਕੇ ਆਏ ਸੀ। ਸੋਚਿਆ ਘੜੀ ਏਥੇ ਬਹਿਕੇ ਗੱਪ ਛੱਪ ਮਾਰਦੇ ਆਂ। ਸਾਰੀ ਦਿਹਾੜੀ ਘਰਾਂ ਦੀਆਂ ਪੌੜੀਆਂ ਉਤਰਦਿਆਂ ਚੜ੍ਹਦਿਆਂ ਬੁਰਾ ਹਾਲ ਹੋ ਜਾਂਦਾ।

ਸੂਬੇਦਾਰ: ਹਾਂ ਬਈ ਇਹ ਪੇਪਰ ਸੁੱਟਣ ਦਾ ਕੰਮ ਵਾਕਿਆ ਹੀ ਬੜਾ ਸਖਤ ਹੈ।

ਸੁੱਚਾ ਸਿੰਘ: ਨਾਲੇ ਜੀ ਹੁਣ ਸਾਡੇ ਤੇ ਕਿਹੜੀ ਜੁਆਨੀ ਆ। ਅਸੀਂ ਹਾੜਾ ਹਾੜਾ ਲਾ ਕੇ ਬੈਠੇ ਦੁੱਖ ਸੁੱਖ ਦੀਆਂ ਕਰਦੇ ਸੀ। ਇਕ ਗੋਰਿਆ ਦਾ ਪੰਕੀ ਜਿਹਾ ਆਕੇ ਹਾਤ ਹੂਤ ਜਿਹੀ ਕਰਨ ਲੱਗ ਪਿਆ। ਅਖੇ ਯੂ ਹਿੰਦੂ ਗੋ ਬੈਕ। ਮਨ ਬੜਾ ਖਰਾਬ ਹੋਇਆ। ਉਹਨੂੰ ਹਾਲੇ ਮਸਾਂ ਗੱਲਾਂ 'ਚ ਭੁੱਲੇ ਈ ਸੀ ਤਾਂ ਇਕ ਪੁਲਸੀਆ ਆ ਗਿਆ। ਕਹਿੰਦਾ ਕਿਸੇ ਪ੍ਰਾਈਵੇਟ ਥਾਂ ਤੇ ਜਾ ਕੇ ਪੀਵੋ। ਬੱਸ ਇਨਾਂ ਗੱਲਾਂ ਨਾਲ ਮਨ ਉਚਾਟ ਜਿਹਾ ਹੋ ਗਿਆ। ਬੜਾ ਗੁੱਸਾ ਆਇਆ ਆਪਣੇ ਆਪ ਤੇ ਨਾਲੇ ਏਸ ਮੁਲਕ ਤੇ। ਬੜਾ ਭਾਈ ਇਸੇ ਕਰਕੇ ਅਪਸੈਟ ਹੋਇਆ ਬੈਠਾ।

ਜਗਤ ਸਿੰਘ: ਓ ਕੁੱਛ ਨਹੀਂ ਹੋਇਆ ਮੈਨੂੰ। ਮੈਂ ਔਰੈਟ ਆਂ। ਤੁਸੀਂ ਸੁਣਾਓ ਸੂਬੇਦਾਰ ਜੀ ਕੋਈ ਨਵੀਂ ਤਾਜੀ।

ਸੂਬੇਦਾਰ: ਏਦਾਂ ਦੀਆਂ ਗੱਲਾਂ ਨਾਲ ਮਨ ਖਰਾਬ ਹੋ ਈ ਜਾਂਦਾ। ਜਗਤ ਸਿਹਾਂ ਏਥੇ ਦੀ ਮੰਡੀਰ ਦੇ ਮਨਾਂ 'ਚ ਡਰ ਭਉ ਕੋਈ ਨਹੀਂ। ਨਾਂ ਇਹਨਾਂ ਨੂੰ ਆਪਣੇ ਮਾਂ ਪੇ ਦੀ ਪਰਵਾਹ ਆ ਨਾਂ ਕਿਸੇ ਕਾਇਦੇ ਕਾਨੂੰਨ ਦੀ। ਏਥੇ ਯੰਗ ਤਬਕੇ 'ਚ ਕੋਈ ਡਸਿਪਲਨ ਨਹੀਂ। ਇਹਨਾਂ ਨੂੰ ਤਾਂ ਬੰਦਾ ਮੂੰਹ ਨਾ ਲਾਵੇ। ਜੇ ਕੁਛ ਕਹਿੰਦੇ ਵੀ ਆ ਤਾਂ ਸੁਣੀ ਅਨਸੁਣੀ ਕਰ ਦੇਵੇ। ਆਪੇ ਭੌਂਕ ਕੇ ਹੱਟ ਜਾਂਦੇ ਆ।

ਜਗਤ ਸਿੰਘ: ਜੇ ਕਬੂਤਰ ਦੇ ਅੱਖਾਂ ਮੀਟਣ ਨਾਲ ਬਿੱਲੀ ਚਲੇ ਜਾਂਦੀ ਤਾਂ ਫੇਰ ਕਾਹਦਾ ਘਾਟਾ ਸੀ ਸੂਬੇਦਾਰ ਜੀ। ਇਹ ਤਾਂ ਸਾਲੇ ਜੁੱਤੀ ਨਾਲ ਸੂਤ ਆਉਂਦੇ ਆ। ਇਹਨਾਂ ਨਾਲ ਵਰਤਣ ਦਾ ਹੋਰ ਕੋਈ ਰਾਹ ਨਹੀਂ।

ਸੂਬੇਦਾਰ: ਨਹੀਂ ਜਗਤ ਸਿੰਘ ਜੀ ਜੁੱਤੀ ਨਾਲ ਸਾਰੇ ਮਸਲੇ ਕਾਹਨੂੰ ਹੱਲ ਹੁੰਦੇ ਆ। ਇਹੋ ਤਾਂ ਗੱਲ ਮਾਰਦੀ ਆ ਆਪਾਂ ਨੂੰ। ਆਪਾਂ ਉਹ ਪਿੰਡ ਆਲੀਆਂ ਆਦਤਾਂ ਛੱਡਦੇ ਨਈਂ। ਏਥੇ ਆਕੇ ਗੋਰਿਆਂ ਤੋਂ ਵੀ ਕੁੱਛ ਨਈਂ ਸਿੱਖਦੇ। ਉਹ ਹਰ ਗੱਲ ਰਮਾਨ ਨਾਲ ਬਹਿਕੇ ਗੱਲਬਾਤ ਰਾਹੀਂ ਹੱਲ ਕਰਦੇ ਆ। ਪਰ ਆਪਾਂ ਕਿਸੇ ਨੇ ਆਪਣੀ ਵੱਲ ਗਹਿਰੀ ਅੱਖ ਨਾਲ ਦੇਖਿਆ ਨਈਂ ਤਾਂ ਅਗਲੇ ਦੀ ਅੱਖ ਕੱਢਣ ਪਏ ਨਹੀਂ। ਨਾਲੇ ਬਈ ਆਪਾਂ ਨੂੰ ਬਾਹਰ ਫਿਰਨ ਤੁਰਨ ਲੱਗਿਆਂ ਨੂੰ ਵੀ ਖਿਆਲ ਰੱਖਣਾ ਚਾਹੀਦਾ ਹੈ। ਜਿੱਦਾਂ ਹੁਣ ਤੁਸੀਂ ਜੇ ਏਥੇ ਬੈਠੇ ਦਰਾਮ ਨਾ ਪੀਂਦੇ ਹੁੰਦੇ ਤਾਂ ਕਾਹਨੂੰ ਕਿਸੇ ਨੇ ਤੁਹਾਨੂੰ ਬਾਦਰ ਕਰਨਾ ਸੀ।

ਸੁੱਚਾ ਸਿੰਘ: ਨਹੀਂ ਸੂਬੇਦਾਰ ਜੀ ਦਰਾਮ ਕਿਹੜਾ ਹਰ ਵੇਲੇ ਪੀਂਦੇ ਰਹੀ ਦਾ। ਕਿਤੇ ਵੀਕ 'ਚ ਇਕ ਅੱਧ ਵਾਰ ਮਸੀਂ 'ਕੱਠੇ ਬੈਠੀ ਦਾ।

ਜਗਤ ਸਿੰਘ: ਨਾ ਦਰਾਮ ਪੀਕੇ ਅਸੀਂ ਕਿਹੜੇ ਬੱਕਰੇ ਬੁਲਾਉਂਦੇ ਸੀ ਪਈ ਉਹਨਾਂ ਦੇ ਕਾਲਜ਼ੇ ਲੂਹ ਹੁੰਦੇ ਸੀ।

ਸੂਬੇਦਾਰ: ਪਰ ਕਾਨੂੰਨ ਦੇ ਤਾਂ ਉਲਟ ਹੈ ਨਾ। ਏਥੋਂ ਦਾ ਕਾਨੂੰਨ ਕਹਿੰਦਾ ਬਈ ਬੰਦਾ ਪਬਲਿਕ ਥਾਂ ਤੇ ਬਹਿਕੇ ਸ਼ਰਾਬ ਨਈਂ ਪੀ ਸਕਦਾ। ਭਾਵੇਂ ਉਹ ਚੁੱਪ ਬੈਠਾ ਹੋਵੇ ਜਾਂ ਰੌਲੀ ਪਾਉਂਦਾ ਹੋਵੇ। ਤੁਸੀਂ ਏਨੀ ਗੱਲ ਕਹਿਣ ਕਰਕੇ ਪੋਲੀਸਮੈਨ ਨੂੰ ਵੀ ਗਾਲਾਂ ਕੱਢੀ ਜਾਨੇ ਆਂ। ਆਪਣਾ ਕਸੂਰ ਈ ਨਈ ਦੇਖਦੇ। ਅਖੇ ਉਲਟਾ ਚੋਰ ਕੋਤਵਾਲ ਕੋ ਡਾਂਟੇ। ਜੇ ਉਹ ਪੋਲੀਸ ਮੈਨ ਇਸ ਬਾਰੇ ਹੋਰ ਗੋਰਿਆਂ ਨਾਲ ਗੱਲ ਕਰੂ ਤਾਂ ਪਤਾ ਕਿੰਨੀ ਬੇਇਜਤੀ ਹੋਊ ਆਪਣੀ ਕਮਿਊਨਟੀ ਦੀ।

ਸੁੱਚਾ ਸਿੰਘ: ਸੂਬੇਦਾਰ ਜੀ ਤੁਹਾਡੀ ਗੱਲ ਤਾਂ ਠੀਕ ਆ ਪਰ ਅਸੀਂ ਕਿਹੜੀ ਇਹ ਗੱਲ ਕਾਨੂੰਨ ਤੋੜਨ ਲਈ ਹੀ ਕਰਦੇ ਆ। ਸਾਨੂੰ ਤਾਂ ਹੋਰ ਕੋਈ ਥਾਂ ਨਈਂ ਲੱਭਦਾ ਤਾਂ ਏਥੇ ਪਾਰਕ 'ਚ ਆ ਬੈਠੀਦਾ ਤੇ ਕਦੇ ਕਦੇ ਸ਼ੁਗਲ ਵਿੱਚ ਭੋਰਾ ਦਾਰੂ ਪੀਣ ਨੂੰ ਵੀ ਦਿੱਲ ਕਰ ਆਉਂਦਾ।

ਸੂਬੇਦਾਰ: ਬਈ ਪਾਰਕ 'ਚ ਬੈਠਣ ਨੂੰ ਤਾਂ ਤੁਹਾਨੂੰ ਕੋਈ ਨਹੀਂ ਰੋਕਦਾ ਪਰ ਦਰਾਮ ਪੀਂਦੇ ਤੁਸੀਂ ਚੰਗੇ ਨਹੀਂ ਲਗਦੇ। ਇਹ ਨਹੀਂ ਤੁਹਾਨੂੰ ਕਰਨਾ ਚਾਹੀਦਾ।

ਜਗਤ ਸਿੰਘ: ਸੂਬੈਦਾਰ ਜੀ ਅਸੀਂ ਫੇਰ ਹੋਰ ਕਿਥੇ ਜਾਈਏ?

ਸੂਬੇਦਾਰ: ਦੂਜੇ ਲੋਕਾਂ ਵਾਂਗ ਆਪਣੇ ਘਰੀਂ ਬੈਠ ਕੇ ਕਰੋ ਇਹ ਕੰਮ।

ਸੁੱਚਾ ਸਿੰਘ: ਸੂਬੇਦਾਰ ਸਾਬ੍ਹ ਘਰਾਂ ਦੇ ਮਾਮਲਿਆਂ ਦਾ ਤੁਹਾਨੂੰ ਵੀ ਪਤਾ ਈ ਆ। ਆਹ ਤੁਹਾਡੇ ਆਉਣ ਤੋਂ ਪਹਿਲਾਂ ਅਸੀਂ ਇਹੋ ਰੰਡੀ ਰੋਣੇ ਰੋਂਦੇ ਹਟੇ ਆਂ। ਸਿਆਣੀ ਉਮਰ ਦੇ ਬੰਦਿਆਂ ਨੂੰ ਸ਼ੁਗਲ ਮੇਲੇ ਦੀਆਂ ਗੱਲਾਂ ਕਾਹਨੂੰ ਘਰਾਂ 'ਚ ਬੈਠ ਕੇ ਕੋਈ ਕਰਨ ਦਿੰਦਾ। ਸਾਥੋਂ ਤਾਂ ਨਿਆਣਿਆਂ ਨੂੰ ਮੁਸ਼ਕ ਆਉਂਦਾ ਆ।

ਜਗਤ ਸਿੰਘ: ਨਾਲੇ ਦਰਾਮ ਨੂੰ ਕਿਹੜੀ ਅਸੀਂ ਛਬੀਲ ਲਾਈ ਹੋਈ ਆ। ਕਿਤੇ ਹਫਤੇ 'ਚ ਇਕ ਅੱਧ ਵਾਰ ਪੀ ਲਈਦਾ। ਉਹ ਵੀ ਜਦੋਂ ਥੱਕੇ ਹਾਰੇ ਹੋਈਏ ਜਾਂ ਮਨ ਬਾਹਲਾ ਉਦਾਸ ਹੋਵੇ। ਨਾਲੇ ਦਰਾਮ ਏਥੇ ਸਾਰੇ ਪੀਂਦੇ ਆ। ਦੇਖ ਲਓ ਗੋਰਿਆਂ ਦੀਆਂ ਕਿੰਨੀਆ ਕਲੱਬਾਂ ਤੇ ਬੀਅਰਪਾਲੇ ਆ ਸੱਭ ਭਰੀਆਂ ਰਹਿੰਦੀਆਂ।

ਸੂਬੇਦਾਰਾ: ਗੋਰਿਆਂ ਦੀ ਗੱਲ ਹੋਰ ਆ ਜਗਤ ਸਿੰਘ ਜੀ। ਉਹਨਾਂ ਨੂੰ ਸਲੀਕੇ ਨਾਲ ਖਾਣ ਪੀਣ ਦਾ ਪਤਾ। ਉਹ ਅੰਦਰ ਬਹਿਕੇ ਪੀਣਗੇ। ਥੋੜੀ ਪੀਣਗੇ, ਸ਼ੁਗਲ ਦੀ ਕੋਈ ਸਿਆਣੀ ਗੱਲ ਕਰਨਗੇ। ਜਿਵੇਂ ਸਾਡੇ ਸਾਬ੍ਹ ਹੁੰਦੇ ਸੀ ਫੋਜ ਵਿੱਚ। ਸਾਬ੍ਹ ਨੇ ਤੇ ਮੇਮ ਸਾਬ੍ਹ ਨੇ ਕੱਠਿਆਂ ਕਲੱਬ ਜਾਣਾ। ਇਕ ਅੱਧ ਦਰਾਮ ਲਾਉਣਾ, ਤਾਸ਼ ਖੇਡਣੀ, ਗੱਪਾਂ ਸ਼ੱਪਾਂ ਮਾਰਨੀਆਂ। ਫੇਰ ਡਾਂਸ ਵਗੈਰਾ ਕਰਨਾ

ਤੇ ਬੰਗਲੇ ਨੂੰ ਮੁੜ ਜਾਣਾ। ਏਦਾਂ ਪੀਣੇ 'ਚ ਕੋਈ ਹਰਜ ਨਹੀਂ। ਪਰ ਆਪਣੇ ਲੋਕਾਂ ਨੂੰ ਕਿਥੋਂ ਆਉਣਗੀਆਂ ਇਹੋ ਜਿਹੀਆਂ ਗੱਲਾਂ।

ਸੁੱਚਾ ਸਿੰਘ: ਸੂਬੇਦਾਰ ਜੀ ਸਾਡਾ ਕਿਤੇ ਦਿਲ ਨਹੀਂ ਕਰਦਾ ਇਸ ਤਰਾਂ ਅੰਦਰੀ ਬਹਿ ਕੇ ਪੀਣ ਨੂੰ, ਤਾਸ਼ ਖੇਡਣ ਨੂੰ। ਪਰ ਤੁਸੀਂ ਦੱਸੋ ਬਹੀਏ ਕਿੱਥੇ? ਨਾਲੇ ਗੱਲ ਦਰਾਮ ਦੀ ਤਾਂ ਹੈ ਈ ਨਈਂ ਅਸਲ ਗੱਲ ਤਾਂ ਬੈਠਣ ਦੇ ਥਾਂ ਦੀ ਆ। ਹੁਣ ਇਹੋ ਕੰਮ ਜੇ ਅਸੀਂ ਅੰਦਰ ਬਹਿਕੇ ਕਰੀਏ ਤਾਂ ਤੁਹਾਨੂੰ ਵੀ ਮਾੜਾ ਨਾ ਲੱਗੇ। ਪਰ ਜਦੋਂ ਕੋਈ ਆਪਣੇ ਲੋਕਾਂ ਕੋਲ ਇਹੋ ਜਿਹਾ ਸਾਂਝਾ ਥਾਂ ਈ ਨਈਂ ਤਾਂ ਦੱਸੋ ਫੇਰ ਕੀ ਕਰੀਏ?

ਸੂਬੇਦਾਰ: ਸੁੱਚਾ ਸਿੰਘ ਜੀ ਗੱਲ ਤਾਂ ਤੁਹਾਡੀ ਵੀ ਠੀਕ ਆ ਪਰ ਫੇਰ ਵੀ ਤੁਸੀਂ ਸਿਆਣੇ ਆਂ ਤੁਹਾਨੂੰ ਏਸ ਤਰਾਂ ਕਮਿਊਨਟੀ ਦੀ ਇੱਜਤ ਨਈਂ ਘਟਾਉਣੀ ਚਾਹੀਦੀ।

ਜਗਤ ਸਿੰਘ: ਸੂਬੇਦਾਰਾ ਯਾਰ ਤੂੰ ਅੱਗੇ ਵੀ ਜਦੋਂ ਗੱਲ ਕਰਦਾਂ, ਇਹ ਕਮਿਊਨਟੀ ਦੀ ਇੱਜਤ ਬਾਰੇ ਜਰੂਰ ਗੱਲ ਕਰਦਾ। ਇਹਦਾ ਤੈਨੂੰ ਬੜਾ ਫਿਕਰ ਰਹਿੰਦਾ। ਮੈਨੂੰ ਇਕ ਗੱਲ ਦਸ ਇਹ ਜਿਹੜੀ ਕਮਿਊਨਟੀ ਦੀ ਇੱਜਤ ਦਾ ਤੈਨੂੰ ਏਨਾ ਦਰਦ ਹੈ, ਇਹ ਹੈ ਕਿੱਥੇ 'ਤੇ ਤੂੰ ਅਤੇ ਤੇਰੀ ਵੱਡੀ ਕਮੇਟੀ ਇਹਦੇ ਲਈ ਕਰਦੇ ਕੀ ਆ। ਨਾ ਆਹ ਸਾਡੇ ਏਥੇ ਬੈਠਣ ਨਾਲ ਏਨਾਂ ਫਰਕ ਪੈਂਦਾ ਪਰ ਜਦੋਂ ਸਾਡੇ ਅਰਗੇ ਦਰਜਨਾ ਬੁੜੇ ਸੜਕਾਂ ਤੇ ਪੇਪਰਾਂ ਦੇ ਭਾਰ ਬੱਲੇ ਦੱਬੇ ਲੱਤਾਂ ਘੜੀਸਦੇ ਫਿਰਦੇ ਆ ਤੇ ਟੁੱਟੀਆਂ ਗੋਰੀਆਂ ਤੋਂ ਗਾਲ੍ਹਾਂ ਖਾਂਦੇ ਆਂ, ਥਾਂ ਥਾਂ ਉਹਨਾਂ ਮਗਰ ਕੁੱਤੇ ਪੈਂਦੇ ਆ, ਉਦੋਂ ਨਈਂ ਕਮਿਊਨਿਟੀ ਦੀ ਇੱਜਤ ਘਟਦੀ। ਆਹ ਜਦੋਂ ਸੱਤਰਾਂ ਅੱਸੀਆਂ ਨੂੰ ਪਹੁੰਚੇ ਬੁੜ੍ਹੇ ਬੁੜੀਆਂ ਫਾਰਮਾਂ 'ਚ ਗੋਡੇ ਰਗੜਾਉਂਦੇ ਆ ਤੇ ਉਤੋਂ ਠੇਕੇਦਾਰਾਂ ਦੇ ਛਲਾਰੂ ਜਿਹੇ ਦਬਕੇ ਮਾਰਦੇ ਆ, ਉਦੋਂ ਤੇਰੇ ਅਰਗੇ ਬੰਦਿਆਂ ਨੂੰ ਕੋਈ ਫਰਕ ਨਈਂ ਪੈਂਦਾ। ਜਦੋਂ ਬੁੜਿਆਂ ਨੂੰ ਉਹਨਾਂ ਦੇ ਨਿਆਣੇ ਘਰੋਂ ਕੱਢ ਦਿੰਦੇ ਆ ਤੇ ਜਦੋਂ 'ਗੈਨ' ਲੈਣ ਲਈ ਉਹਨਾਂ ਨੂੰ ਸੌ ਸੌ ਝੂਠ ਬੋਲਣੇ ਪੈਂਦੇ ਆ, ਉਦੋਂ ਤਾਂ ਕਮਿਊਨਟੀ ਦੀ ਇੱਜਤ ਨੂੰ ਚਾਰ ਚੰਨ ਲਗਦੇ ਹੋਣੇ ਆਂ। ਬੱਸ ਸਾਡੇ ਏਥੇ ਬੈਠਕੇ ਦੋ ਪਲ ਸ਼ੁਗਲ ਕਰਨ ਨਾਲ ਈ ਕਮਿਊਨਟੀ ਦੀ ਇੱਜਤ ਘਟਦੀ ਆ। (ਦਰਸ਼ਕਾਂ ਨੂੰ) ਗੱਲਾਂ ਤਾਂ ਦੇਖੋ ਯਾਰੋ ਇਹ ਕੀ ਕਰਦਾ। (ਫੇਰ ਸੂਬੇਦਾਰ ਨੂੰ) ਅੱਛਾ ਚੱਲ ਸਾਡੀ ਬੁੜਿਆਂ ਦੀ ਗੱਲ ਛੱਡ। ਆਹ ਜਦੋਂ ਤੁਹਾਡੀਆਂ ਕਮੇਟੀਆਂ 'ਚ ਇਕ ਦੂਜੇ ਦੀਆਂ ਦਾਹੜੀਆਂ ਪੁੱਟ ਹੁੰਦੀਆਂ। ਲੋਕਾਂ ਦੇ ਪੈਸਿਆਂ ਨਾਲ ਵਕੀਲਾਂ ਦੀਆਂ ਜੇਬਾਂ ਭਰੀਆਂ ਜਾਂਦੀਆਂ, ਕਚਿਹਰੀਆਂ 'ਚ ਧਰਮ ਦੇ ਨਾਂ 'ਤੇ ਝੂਠ ਤੂਫਾਨ ਬੋਲਿਆ ਜਾਂਦਾ ਉਦੋਂ ਤਾਂ ਨਈਂ ਕਮਿਊਨਿਟੀ ਦੀ ਬਿਜਤੀ ਹੁੰਦੀ।

ਸੂਬੇਦਾਰ: (ਨਰਮ ਅਵਾਜ ਵਿੱਚ) ਜਗਤ ਸਿੰਘ ਜੀ ਤੁਸੀਂ ਕਈ ਵਾਰੀ ਐਵੇਂ ਵਾਧੂ ਈ ਗਰਮ ਹੋ ਜਾਂਦੇ ਆ। ਜਿਹੜੀ ਹੁਣ ਤੁਸੀਂ ਕੰਮ ਦੀ ਗੱਲ ਕੀਤੀ ਆ। ਇਹ ਤਾਂ ਬਈ ਇਸ ਮੁਲਕ 'ਚ ਹਰ ਕੋਈ ਅਜਾਦ ਹੈ ਤੁਹਾਡਾ ਦਿਲ ਕਰਦਾ ਕਰੋ, ਦਿਲ ਕਰਦਾ ਨਾਂ ਕਰੋ।

ਸੁੱਚਾ ਸਿੰਘ: ਢਿੱਡ ਦਾ ਕੀ ਕਰਾਂਗੇ ਸੂਬੇਦਾਰ ਜੀ। ਅਸੀਂ ਤਾਂ ਕੋਈ ਆਜਾਦੀ ਦੇਖੀ ਨਈ ਜਿੱਦਣ ਦੇ ਐਥੇ ਆਏ ਆਂ ਗਧੇ ਆਂਗ ਭਾਰ ਢੋਂਦੇ ਫਿਰਦੇ ਆਂ। ਜੇ ਕਦੇ ਮਨ ਹੌਲਾ ਕਰਨ ਨੂੰ ਦੋ ਪਲ ਕਿਸੇ ਭਾਈਬੰਦ ਨਾਲ ਏਦਾਂ ਬਹਿ ਲਈਦਾ ਤਾਂ ਕਦੀ ਕੋਈ ਗੋਰਾ ਆ ਕੇ ਗਾਲ੍ਹਾਂ ਕੱਢ ਜਾਂਦਾ ਤੇ ਕਦੀ ਤੁਹਾਡੇ ਅਰਗੇ ਮਿਹਣੇ ਮਾਰਦੇ ਆ ਪਈ ਕਮਿਊਨਟੀ ਦੀ ਬਿਜਤੀ ਹੋ ਗਈ। ਤੁਹਾਡੇ ਅਰਗੇ ਸਿਆਣੇ ਬੰਦੇ ਵੀ ਸਾਡੀ ਹਾਲਤ ਨਈ ਸਮਝਦੇ ਹੋਰ ਕਿਸੇ ਨੂੰ ਕੀ ਕਹੀਏ?

ਸੂਬੇਦਾਰ: ਤੁਹਾਡੇ ਬੈਠਣ ਉੱਠਣ ਤੇ ਤਾਂ ਨਹੀਂ ਕਿਸੇ ਨੂੰ ਇਤਰਾਜ। ਮੈਂ ਤਾਂ ਸਿਰਫ ਇਹ ਕਹਿਨਾਂ ਪਈ ਆਹ ਦਰਾਮ ਦਰੂਮ ਕਿਸੇ ਪ੍ਰਾਈਵੇਟ ਜਗ੍ਹਾ ਪੀਣਾ ਚਾਹੀਦਾ ਆ ਬਹਿਕੇ।

ਸੁੱਚਾ ਸਿੰਘ: ਸੂਬੇਦਾਰ ਜੀ ਸ਼ਰਾਬ ਦਾ ਤਾਂ ਤੁਸੀਂ ਐਂਵੀ ਬਹਾਨਾ ਜਿਹਾ ਬਣਾਈ ਜਾਨੇ ਆਂ। ਅਸਲੀ ਗੱਲ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਅਸੀਂ ਤਾਂ ਇਹ ਚਾਹੁੰਨੇ ਆਂ ਪਈ ਕੋਈ ਇਹੋ ਜਿਹਾ ਥਾਂ ਹੋਵੇ ਜਿਥੇ ਅਸੀਂ ਬਿਨ੍ਹਾਂ ਕਿਸੇ ਰੋਕ ਟੋਕ ਦੇ ਬਹਿ ਕੇ ਆਪਣੇ ਦੁੱਖ ਸੁੱਖ ਕਰ ਸਕੀਏ। ਇਥੇ ਨਾ ਸਾਡੇ ਘਰਾਂ 'ਚ ਸਾਡੇ ਲਈ ਕੋਈ ਥਾਂ ਆਂ ਨਾ ਬਾਹਰ। ਦੱਸੋ ਫੇਰ ਕੀ ਕਰੀਏ ਅਸੀਂ? ਚੌਵੀ ਘੰਟੇ ਉਹਨਾਂ ਬੇਸਮੈਂਟਾ 'ਚ ਹੁੜੇ ਰਹੀਏ?

ਜਗਤ ਸਿੰਘ: (ਖਿੱਝਕੇ) ਐਵੀਂ ਯਾਰ ਤੁਸੀਂ ਕਮੇਟੀ ਆਲਿਆਂ ਆਂਗੂ ਵਾਧੂ ਈ ਜਾਬ੍ਹਾਂ ਦਾ ਭੇੜ ਕਰਾਈ ਜਾਨੇ ਓ। ਲੈ ਸੂਬੇਦਾਰਾ ਜੇ ਤੇਰ 'ਚ ਹਿੰਮਤ ਆ ਤਾਂ ਕਹਿ ਤਾਂ ਆਪਣੀ ਕਮੇਟੀ ਆਲਿਆਂ ਨੂੰ ਪਈ ਬਣਾਉਣ ਬੁੜਿਆਂ ਦੇ ਬੈਠਣ ਨੂੰ ਕੋਈ ਜਗ੍ਹਾ ਜਿਥੇ ਬਹਿਕੇ ਅਸੀਂ ਭੋਰਾ ਦਾਰੂ ਵੀ ਪੀ ਸਕੀਏ ਅਤੇ ਗੱਪਸ਼ੱਪ ਮਾਰ ਸਕੀਏ। ਨਾਲੇ ਦੇਖਦੇ ਆਂ ਕਮੇਟੀ 'ਚ ਤੇਰੀ ਕਿੰਨੀ ਕੁ ਚਲਦੀ ਆ। ਮਾਰ੍ਹ ਛੇਆਂ ਮਹੀਨਿਆਂ ਬਾਅਦ 'ਲੈਕਸ਼ਨਾਂ ਦਾ ਜਲਸਾ ਚੁੱਕੀ ਫਿਰਦਾ ਰਹਿੰਨਾਂ।

ਸੂਬੇਦਾਰ: ਜਗਤ ਸਿੰਘ ਜੀ ਕਮੇਟੀ ਵਾਲੇ ਵੀ ਵਿਚਾਰੇ ਆਪਣੀ ਵਥੇਰੀ ਵਾਹ ਲਾਉਂਦੇ ਆ ਕਮਿਊਨਟੀ ਦੇ ਕੰਮਾਂ ਨੂੰ ਨੇਪਰੇ ਚਾੜਨ ਲਈ। ਉਹਨਾਂ ਕੋਲ ਹੋਰ ਵਥੇਰੇ ਕੰਮ ਆ ਕਰਨ ਵਾਲੇ। ਸਾਰੇ ਕੰਮ ਉਹ ਥੋੜੇ ਕਰ ਸਕਦੇ ਆ। ਨਾਲੇ ਇਹ ਕੰਮ ਤਾਂ ਸਰਕਾਰ ਦੇ ਕਰਨ ਆਲੇ ਆ।

ਜਗਤ ਸਿੰਘ: ਤਾਂ ਫੇਰ ਸਰਕਾਰ ਕੋਲੋਂ ਕਰਾਉਂਦੇ ਕਿਉਂ ਨਈ? ਲੈਕਸ਼ਨਾਂ ਵੇਲੇ ਤਾਂ ਬੜੀਆਂ ਸਪੀਚਾਂ ਕਰਾਉਂਦੇ ਹੁੰਦੇ ਆ ਗੋਰੇ ਲੀਡਰਾਂ ਨੂੰ ਸੱਦ ਸੱਦ ਕੇ। ਮਾਹਰ ਸਿਰੋਪੇ ਤੇ ਸਿਰੋਪਾ ਭੇਂਟ ਕਰੀ ਜਾਂਦੇ ਹੁੰਦੇ ਆਂ?

ਸੁੱਚਾ ਸਿੰਘ: ਸਰਕਾਰ ਤਾਂ ਕਰੇ ਜੇ ਉਹ ਸਾਡੀ ਜ਼ਿੰਮੇਵਾਰੀ ਸਮਝੇ। ਉਹਨੇ ਤਾਂ ਪਹਿਲਾਂ



ਨਾਟਕ ਦੀ ਤਿਆਰੀ : ਮੱਖਣ ਟੁੱਟ ਅਮਨਪਾਲ ਸਾਰਾ ਦੇ ਮੇਕ ਅੱਪ ਕਰਦੇ ਹੋਏ

ਇਮੀਗਰੈਂਟਾਂ ਸਿਆਣਿਆਂ ਬਾਰੇ ਕਾਨੂੰਨ ਬਣਾਇਆ ਹੋਇਆ ਕਿ ਉਹਨਾਂ ਨੂੰ ਦਸ ਸਾਲ ਤੱਕ ਕੋਈ ਪੈਨਸ਼ਨ ਨਹੀਂ ਦੇਣੀ।

ਸੂਬੇਦਾਰ: ਬਈ ਸਰਕਾਰ ਦੀ ਇਹ ਗੱਲ ਠੀਕ ਆ। ਇਸ ਮੁਲਕ ਵਿਚ ਪੈਨਸ਼ਨ ਉਹਨੂੰ ਮਿਲਦੀ ਹੈ ਜਿਹਰਾ ਇੱਥੇ ਕੰਮ ਕਰਕੇ ਇਸ ਦੇਸ਼ ਲਈ ਕੰਟਰੀਬਿਊਸ਼ਨ ਕਰੇ। ਇਸ ਸਮਾਜ ਦੀ ਉਸਾਰੀ ਲਈ ਆਪਣਾ ਹਿੱਸਾ ਪਾਵੇ।

ਜਗਤ ਸਿੰਘ: ਕੀ ਅਸੀਂ ਆਪਣੀ ਸਾਰੀ ਉਮਰ ਸਮਾਜ ਲਈ ਕੁੱਛ ਨਹੀਂ ਕੀਤਾ। ਦੇਸ ਏਨਾ ਕੰਮ ਕਰਕੇ ਨਿਆਣੇ ਪਾਲੇ ਆ ਜਿਹੜੇ ਇਹਨਾਂ ਦੀਆਂ ਮਿੱਲਾਂ ਫੈਕਟਰੀਆਂ ਵਿਚ ਕੰਮ ਕਰਦੇ ਆ। ਕੀ ਉਹ ਸਾਡਾ ਹਿੱਸਾ ਨਹੀਂ ਇਸ ਮੁਲਕ ਲਈ। ਹੁਣ ਅਸੀਂ ਇਥੇ ਆਕੇ ਪੋਤੇ-ਪੋਤੀਆਂ, ਦੋਤੇ-ਦੋਤੀਆਂ ਸਾਂਭਦੇ ਆਂ ਜਿਹਨਾਂ ਵੱਡੇ ਹੋਕੇ ਇੱਥੇ ਕੰਮ ਕਰਨਾ ਆਂ ਕੀ ਉਹ ਸਾਡੀ ਦੇਣ ਨਹੀਂ।

ਸੁੱਚਾ ਸਿੰਘ: ਸੂਬੇਦਾਰ ਜੀ ਇਹ ਗੱਲਾਂ ਜਿਹੜੀਆਂ ਜਗਤ ਸਿੰਘ ਨੇ ਕਰੀਆਂ ਸਰਕਾਰ ਨੂੰ ਦੱਸਣੀਆਂ ਚਾਹੀਦੀਆਂ ਫੇਰ ਕਿਤੇ ਜਾ ਕੇ ਉਹ ਕਰਦੇ ਆ ਇਦਾਂ ਦੇ ਕੰਮ। ਦੂਜੀਆਂ ਕਮਿਊਨਿਟੀਆਂ ਜੋਰ ਪਾ ਕੇ ਸਰਕਾਰ ਤੋਂ ਇਹੋ ਜਿਹੇ ਕੰਮ ਕਰਾਉਂਦੀਆਂ ਹਨ। ਆਹ ਪਰਸੋਂ ਚੌਥੇ ਸਾਡਾ ਪਾੜ੍ਹਾ ਗੱਲਾਂ ਕਰਦਾ ਸੀ ਅਖੇ ਆਹ ਚੀਨਿਆਂ ਤੇ ਇਟਾਲੀਅਨਾਂ ਨੇ ਸਿਆਣੇ ਬੰਦਿਆ ਦੇ ਉਠਣ ਬੈਠਣ ਲਈ ਬਹੁਤ ਸੋਹਣੇ ਸੋਹਣੇ ਥਾਂ ਬਣਾਏ ਹੋਏ ਆ। ਉਹ ਉਥੇ ਗੁਮਾਨ ਨਾਲ ਬਹਿੰਦੇ ਉਠਦੇ ਆ, ਹਸਦੇ ਖੇਡਦੇ ਆ। ਸਾਨੂੰ ਏਥੇ ਪਾਰਕਾਂ 'ਚ ਗੋਰਿਆਂ ਤੋਂ ਨਿੱਤ ਗਾਲ੍ਹਾਂ ਖਾਣੀਆਂ ਪੈਂਦੀਆਂ। ਸਾਡੀ ਕਿਸੇ ਕਮੇਟੀ ਦੇ ਕੰਨ ਤੇ ਜੂੰ ਨਹੀਂ ਸਰਕਦੀ। ਕਿਸੇ ਸਰਕਾਰ ਨੂੰ ਸਾਡੇ ਬਾਰੇ ਕੋਈ ਪਰਵਾਹ ਨਹੀਂ।

ਸੂਬੇਦਾਰ: ਦੇਖ ਆਪਾਂ ਪਹਿਲਾਂ ਵੀ ਗੱਲ ਕਰ ਹਟੇ ਆਂ, ਇਹ ਗਾਲ੍ਹਾਂ ਤੁਹਾਨੂੰ ਐਵੇਂ ਨਹੀਂ ਪੈਂਦੀਆਂ। ਜੇ....(ਜਗਤ ਸਿੰਘ ਵਿੱਚੋਂ ਹੀ ਕੱਟਕੇ ਬੋਲਦਾ ਹੈ)

ਜਗਤ ਸਿੰਘ: ਸੂਬੇਦਾਰਾ ਬੰਦਾ ਤੂੰ ਸਮਝ ਆਲਾ ਆਂ ਪਰ ਕਦੇ ਕਦੇ ਗੱਲ ਬੜੀ ਬੇਵਕੂਫਾਂ ਆਲੀ ਕਰ ਜਾਨੈਂ। ਹੁਣ ਤੂੰ ਦੱਸ ਪਈ ਤੈਨੂੰ ਨਹੀਂ ਕਦੀ ਗੋਰਿਆਂ ਦੇ ਮੁੰਡਿਆਂ ਨੇ ਪਾਰਕ 'ਚ ਬੈਠੇ ਨੂੰ ਗਾਲਾਂ ਕੱਢੀਆਂ, ਤੂੰ ਉਦੋਂ ਕੀ ਜਾਨੀਵਾਕਰ ਪੀਤੀ ਹੁੰਦੀ ਆ। ਤੈਨੂੰ ਪਹਿਲਾਂ ਵੀ ਦੱਸਿਆ ਪਈ ਗੱਲ ਇਹ ਸ਼ਰਾਬ ਪੀਣ ਦੀ ਨਹੀਂ, ਬੈਠਣ ਲਈ ਥਾਂ ਦੀ ਆ।

ਸੂਬੇਦਾਰ: ਤੁਸੀਂ ਜੋ ਮਰਜੀ ਕਰੀ ਜਾਓ ਇਹਦੇ ਨਾਲ ਫਰਕ ਬਹੁਤ ਪੈਂਦਾ।

ਸੁੱਚਾ ਸਿੰਘ: ਨਹੀਂ ਸੂਬੇਦਾਰ ਜੀ ਇਹ ਤਾਂ ਐਵੀਂ ਤੁਹਾਡਾ ਭੁਲੇਖਾ ਈ ਆ।

ਜਗਤ ਸਿੰਘ: ਇਹਨੇ ਤਾਂ ਆਪਾਂ ਨੂੰ ਈ ਕਸੂਰਵਾਰ ਕਹਿਣਾ। ਜਿੱਦਾਂ ਗੋਰੇ ਕਹਿ ਦਿੰਦੇ ਆ ਕਿ ਸਾਨੂੰ ਗਾਲ੍ਹਾਂ ਤਾਂ ਪੈਂਦੀਆਂ ਕਿਉਂਕਿ ਅਸੀਂ ਬਾਹਲਾ 'ਮਿਕਸ' ਨਹੀਂ ਹੁੰਦੇ ਪਰ ਉਹ ਇਹ ਕਦੇ ਨਹੀਂ ਸੋਚਦੇ ਕਿ ਅਸੀਂ 'ਮਿਕਸ' ਕਿਉਂ ਨਹੀਂ ਹੁੰਦੇ।

ਸੁੱਚਾ ਸਿੰਘ: ਤੁਸੀਂ ਜੋ ਮਰਜੀ ਕਰ ਲਓ ਜੀ ਗੋਰਿਆਂ ਨੇ ਤਾਂ ਮੋੜ ਘੇੜ ਕੇ ਕਸੂਰ ਆਪਣੇ 'ਚ ਈ ਕੱਢਣੀ ਆਂ।

ਜਗਤ ਸਿੰਘ: ਲੈ ਮੈਂ ਤੇਰੇ ਨਾਲ ਇਕ ਹੋਰ ਗੱਲ ਕਰਦਾਂ। ਮੈਂ ਅੱਜ ਤੋਂ ਪਾਰਕ 'ਚ ਆ ਕੇ ਦਰਾਮ ਨੂੰ ਹੱਥ ਨਹੀਂ ਲਾਉਂਦਾ। ਫੇਰ ਦੇਖਦੇ ਆਂ ਸਾਲੇ ਕੀ ਮੇਰੇ ਗੱਲ 'ਚ ਹਾਰ ਪਾਉਂਦੇ ਆ। ਮੈਂ ਤੈਨੂੰ ਲਿਖਕੇ ਦੇ ਦਿੰਨਾ ਬਈ ਜਿੰਨਾ ਚਿਰ ਬੈਠਣ ਨੂੰ ਕੋਈ ਆਪਣੀ ਜਗ੍ਹਾਂ ਨਾਂ ਹੋਈ, ਇਥੇ ਸਾਡੇ ਲਈ ਆਪਣੀ ਕੋਈ ਥਾਂ ਨਾ ਹੋਈ, ਉਨਾ ਚਿਰ ਏਦਾਂ ਹੀ ਹੁੰਦੀ ਰਹਿਣੀ ਆਂ।

(ਜਗਤ ਸਿੰਘ ਦੀ ਗੱਲ ਖਤਮ ਹੋਣ ਤੇ ਈ ਨਰਿੰਜਨ ਸਿੰਘ ਮੇਕਡਾਨਲਡ ਦਾ ਲਿਫਾਫਾ ਫੜੀ ਆਉਂਦਾ ਹੈ। ਉਹ ਹਫਿਆ ਹੋਇਆ ਲੱਗਦਾ ਆ ਜਿਦਾਂ ਦੋੜਦਾ ਆਇਆ ਹੋਵੇ।)

ਸੁੱਚਾ ਸਿੰਘ: ਕਿਉਂ ਕੀ ਗੱਲ ਹੋਈ ਨਰੰਜਣ ਸਿਹਾਂ ਬੜਾ ਸਾਹ ਚੜਿਆ ਆ ਤੈਨੂੰ ਤਾਂ?

ਨਰੰਜਣ ਸਿੰਘ: ਗੱਲ ਕੀ ਹੋਣੀ ਆਂ, ਪਹਿਲਾਂ ਤਾਂ ਹੈਮਬਰਗਰ ਲੈਂਦੇ ਨੂੰ ਈ ਕਿੰਨਾ ਚਿਰ ਲੱਗ ਗਿਆ, ਭੀੜ ਈ ਬਹੁਤ ਸੀ। ਮੈਂ ਕਾਹਲੀ ਕਾਹਲੀ ਤੁਰਾ ਆਉਂਦਾ ਸੀ ਤਾਂ ਕੁੱਤਾ ਮਗਰ ਲੱਗ ਗਿਆ। ਉਹ ਹੈ ਨਾ ਜਿਹੜਾ ਸਕੂਲ ਲਾਗੇ ਘਰ ਆਲਿਆ ਦਾ ਚਿੱਟਾ ਜਿਹਾ ਵੱਡੀਆ ਵੱਡੀਆ ਨਾਸਾਂ ਆਲਾ।

ਸੁੱਚਾ ਸਿੰਘ: ਉਹ ਅੱਛਾ ਉਹ ਤਾਂ ਕੁੱਤਾ ਸੱਚੀਂ ਵਾਹਲਾ ਖਰਾਬ ਆ। ਤੂੰ ਦੂਜੇ ਪਾਸਿਉਂ ਦੀ ਉਹ ਸੋਫੀਆ ਸਟਰੀਟ ਵੱਲ ਦੀ ਜਾਇਆ ਕਰ।

ਨਰਿੰਜਨ ਸਿੰਘ: ਸੁਣਾਓ ਸੂਬੇਦਾਰ ਜੀ ਕੀ ਹਾਲ ਚਾਲ ਆ।

ਸੂਬੇਦਾਰ: (ਢਿੱਲੀ ਜਿਹੀ ਅਵਾਜ ਵਿੱਚ) ਠੀਕ ਆ ਨਰਿੰਜਨ ਸਿੰਘ ਜੀ ਤੁਸੀਂ ਸੁਣਾਓ।

ਨਰਿੰਜਨ ਸਿੰਘ: (ਸੁੱਚਾ ਸਿੰਘ ਨੂੰ ਲਫਾਫਾ ਫੜਾਉਂਦਾ ਹੋਇਆ ਜਗਤ ਸਿੰਘ ਨੂੰ ਕਹਿੰਦਾ ਹੈ) ਲੈ ਬਈ ਭਾਈ ਜਗਤ ਸਿਹਾਂ ਕਰ ਮੂੰਹ ਲੂਣ ਵਾਲਾ।

ਜਗਤ ਸਿੰਘ: ਨਾ ਬਈ ਨਰਿੰਜਨ ਸਿਹਾਂ, ਤੁਸੀਂ ਖਾਓ ਪੀਓ, ਕਰੋ ਅਨੰਦ। ਮੈਂ ਜਰਾ ਬਾਥਰੂਮ ਜਾ ਆਵਾਂ।

(ਜਗਤ ਸਿੰਘ ਸਟੇਜ਼ ਤੋਂ ਚਲਾ ਜਾਂਦਾ ਹੈ)

ਨਰਿੰਜਨ ਸਿੰਘ: ਜਗਤ ਸਿੰਘ ਨੂੰ ਕੀ ਹੋ ਗਿਆ ਸੁੱਚਾ ਸਿਹਾਂ, ਜਦੋਂ ਮੈਂ ਗਿਆ ਉਦੋਂ ਤਾਂ ਬੜਾ ਟਹਿਕਦਾ ਸੀ।

ਸੁੱਚਾ ਸਿੰਘ: ਉਹਦਾ ਮੂਡ ਖਰਾਬ ਹੋ ਗਿਆ ਜਰਾ। ਸੂਬੇਦਾਰ ਹੋਰਾਂ ਨਾਲ ਗੱਲਾਂਬਾਤਾਂ ਕਰਦਾ ਸੀ।

ਸੂਬੇਦਾਰ: ਮੇਰੇ ਨਾਲ ਉਹਨੇ ਵਿਚਾਰੇ ਨੇ ਕੀ ਗੱਲਬਾਤ ਕਰਨੀ ਆਂ, ਉਦਾਂ ਈ ਜਰਾ ਸੁਭਾਅ ਦਾ ਗਰਮ ਆਂ।

ਸੁੱਚਾ ਸਿੰਘ: ਪਰ ਦਿਲ ਦਾ ਸੋਨਾ ਆ ਜਗਤ ਸਿੰਘ। ਗੁੱਸੇ 'ਚ ਤਾਂ ਭਾਵੇਂ ਆ ਜਾਂਦਾ ਕਦੀ ਕਦੀ।

ਨਰਿੰਜਨ ਸਿੰਘ: ਜਗਤ ਸਿੰਘ ਦੀਆਂ ਕੀ ਸਿਫਤਾਂ।

(ਪੋਲੀਸ ਮੈਨ ਫੇਰ ਦਾਖਲ ਹੁੰਦਾ ਹੈ)

ਪੋਲੀਸ ਮੈਨ: (ਸਖਤ ਲਹਿਜੇ ਵਿਚ) ਸੋ ਯੂ ਆਰ ਸਟਿੱਲ ਹਿਅਰ। ਆਈ ਟੋਲਡ ਯੂ ਟੂ ਗੋ ਹੋਮ, ਡਿਡ ਨਾਟ ਆਈ (So you are still here. I told you to go home, didn't I?) ਯੂ ਲੁਕ ਵੈਰੀ ਰੀਸਪੈਕਟੇਬਲ, ਵਾਈ ਡਾਂਟ ਯੂ ਐਕਟ ਯੂਅਰ ਏਜ਼

( You look very respectable. why don't you act your age)

ਸੂਬੇਦਾਰ: ਵੀ ਵਰ ਜਸਟ ਸਿਟਿੰਗ ਹੇਅਰ ਸਰ। ਵੀ ਵਰ ਨਾਟ ਡੂਇੰਗ ਐਨੀ ਥਿੰਗ ਰਾਂਗ। ਆਈ ਐਮ ਏ ਰਿਸਪੈਕਟੇਵਲ ਮੈਨ ਇਨ ਦਾ ਕਮਿਉਨਟੀ (We were just sitting here, we weren't doing anything wrong. I am a respectable man in the community)

ਪੋਲੀਸ ਮੈਨ: ਲੁੱਕ, ਯੂ ਹੈਵ ਬੀਨ ਸਿਟਿੰਗ ਐਂਡ ਡਰਿੰਕਿੰਗ ਹੇਅਰ ਫਾਰ ਦੀ ਲਾਸਟ ਟੂ ਆਵਰਜ਼। ਨਾਓ ਯੂ ਆਰ ਟੈਲਿੰਗ ਮੀ ਦੈਟ ਯੂ ਆਰ ਨਾਂਟ ਡੂਇੰਗ ਐਨੀ ਥਿੰਗ ਰਾਂਗ। ਨਾਓ ਗੈੱਟ ਆਊਟ ਆਫ ਦਿਸ ਪਾਰਕ ਬੀਫੋਰ ਆਈ ਚੇਂਜ ਮਾਈ ਮਾਈਂਡ ਐਂਡ ਥਰੋ ਯੂ ਇਨ ਦੀ ਵੈਨ

(Look you have been sitting and drinking for the last two hours. Now you are telling me that you aren't doing anything wrong. Now get out of this park before I change my mind and throw you in the van.)

(ਉਹ ਤਿੰਨੇ ਬਿਨਾਂ ਕੁੱਝ ਕਹੇ ਉਥੋਂ ਹੋਲੀ ਹੋਲੀ ਇਕ ਪਾਸੇ ਨੂੰ ਤੁਰਦੇ ਹਨ। ਜਗਤ ਸਿੰਘ ਇਸੇ ਵਕਤ ਸਟੇਜ਼ ਤੇ ਦਿਸਦਾ ਹੈ ਪਰ ਇਕ ਸਿਰੇ ਤੇ ਖੜਾ ਸੱਭ ਕੁੱਝ ਦੇਖਦਾ ਰਹਿੰਦਾ ਹੈ। ਜਦੋਂ ਸਾਰੇ ਸਟੇਜ਼ ਤੋਂ ਚਲੇ ਜਾਂਦੇ ਹਨ ਤਾਂ ਸਟੇਜ਼ ਦੇ ਦਰਮਿਆਨ ਆਕੇ ਬੋਲਦਾ ਹੈ)

ਜਗਤ ਸਿੰਘ: (ਲੋਕਾਂ ਨੂੰ) ਕਿਉਂ ਉਠਾਲ ਤੇ ਨਾਂ ਪੁਲਸੀਏ ਨੇ। ਹੁਣ ਲੀਡਰਾਂ ਅਤੇ ਲੋਕਾਂ ਤਾਂ ਇਹੀ ਕਹਿਣਾ ਕਿ ਬੁੜੇ ਪਾਰਕਾਂ 'ਚ ਬੈਠੇ ਕਿਉਂ ਸੀ। ਉੱਥੇ ਬੈਠ ਕਮਿਉਨਟੀ ਦੀ ਬਿਜ਼ਤੀ ਕਰਾਉਂਦੇ ਆ। ਪਰ ਇਹ ਕਿਸੇ ਨਈਂ ਸੋਚਣਾ ਬਈ ਜੇ ਅਸੀਂ ਪਾਰਕਾਂ 'ਚ ਨਾ ਬੈਠੀਏ ਤਾਂ ਕਿੱਥੇ ਬੈਠੀਏ? ਸੋਚਣ ਤਾਂ ਤਾਂ ਜੇ ਵਿਚਲੀ ਗੱਲ ਸਮਝਣ।

## ਪਰਦਾ

☆☆☆☆☆☆☆☆☆

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

## 11

ਸੁਖਵੰਤ ਹੁੰਦਲ

### ਇਰਾਕ ਵਿਰੁੱਧ ਜੰਗ ਜ਼ਾਰੀ ਹੈ ਲੋਕ ਮਰ ਰਹੇ ਹਨ:

ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਦੀਆਂ ਫੌਜਾਂ ਵਲੋਂ ਇਰਾਕ ਤੇ ਬੰਬਾਰੀ ਕੀਤੀ ਨੂੰ ਇਕ ਸਾਲ ਅਤੇ ਕੁੱਝ ਮਹੀਨੇ ਹੋ ਚੁੱਕੇ ਹਨ। ਇਸ ਬੰਬਾਰੀ ਦੌਰਾਨ ਇਰਾਕ ਤੇ 88,000 ਟਨ ਬੰਬ ਸੁੱਟੇ ਗਏ। ਬੰਬਾ ਦੀ ਇਹ ਮਾਤਰਾ ਦੂਜੀ ਸੰਸਾਰ ਜੰਗ ਸਮੇਂ ਹੀਰੋਸ਼ੀਮਾ ਤੇ ਸੁੱਟੇ ਬੰਬਾਂ ਨਾਲ 7 ਗੁਣਾਂ ਜ਼ਿਆਦਾ ਹੈ। ਇਸ ਬੰਬਾਰੀ ਅਤੇ ਬੰਬਾਰੀ ਬਾਅਦ ਹੋਈ ਧਰਤੀ ਦੀ ਲੜਾਈ ਕਾਰਨ ਇਕ ਲੱਖ ਇਰਾਕੀ ਫੌਜੀ ਅਤੇ 1,13,000 ਦੇ ਲਗਭਗ ਸਿਵਲੀਅਨ ਇਰਕੀ ਮਾਰੇ ਗਏ। ਅਮਰੀਕਾ ਵਲੋਂ ਆਪ ਲਾਏ ਅੰਦਾਜ਼ੇ ਮੁਤਾਬਕ ਇਰਾਕ ਵਿਚ ਸਿਵਲੀਅਨ ਵਸੋਂ ਦੀ ਜਾਨ ਤੇ ਮਾਲ ਦਾ ਨੁਕਸਾਨ 50 ਬਿਲੀਅਨ (5000 ਕਰੋੜ) ਡਾਲਰ ਦਾ ਨੁਕਸਾਨ ਹੋਇਆ ਹੈ ਪਰ ਇਰਾਕ ਵਲੋਂ ਲਾਏ ਅੰਦਾਜ਼ੇ ਮੁਤਾਬਕ ਇਹ ਨੁਕਸਾਨ 120 ਬਿਲੀਅਨ (12000 ਕਰੋੜ) ਡਾਲਰ ਦਾ ਹੈ।

ਜਦੋਂ ਬੰਬਾਰੀ ਚੱਲ ਰਹੀ ਸੀ ਤਾਂ ਸੰਸਾਰ ਦੇ ਖਬਰਾਂ ਦੇ ਮਾਧੀਅਮ (news media) ਵਿਚ ਹਰ ਰੋਜ਼ ਘੰਟਿਆਂ ਬੱਧੀ ਖਬਰਾਂ ਆਉਂਦੀਆਂ ਸਨ। ਟੀ.ਵੀ. ਦੇਖ ਰਹੇ ਅਤੇ ਰੇਡੀਉ ਸੁਣ ਰਹੇ ਲੋਕਾਂ ਨੂੰ ਲੱਗਦਾ ਸੀ ਕਿ ਜਿਵੇਂ ਉਹ ਲੜਾਈ ਨਹੀਂ ਸਗੋਂ ਕੋਈ ਖੇਡ ਦੇਖ ਰਹੇ ਹੋਣ ਜਾਂ ਖੇਡ ਦੀ ਕੁਮੈਂਟਰੀ ਸੁਣ ਰਹੇ ਹੋਣ। ਫਿਰ ਖਬਰਾਂ ਆਈਆਂ ਕਿ ਲੜਾਈ ਮੁੱਕ ਗਈ ਹੈ ਅਤੇ ਖਬਰਾਂ ਦੇ ਮਾਧਿਅਮ ਵਿਚ ਵੀ ਇਸ ਬਾਰੇ ਖਬਰਾਂ ਆਉਣੀਆਂ ਬੰਦ ਹੋ ਗਈਆਂ ਹਨ ਜਿਵੇਂ ਅਕਸਰ ਕਿਸੇ ਖੇਡ ਮੁੱਕਣ ਬਾਅਦ ਹੁੰਦਾ ਹੈ। ਖਬਰਾਂ ਦਾ ਮੁੱਖ ਧਾਰਾ ਦਾ ਮਾਧਿਅਮ ਦੁਨੀਆਂ ਵਿਚ ਚੱਲ ਰਹੀਆਂ ਹੋਰ 'ਖੇਡਾਂ' (ਭਾਵੇਂ ਉਸ ਪੱਧਰ ਦੀ ਖੇਡਾਂ ਨਹੀਂ) ਬਾਰੇ ਖਬਰਾਂ ਦੇਣ ਲੱਗਾ ਜਾਂ ਇਸ ਤਰ੍ਹਾਂ ਦੀਆਂ ਹੋਰ ਖੇਡਾਂ ਬਾਰੇ ਸੋਚਣ ਲੱਗਾ।

ਇਰਾਕ ਬਾਰੇ ਮੁਖ ਧਾਰਾ ਦੇ ਨਿਊਜ਼ ਮੀਡੀਏ ਵਿਚ ਖਬਰਾਂ ਨਾ ਆਉਣ ਕਰਕੇ ਆਮ ਲੋਕੀਂ ਇਹ ਸੋਚਣ ਲੱਗ ਪਏ ਹਨ ਕਿ ਇਰਾਕ ਵਿਚ ਲੜਾਈ ਮੁੱਕ ਗਈ ਹੈ ਅਤੇ ਉੱਥੇ ਹੁਣ ਸੱਭ ਅੱਛਾ ਹੈ। ਉੱਥੇ ਜ਼ਿੰਦਗੀ ਸਾਧਾਰਣ ਪੱਧਰ ਤੇ ਆ ਗਈ ਹੈ। ਪਰ ਸੱਚ ਇਹ ਨਹੀਂ। ਇਰਾਕ ਵਿਚ ਸੱਭ ਅੱਛਾ ਨਹੀਂ ਹੈ। ਹਾਂ ਇਹ ਵੱਖਰੀ ਗੱਲ ਹੈ ਕਿ ਮੁੱਖ-ਧਾਰਾ ਦੇ ਮੀਡੀਏ ਵਿਚ ਕੁੱਝ ਨਹੀਂ ਆ ਰਿਹਾ।

ਅੱਜ ਵੀ ਇਕ ਹੋਰ ਪੱਧਰ ਤੇ ਇਰਾਕ ਵਿਚ ਲੜਾਈ ਚੱਲ ਰਹੀ ਹੈ। ਇਰਾਕ ਵਿਰੁੱਧ ਆਰਥਿਕ, ਦੂਜੇ ਦੇਸ਼ਾਂ ਨਾਲ ਵਪਾਰ ਕਰਨ, ਬਾਹਰੋਂ ਲੋੜੀਂਦੀਆਂ ਵਸਤਾਂ ਮੰਗਵਾਉਣ ਆਦਿ ਤੇ ਪਾਬੰਦੀਆਂ ਹਨ। ਇਹਨਾਂ ਪਾਬੰਦੀਆਂ ਅਤੇ ਬੰਬਾਰੀ ਦੌਰਾਨ ਹੋਈ ਤਬਾਹੀ ਤੇ ਬਰਬਾਦੀ ਕਾਰਨ ਅੱਜ ਵੀ ਇਰਾਕੀ ਲੋਕ ਮਰ ਰਹੇ ਹਨ। ਮਾਹਰਾਂ ਦੀ ਰਾਇ ਹੈ ਕਿ ਬੰਬਾਰੀ ਅਤੇ ਲੜਾਈ ਦੇ 'ਖਾਤਮੇ' ਤੋਂ ਬਾਅਦ ਮਰਨ ਵਾਲੇ ਲੋਕਾਂ ਦੀ ਗਿਣਤੀ ਬੰਬਾਰੀ ਅਤੇ ਲੜਾਈ ਦੌਰਾਨ ਮਰਨ ਵਾਲੇ ਲੋਕਾਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਹੈ। ਇਹ ਸਮਝਣ ਲਈ ਕਿ ਅੱਜ ਲੋਕ ਕਿਵੇਂ ਮਰ ਰਹੇ ਹਨ, ਸਾਨੂੰ ਜਨਵਰੀ-ਫਰਵਰੀ/91 ਦੀ ਬੰਬਾਰੀ ਦੌਰਾਨ ਹੋਈ ਤਬਾਹੀ ਅਤੇ ਬਰਬਾਦੀ ਬਾਰੇ ਜਾਨਣਾ ਜ਼ਰੂਰੀ ਹੈ।

ਇਸ ਬੰਬਾਰੀ ਦੌਰਾਨ ਅਮਰੀਕਾ ਅਤੇ ਉਸਦੇ ਮਿੱਤਰਾਂ ਦੀਆਂ ਫੌਜਾਂ ਦਾ ਇਰਾਦਾ ਇਰਾਕੀ ਮਿਲਟਰੀ ਨੂੰ ਹੀ ਤਬਾਹ ਕਰਨ ਦਾ ਨਹੀਂ ਸੀ ਸਾਰੇ ਇਰਾਕ ਨੂੰ ਤਬਾਹ ਕਰਨ ਦਾ ਸੀ। ਇਸ ਲਈ ਉਹ ਲੜਾਈ ਤੋਂ ਬਹੁਤ ਚਿਰ ਪਹਿਲਾਂ ਤੋਂ ਹੀ ਇਰਾਕ ਵਿਚ ਸਿਵਲੀਅਨ ਥਾਵਾਂ ਦੀ ਬੰਬਾਰੀ ਲਈ ਨਿਸ਼ਾਨਦੇਹੀ ਕਰਨ ਲੱਗ ਪਏ ਸਨ। ਇਸ ਲਈ ਹੀ ਸਤੰਬਰ 1990 ਵਿਚ ਅਮਰੀਕਾ ਦੀ ਏਅਰਫੋਰਸ ਦੇ ਚੀਫ ਆਫ ਸਟਾਫ ਜਨਰਲ ਮਾਈਕਲ ਜੇ. ਡੁਗਣ ਨੂੰ ਬਰਤਰਫ ਕਰ ਦਿੱਤਾ ਸੀ ਕਿਉਂਕਿ ਉਸਨੇ ਪ੍ਰੈਸ ਵਿਚ ਇਹ ਗੱਲ ਲੀਕ ਕਰ ਦਿੱਤੀ ਸੀ ਕਿ ਬੰਬਾਰੀ ਦੌਰਾਨ ਅਮਰੀਕਾ ਇਰਾਕ ਦੇ ਸਿਵਲੀਅਨ ਨਿਸ਼ਾਨਿਆਂ ਤੇ ਬੰਬਾਰੀ ਕਰਨ ਦਾ ਯੋਜਨਾ ਬਣਾ ਰਿਹਾ ਹੈ।

ਸਿੱਟੇ ਵਜੋਂ ਅਮਰੀਕੀ ਅਤੇ ਉਸਦੇ ਮਿੱਤਰਾਂ ਦੀਆਂ ਫੌਜਾਂ ਨੇ ਜਨਵਰੀ-ਫਰਵਰੀ/91 ਵਿਚ ਕੀਤੀ ਬੰਬਾਰੀ ਸਮੇਂ ਮਿਲਟਰੀ ਅਤੇ ਗੈਰ-ਮਿਲਟਰੀ ਨਿਸ਼ਾਨਿਆਂ ਦਾ ਫਰਕ ਕੀਤੇ ਬਿਨਾਂ ਅੰਧਾਧੁੰਦ ਬੰਬਾਰੀ ਕੀਤੀ। ਨਤੀਜੇ ਵਜੋਂ ਇਰਾਕ ਦੇ ਸੰਚਾਰ ਸਾਧਨਾਂ, ਹਸਪਤਾਲਾਂ, ਸਕੂਲਾਂ, ਮਸਜਿਦਾਂ, ਬਿਜਲੀ ਪੈਦਾ ਕਰਨ ਦੇ ਸਟੇਸ਼ਨਾਂ, ਪਾਣੀ ਸਾਫ ਕਰਨ ਦੇ ਸਟੇਸ਼ਨਾਂ, ਦਵਾਈਆਂ ਬਣਾਉਣ ਦੇ ਕਾਰਖਾਨਿਆਂ, ਸੜਕਾਂ, ਪੁਲਾਂ, ਰੇਲਵੇ ਲਾਈਨਾਂ, ਸਾਧਾਰਣ ਲੋਕਾਂ ਦੀ ਰੋਜਾਨਾ ਜ਼ਿੰਦਗੀ ਲਈ ਲੋੜੀਂਦੀਆਂ ਵਸਤਾਂ ਬਣਾਉਣ ਦੇ ਕਾਰਖਾਨਿਆਂ ਆਦਿ ਤੇ ਤਬਾਹਕੁਨ ਬੰਬਾਰੀ ਕੀਤੀ ਗਈ। ਬੰਬਾਰੀ ਤੋਂ ਬਾਅਦ ਇਰਾਕ ਦੀ ਬਿਜਲੀ ਪੈਦਾ ਕਰਨ ਦੀ ਯੋਗਤਾ ਬੰਬਾਰੀ ਤੋਂ ਪਹਿਲਾਂ ਦੀ ਯੋਗਤਾ ਦਾ 4 ਪ੍ਰਤੀਸ਼ਤ ਰਹਿ ਗਈ। ਇਸ ਹੀ ਤਰ੍ਹਾਂ ਪਾਣੀ ਸਾਫ ਕਰਨ ਦੀ ਯੋਗਤਾ 20 ਪ੍ਰਤੀਸ਼ਤ ਰਹਿ ਗਈ।

ਅਜਿਹੇ ਨੁਕਸਾਨ ਸਦਕਾ ਹੁਣ ਇਰਾਕੀ ਲੋਕਾਂ ਨੂੰ ਬੜੀਆਂ ਮੁਸ਼ਕਿਲਾਂ ਵਿਚੋਂ ਦੀ ਲੰਘਣਾ ਪੈ ਰਿਹਾ ਹੈ। ਪਾਣੀ ਸਾਫ ਕਰਨ ਵਾਲੇ ਸਟੇਸ਼ਨਾਂ ਦੀ ਯੋਗਤਾ ਘਟਣ ਕਾਰਨ ਹੁਣ ਲੋਕਾਂ ਨੂੰ ਪਾਣੀ ਨੂੰ ਸਾਫ ਕੀਤੇ ਬਿਨਾਂ ਵਰਤਣਾ ਪੈ ਰਿਹਾ ਹੈ। ਨਾਲਿਆਂ ਦੀ ਗੰਦ ਦੀ ਸ਼ੁੱਧੀ (Sewage treatment system) ਦੇ ਪ੍ਰਬੰਧ ਦੇ ਫੇਲ ਹੋਣ ਕਾਰਨ ਅਤੇ ਸ਼ਹਿਰੀ ਇਲਾਕਿਆਂ ਵਿਚ ਗੰਦਗੀ ਫੈਲ ਰਹੀ ਹੈ। ਇਹਨਾਂ ਗੱਲਾਂ ਦੇ ਨਤੀਜੇ ਵਜੋਂ ਹੈਜਾ ਤੇ ਟਾਈਫਾਈਡ ਵਰਗੀਆਂ ਨਾਮੁਰਾਦ ਤੇ ਜਾਨਲੇਵਾ ਬਿਮਾਰੀਆਂ ਸਾਰੇ ਲੋਕਾਂ ਪਰ ਖਾਸ ਕਰਕੇ ਬੱਚਿਆਂ ਵਿਚ ਫੈਲ ਰਹੀਆਂ ਹਨ ਅਤੇ ਹਰ ਰੋਜ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਮਰ ਰਹੇ ਹਨ। ਇਰਾਕ ਦੀਆਂ ਸਨਅਤਾਂ ਦੀ ਤਬਾਹੀ ਕਾਰਨ ਲੋਕਾਂ ਦੇ ਰੋਜੀ ਕਮਾਉਣ ਦੇ ਸਾਧਨ ਖੁਸ ਗਏ ਹਨ ਅਤੇ ਵੱਡੀ ਗਿਣਤੀ ਵਿਚ ਲੋਕ ਬੇਰੁਜਗਾਰ ਹਨ।

ਲੋਕਾਂ ਨੂੰ ਇਸ ਮੁਸੀਬਤ ਵਿਚੋਂ ਕੱਢਣ ਦਾ ਇਕੋ ਇਕ ਹੱਲ ਹੈ ਕਿ ਇਰਾਕ ਦੀ ਮੁੜ-ਉਸਾਰੀ ਕੀਤੀ ਜਾਵੇ। ਇਸ ਮੁੜ ਉਸਾਰੀ ਲਈ ਇਰਾਕ ਨੂੰ ਸਰਮਾਏ ਦੀ ਲੋੜ ਹੈ। ਇਹ ਸਰਮਾਇਆ ਉਹ ਬਾਹਰਲੇ ਦੇਸ਼ਾਂ ਨੂੰ ਤੇਲ ਵੇਚ ਕੇ ਕਮਾ ਸਕਦਾ ਹੈ। ਪਰ ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਵਲੋਂ ਯੂ.ਐਨ ਰਾਹੀਂ ਲਾਈਆਂ ਪਾਬੰਦੀਆਂ ਕਾਰਨ ਉਸਨੂੰ ਇਹ ਤੇਲ ਵੇਚਣ ਦੀ ਖੁਲ੍ਹ ਨਹੀਂ। ਜਿਹੜਾ ਪੈਸਾ ਇਰਾਕ ਦਾ ਪਹਿਲਾਂ ਬਾਹਰਲੇ ਦੇਸ਼ਾਂ ਵਿਚ ਪਿਆ ਸੀ ਉਹ 'ਫਰੀਜ਼' ਕੀਤਾ ਹੋਇਆ ਹੈ। ਕਾਰਖਾਨਿਆਂ ਅਤੇ ਪਬਲਿਕ ਟਰਾਂਸਪੋਰਟੇਸ਼ਨ ਦੀ ਮੁੜ ਉਸਾਰੀ ਲਈ ਮਸ਼ੀਨਾਂ ਅਤੇ ਸਪੇਅਰਪਾਰਟਸ ਦੀ ਲੋੜ ਹੈ, ਪਰ ਪਾਬੰਦੀਆਂ ਕਾਰਨ ਉਹ ਬਾਹਰੋਂ ਨਹੀਂ ਮੰਗਵਾਈਆਂ ਜਾ ਸਕਦੀਆਂ।

ਇਰਾਕ ਵਿਰੁੱਧ ਲਾਈਆਂ ਪਾਬੰਦੀਆਂ ਦਾ ਸੱਭ ਤੋਂ ਜ਼ਿਆਦਾ ਅਸਰ ਉੱਥੋਂ ਦੇ ਪਬਲਿਕ ਹੈਲਥ ਸਿਸਟਮ ਤੇ ਪਿਆ ਹੈ। ਬਿਜਲੀ ਦੀ ਘਾਟ ਅਤੇ ਡਾਕਟਰੀ ਸਮਾਨ ਦੀ ਤਬਾਹੀ ਹੋਣ ਕਾਰਨ ਹਸਪਤਾਲ ਠੀਕ ਤਰ੍ਹਾਂ ਨਹੀਂ ਚੱਲ ਰਹੇ। ਡਾਕਟਰਾਂ ਨੂੰ ਮੋਮਬੱਤੀਆਂ ਦੀ ਰੋਸ਼ਨੀ ਵਿਚ ਅਪ੍ਰੇਸ਼ਨ ਕਰਨੇ ਪੈ ਰਹੇ ਹਨ। ਤਬਾਹੀ ਕਾਰਨ ਰੈਫਰਿਜਰੇਸ਼ਨ ਯੂਨਿਟਾਂ ਦੀ ਘਾਟ ਹੋ ਜਾਣ ਕਾਰਨ ਖੂਨ ਸਟੋਰ ਕਰਨ ਲਈ ਮੁਸ਼ਕਿਲਾਂ ਆ ਰਹੀਆਂ ਹਨ। ਲੜਾਈ ਤੋਂ ਪਹਿਲਾਂ ਇਰਾਕ 60 ਪ੍ਰਤੀਸ਼ਤ ਦੇ ਕਰੀਬ ਦਵਾਈਆਂ ਬਾਹਰੋਂ ਮੰਗਵਾਉਂਦਾ ਸੀ। ਪਰ ਪਾਬੰਦੀਆਂ ਕਾਰਨ ਇਹ ਦਵਾਈਆਂ ਲੋੜੀਂਦੀ ਮਾਤਰਾ ਵਿਚ ਬਾਹਰੋਂ ਨਹੀਂ ਮੰਗਵਾਈਆਂ ਜਾ ਸਕਦੀਆਂ। ਇਸ ਲਈ ਦਵਾਈਆਂ ਦੀ ਘਾਟ ਕਾਰਨ ਲੋਕ ਲਾਇਲਾਜ ਮਰ ਰਹੇ ਹਨ।

ਇਸ ਹੀ ਤਰ੍ਹਾਂ ਇਰਾਕ ਆਪਣੀ ਲੋੜ ਦੀਆਂ ਖਾਣ ਪੀਣ ਦੀਆਂ ਵਸਤਾਂ ਦਾ 70 ਪ੍ਰਤੀਸ਼ਤ ਹਿੱਸਾ ਬਾਹਰੋਂ ਮੰਗਵਾਉਂਦਾ ਸੀ। ਹੁਣ ਪਾਬੰਦੀਆਂ ਕਾਰਨ ਪੂਰੀ ਲੋੜ ਮੁਤਾਬਕ ਖਾਣਾ ਬਾਹਰੋਂ ਨਹੀਂ ਮੰਗਵਾਇਆ ਜਾ ਸਕਦਾ। ਇਸ ਕਾਰਨ ਅੱਜ ਇਰਾਕ ਵਿਚ ਖਾਣੇ ਦੀ ਬੜੀ ਗੰਭੀਰ ਘਾਟ ਹੈ ਅਤੇ ਖਤਰਨਾਕ ਪੱਧਰ ਦੀ ਭੁੱਖਮਰੀ ਫੈਲ ਰਹੀ ਹੈ। ਇਹ ਭੁੱਖਮਰੀ ਬੱਚਿਆਂ ਨੂੰ ਬੜੀ ਤੇਜੀ ਨਾਲ ਆਪਣੀ ਮਾਰ ਹੇਠ ਲੈ ਰਹੀ ਹੈ। 5 ਲੱਖ ਦੇ ਲਗਭਗ (10 ਵਿਚੋਂ 1) ਇਸ ਭੁੱਖਮਰੀ ਦੇ ਅਸਰ ਹੇਠ ਆ ਚੁੱਕੇ ਹਨ। ਇਕ

ਰੀਪੋਰਟ ਮੁਤਾਬਕ 1 ਲੱਖ ਦੇ ਕਰੀਬ ਬੱਚੇ ਇਸ ਕਾਰਨ ਮਰ ਚੁੱਕੇ ਹਨ।

ਇਸ ਤਰ੍ਹਾਂ ਇਰਾਕ ਵਿਰੁੱਧ ਲੱਗੀਆਂ ਆਰਥਿਕ ਤੇ ਵਪਾਰਕ ਪਾਬੰਦੀਆਂ ਬੰਬਾਰੀ ਨਾਲੋਂ ਵੀ ਵੱਡੀ ਗਿਣਤੀ ਵਿਚ ਇਰਾਕੀ ਲੋਕਾਂ ਦੀਆਂ ਜਾਨਾਂ ਲੈ ਰਹੀਆਂ ਹਨ। ਇਹ ਪਾਬੰਦੀਆਂ ਜੰਗ ਕਾਰਨ ਹੀ ਲੱਗੀਆਂ ਹਨ ਅਤੇ ਇਸ ਲਈ ਇਹਨਾਂ ਨੂੰ ਲਾਗੂ ਰੱਖ ਕੇ ਅਮਰੀਕਾ ਅਤੇ ਉਸਦੇ ਮਿੱਤਰ ਦੇਸ ਇਰਾਕ ਵਿਰੁੱਧ ਜੰਗ ਜਾਰੀ ਰੱਖ ਰਹੇ ਹਨ।

ਇਹ ਪਾਬੰਦੀਆਂ ਕਿਉਂ ਜਾਰੀ ਹਨ ? ਕਿਉਂਕਿ ਅਮਰੀਕਾ ਸਮਝਦਾ ਹੈ ਕਿ ਜਿੰਨਾ ਚਿਰ ਇਰਾਕ ਵਿਚ ਸਦਾਮ ਹੁਸੈਨ ਦੀ ਹਕੂਮਤ ਹੈ ਉਨਾ ਚਿਰ ਖਾੜੀ ਦੇ ਏਰੀਏ ਵਿਚ ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਦੇ ਹਿੱਤ ਸੁਰੱਖਿਅਤ ਨਹੀਂ ਹਨ। ਅਮਰੀਕੀ ਹਿੱਤਾਂ ਦੀ ਸੁਰੱਖਿਆ ਲਈ ਲੱਖਾਂ ਹੀ ਇਰਾਕੀ ਮੌਤ ਦੀ ਬਲੀ ਚੜ੍ਹ ਰਹੇ ਹਨ। ਬੇਸ਼ੱਕ ਅਮਰੀਕਾ ਦਾ ਪ੍ਰਧਾਨ ਬੁੱਸ਼ ਲੱਖ ਵਾਰ ਕਹੇ ਕਿ ਉਸਦੀ ਦੁਸ਼ਮਣੀ ਇਰਾਕ ਦੇ ਲੋਕਾਂ ਨਾਲ ਨਹੀਂ, ਸਗੋਂ ਸਦਾਮ ਹੁਸੈਨ ਨਾਲ ਹੈ। ਪਰ ਸੱਚ ਇਸਦੇ ਬਿਲਕੁਲ ਉਲਟ ਹੈ। ਉਸ ਵਲੋਂ ਸਦਾਮ ਹੁਸੈਨ ਨਾਲ ਕੀਤੀ ਜਾ ਰਹੀ ਦੁਸ਼ਮਨੀ ਕਾਰਨ ਇਰਾਕੀ ਲੋਕ ਮੁਸੀਬਤਾਂ ਝੱਲ ਰਹੇ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਮਰ ਰਹੇ ਹਨ।

ਇਰਾਕ ਵਿਰੁੱਧ ਚੱਲ ਰਹੀ ਇਹ ਲੜਾਈ ਇਕੱਲੀਆਂ ਪਾਬੰਦੀਆਂ ਤੱਕ ਹੀ ਸੀਮਤ ਨਹੀਂ ਸਗੋਂ ਅਮਰੀਕਨ ਸੀ.ਆਈ.ਏ. ਇਰਾਕ ਵਿਚ ਰਾਜਪਲਟਾ ਲਿਆਉਣ ਲਈ ਪੂਰੀ ਸਰਗਰਮੀ ਨਾਲ ਕੰਮ ਕਰ ਰਹੀ ਹੈ। ਹੁਣੇ ਜਿਹੇ ਬਾਹਰ ਆਈ ਇਕ ਰੀਪੋਰਟ ਮੁਤਾਬਕ ਅਮਰੀਕਾ ਨੇ ਇਰਾਕ ਵਿਚ ਰਾਜਪਲਟਾ ਕਰਾਉਣ ਲਈ ਸੀ.ਆਈ.ਏ ਬੱਜਟ 15 ਮਿਲੀਅਨ (ਡੇਢ ਕਰੋੜ) ਡਾਲਰ ਤੋਂ ਵਧਾ ਕੇ 40 ਮਿਲੀਅਨ (ਚਾਰ ਕਰੋੜ) ਡਾਲਰ ਕਰ ਦਿੱਤਾ ਹੈ।

ਇਸ ਤਰ੍ਹਾਂ ਇਰਾਕ ਵਿਰੁੱਧ ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਵਲੋਂ ਜੰਗ ਜਾਰੀ ਹੈ। ਜਦੋਂ ਅਮਰੀਕਾ ਦਾ ਪ੍ਰਧਾਨ ਬੁੱਸ਼ ਦੁਨੀਆਂ ਭਰ ਵਿਚ ਸ਼ਾਂਤੀ ਅਤੇ ਸਥਿਰਤਾ ਲਿਆਉਣ ਦੀ ਗੱਲ ਕਰਦਾ ਹੈ ਤਾਂ ਉਹ ਸਫੇਦ ਝੂਠ ਤੋਂ ਬਿਨਾਂ ਕੁੱਝ ਨਹੀਂ। ਇਸਦੇ ਨਾਲ ਹੀ ਜਦੋਂ ਮੁੱਖ ਧਾਰਾ ਦੇ ਮੀਡੀਏ ਵਿਚ ਇਰਾਕ ਵਿਰੁੱਧ ਚੱਲ ਰਹੀ ਇਸ ਲੜਾਈ ਬਾਰੇ ਕੁੱਝ ਵੀ ਨਹੀਂ ਜਾਂ ਬਹੁਤ ਘੱਟ ਪੇਸ਼ ਕੀਤਾ ਜਾਂਦਾ ਹੈ ਤਾਂ ਸਾਨੂੰ ਇਹ ਵੀ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਮੀਡੀਏ ਵਿਚ ਕਿੰਨਾ ਕੁ ਸੱਚ ਪੇਸ਼ ਕੀਤਾ ਜਾਂਦਾ ਹੈ।ਪ

**ਜਾਣਕਾਰੀ:**

1. ਰਾਮਸੇ ਕਲਾਰਕ (ਅਮਰੀਕਾ ਦੇ ਸਾਬਕਾ ਕਾਨੂੰਨ ਮੰਤਰੀ) ਅਤੇ ਸਾਥੀਆਂ ਵਲੋਂ ਇੰਟਰਨੈਸ਼ਨਲ ਵਾਰ ਕਰਾਈਮਜ਼ ਟਰੀਬਿਊਨਲ ਲਈ ਤਿਆਰ ਕੀਤੀ ਰੀਪੋਰਟ ਵਿਚੋਂ।
2. ਇੰਟਰਨੈਸ਼ਨਲ ਵੀਊਪੁਆਇੰਟ ਰਸਾਲੇ ਦੇ ਮਈ 11/92 ਦੇ ਅੰਕ ਵਿਚ ਪੈਟਰਿਕ ਡੈਬਰੇਸਟ ਵਲੋਂ ਲਿਖੇ ਲੇਖ ਵਿਚੋਂ।
3. ਮਿਡਲ ਈਸਟ ਰੀਪੋਰਟ ਰਸਾਲੇ ਦੇ ਜਨਵਰੀ/ਫਰਵਰੀ/92 ਦੇ ਅੰਕ ਵਿਚ ਜੇਮਸ ਫਾਈਨ ਵਲੋਂ ਲਿਖੇ ਲੇਖ ਵਿਚੋਂ।

☆☆☆☆☆☆☆☆☆☆☆
☆☆☆☆☆☆☆☆


# GOYAL TRAVELS INC.

**BOOK NOW FLY LATER SAVE MONEY**

**Special fares to: San Francisco Toronto London**

Cheapest fares to **New Delhi, Bombay, Madras, Calcutta, Karachi, Colombo & Kathmandu**

**Authorized agents for:**

■ Cathay Pacific ■ Air Canada ■ Japan Air Lines
■ Canadian ■ Wardair ■ KLM

**4152 Fraser St., Vancouver, B.C., V5V 4E8**

Toll free from B.C., Alberta, Saskatchewan & Manitoba: 1-800-663-8638
**Phone: Vancouver 877-7777 Calgary (403) 235-6808 Toronto: (416) 593-6966**

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਹੋਵੇ ਹਮੇਸ਼ਾਂ ਸਾਡੇ ਸਟੋਰ ਤੇ ਦਰਸ਼ਨ ਦਿਉ। ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

* ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

ਟੌਪ ਕੁਆਲਟੀ ਅਤੇ ਵਾਜਬ ਕੀਮਤਾਂ

*ਲਿਵਿੰਗ ਰੂਮ *ਡਾਇਨਿੰਗ ਰੂਮ * ਬੈਡ ਰੂਮ ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

***New *Usaed * Trad-Ins Lowest Prices Guaranteed in B.C.**

ਫਰਨੀਚਰ ਦੀ ਦੁਨੀਆਂ 'ਚ 42 ਸਾਲ ਪੁਰਾਣਾ ਸਟੋਰ।

VISA

# Royal Furniture Ltd.

MasterCard

**2607 Main St. (at 10 th. ave.), Vancouver, B.C. Tel. 874-9525**

**visa and master card accepted**

# LOWEST PRICES GURANTEED IN B.C.

# ਤੁਲਨਾਤਮਕ ਧਰਮ

# III

## ਲਾਲਾ ਹਰਦਿਆਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(7) 'ਰੱਬ' ਨੂੰ ਚਾਹੀਦਾ ਹੈ ਕਿ ਸਾਨੂੰ ਨੈਤਿਕ ਚਰਿੱਤਰ ਦਾ ਨਮੂਨਾਦਿਖਾਵੇ। ਯਿਸੂ ਮਸੀਹ ਨੇ ਕਿਹਾ ਸੀ, 'ਤੁਸੀਂ ਸੰਪੂਰਨ ਇਨਸਾਨ ਬਣੋ, ਸਵਰਗ ਵਿਚ ਤੁਹਾਡਾ ਪਿਤਾ (ਰੱਬ) ਵੀ ਸੰਪੂਰਨ ਹੈ।' ਜੇ. ਐਸ. ਮਿੱਲ ਨੇ ਵੀ ਸੋਚਿਆ ਸੀ, 'ਕਿਸੇ ਵੀ ਕਿਸਮ ਦਾ ਰੱਬ, ਨੈਤਿਕ ਤੌਰ ਤੇ ਸੰਪੂਰਨ ਪ੍ਰਾਣੀ ਮੰਨਿਆ ਜਾ ਸਕਦਾ ਹੈ।' ਉਸਨੇ ਲਿਖਿਆ, 'ਉੱਤਮਤਾ ਦੇ ਪਿਆਰ ਨੂੰ ਕਿਸੇ ਵਿਅਕਤੀ ਦੇ ਰੂਪ ਵਿਚ ਕਲਪਨਾ ਕਾਫੀ ਸੰਭਵ ਹੈ ਭਾਵੇਂ ਉਹ ਵਿਅਕਤੀ ਨਿਰੋਲ ਕਲਪਿਤ ਹੋਵੇ।' ਹੁਣ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਰੱਬ ਸਾਨੂੰ ਨੇਕੀ ਸਿਖਾ ਕਿਵੇਂ ਸਕਦਾ ਹੈ? ਕਿਉਂਕਿ ਰੱਬ ਬਿੱਲਕੁਲ ਇਕੱਲਾ ਰਹਿੰਦਾ ਹੈ। ਉਸਦੇ ਦੁਆਲੇ ਕੋਈ ਵਸਤੂ ਜਾਂ ਕੋਈ ਵੀ ਭੌਤਿਕ ਚੀਜ਼ ਨਹੀਂ ਹੈ, ਇਸ ਲਈ ਉਸਦਾ ਵਾਹ ਪੇਟੂਪੁਣੇ, ਆਲਸ, ਚੋਰੀ, ਬਦਕਾਰੀ, ਕਤਲ, ਈਰਖਾ ਤੇ ਹੰਕਾਰ ਵਰਗੇ ਪਾਪਾਂ ਨਾਲ ਨਹੀਂ ਪੈਂਦਾ ਜਾਂ ਉਸਨੂੰ ਆਪ ਇਹ ਚੀਜ਼ਾਂ ਕਰਨ ਦੀ ਲੋੜ ਨਹੀਂ ਪੈਂਦੀ। ਉਸ ਕੋਲ ਕਿਸੇ ਚੀਜ਼ ਦੀ ਕਮੀ ਨਹੀਂ ਹੈ। ਇਹੋ ਜਿਹੀਆਂ ਅਣ-ਦੁਨਿਆਵੀ ਹਾਲਤਾਂ ਵਿਚ ਰਹਿਣ ਵਾਲਾ ਸਾਡੇ ਵਾਸਤੇ ਮਿਸਾਲ ਕਿਸ ਤਰ੍ਹਾਂ ਬਣ ਸਕਦਾ ਹੈ। ਈਸਾ ਮਸੀਹ, ਰਾਬੀਆ, ਬੁੱਧ, ਲਊਇਸ ਮਾਈਕਲ ਤੇ ਹੋਰ ਨੇਕੀ ਦਾ ਰਾਹ ਦਿਖਾਉਣ ਵਾਲੇ ਤਾਂ ਆਪਣੀ ਉਦਾਹਰਣ ਦੇ ਕੇ ਸਾਡਾ ਹੌਂਸਲਾ ਵਧਾ ਸਕਦੇ ਸਨ ਕਿਉਂਕਿ ਉਹ ਆਪ ਵੀ ਸਾਡੇ ਵਰਗੇ ਇਨਸਾਨ ਸਨ। ਪ੍ਰੰਤੂ ਇਕ ਬਿਲਕੁਲ ਅਧਿਆਤਮਕ ਚੀਜ਼ ਸਾਡੇ ਨੈਤਿਕ ਆਦਰਸ਼ਾਂ ਨੂੰ ਸਾਕਾਰ ਰੂਪ ਨਹੀਂ ਦੇ ਸਕਦੀ। ਕਿਹਾ ਜਾਂਦਾ ਹੈ ਕਿ ਰੱਬ ਸਾਨੂੰ ਪਿਆਰ ਕਰਦਾ ਹੈ ਅਤੇ ਇਹੀ ਪਿਆਰ ਸਾਡੇ ਕੰਮਾਂ ਦਾ ਮੁੱਖ ਅਸੂਲ ਹੋਣਾ ਚਾਹੀਦਾ ਹੈ। ਪਿਆਰ ਦਾ ਮਤਲਬ ਸੇਵਾ, ਕੁਰਬਾਨੀ, ਵੰਡ ਕੇ ਖਾਣਾ ਹਦਾਂਉਣਾ, ਸਾਬ ਅਤੇ ਸ਼ਰਧਾ ਆਦਿ ਗੁਣਾਂ ਦਾ ਹੋਣਾ ਹੈ। ਜੇਕਰ ਤੁਸੀਂ ਆਪਣੇ ਪੜੋਸੀ ਨੂੰ ਪਿਆਰ ਕਰਦੇ ਹੋ ਤਾਂ ਤੁਸੀਂ ਉਸਦੀ ਖਾਤਿਰ ਆਪਣਾ ਕੰਮ, ਧੰਨ ਤੇ ਸਮਾਂ ਖਰਚ ਕਰਨ ਲਈ ਰਜ਼ਾਮੰਦ ਹੁੰਦੇ ਹੋ। ਇਹੀ ਪਿਆਰ ਦੀ ਪਰਖ ਹੈ। ਪਰ ਰੱਬ ਤਾਂ ਬੇਅੰਤ ਤਾਕਤਵਾਰ ਹੈ ਅਤੇ ਸਾਰੇ ਬ੍ਰਹਿਮੰਡ ਦਾ ਮਾਲਿਕ ਹੈ। ਉਸਦੇ ਵਾਸਤੇ ਸਾਨੂੰ ਜੀਵਨ, ਪਾਣੀ ਜਾਂ ਫੁੱਲ ਆਦਿ ਦੇਣਾ ਕੋਈ ਕੁਰਬਾਨੀ ਵਾਲੀ ਗੱਲ ਨਹੀਂ ਹੈ। ਮਾਨਵ ਜਾਤੀ ਨੂੰ ਇਹ ਸੁਗਾਤਾਂ ਭੇਟਾ ਕਰਨ ਲਈ ਉਸਨੂੰ ਕੋਈ ਆਪਾ ਵਾਰਨ ਦੀ ਜ਼ਰੂਰਤ ਨਹੀਂ ਪੈਂਦੀ। ਸੋ ਇਸ ਕਰਕੇ 'ਰੱਬ' ਸਾਨੂੰ ਕਿਵੇਂ ਦੱਸ ਸਕਦਾ ਹੈ ਕਿ ਮਨੁੱਖੀ ਪਿਆਰ ਕੀ ਹੁੰਦਾ ਹੈ ਜਾਂ ਕੀ ਹੋਣਾ ਚਾਹੀਦਾ ਹੈ? ਮਨੁੱਖ ਹੀ ਮਨੁੱਖ ਨੂੰ ਪਿਆਰ ਕਰ ਸਕਦਾ ਹੈ। ਇਹੀ ਸਾਡੀ ਸਿੱਖਿਆ ਹੈ।

(8) ਪਰਾਲੌਕਿਕ (ਆਤਮ ਵਿੱਦਿਆ ਵਾਦੀਆਂ) ਸੋਚਵਾਨਾਂ ਵਲੋਂ ਦਿੱਤੀਆਂ ਗਈਆਂ ਦਲੀਲਾਂ ਤੁਹਾਡੀ ਤਸੱਲੀ ਕਰਾਉਣ ਦੀ ਬਜਾਏ ਜ਼ਿਆਦਾ ਉਤਸੁਕਤਾ ਪੈਦਾ ਕਰਦੀਆਂ ਹਨ। ਬਾਰਕਲੇ ਦਲੀਲ ਦਿੰਦਾ ਹੈ ਕਿ ਕਿਤੇ ਨਾ ਕਿਤੇ 'ਰੱਬ' ਜ਼ਰੂਰ ਹੋਣਾ ਚਾਹੀਦਾ ਹੈ ਕਿਉਂਕਿ ਸੱਭ ਵਸਤੂਆਂ ਇੱਕ ਉੱਚਤਮ ਅਤੇ ਅਨੰਤ ਮਨ ਵਿਚ ਕੇਵਲ ਖਿਆਲਾਂ ਦੀ ਤਰ੍ਹਾਂ ਹਨ। ਜਿਊਲਿੰਕਸ ਅਤੇ ਮੈਲਬਰੈਂਕ ਸੋਚਦੇ ਹਨ ਕਿ ਇਕੱਲਾ 'ਰੱਬ' ਹੀ ਪਦਾਰਥ ਅਤੇ ਮਨ ਦੀ ਪ੍ਰਸਪਰ ਕਿਰਿਆ ਸ਼ੁਰੂ ਅਤੇ ਕ੍ਰਮਬੱਧ ਤਰੀਕੇ ਨਾਲ ਚਲਾ ਸਕਦਾ ਹੈ। ਕਜ਼ਨ ਦਾ ਵਿਸ਼ਵਾਸ ਹੈ ਕਿ 'ਰੱਬ' ਦੀ ਹੋਂਦ ਖ਼ੂਬਸੂਰਤੀ ਦੇ ਅਸੂਲਾਂ ਦਾ ਰੂਪਮਾਨ ਹੋਣਾ ਹੈ ਅਤੇ ਉਹ ਆਸਤਿਕਵਾਦ ਦਾ ਆਧਾਰ ਸੋਹਜਵਾਦ (ਲਲਿਤ ਕਲਾ ਵਿਗਿਆਨ) ਨੂੰ ਮੰਨਦਾ ਹੈ।

ਇਨ੍ਹਾਂ ਖਿੱਚ ਧੂਹ ਦੇ ਘੜੇ ਸਿਧਾਂਤਾਂ ਨੂੰ ਤੁਹਾਨੂੰ ਇਕ ਹਲਕੇ ਜਿਹੇ ਮਜ਼ਾਕ ਨਾਲ ਰੱਦ ਕਰ ਦੇਣਾ ਚਾਹੀਦਾ ਹੈ।

(9) ਆਸਤਿਕਵਾਦ ਸਾਰੇ ਨੈਤਿਕ ਨਿਯਮਾਂ ਦਾ ਆਧਾਰ ਨਹੀਂ ਹੈ ਅਤੇ ਜਿਸ ਤਰ੍ਹਾਂ ਸਾਰੇ ਆਸਤਿਕ ਲੋਕ ਕਲਪਨਾ ਕਰਦੇ ਹਨ ਉਸ ਤਰ੍ਹਾਂ ਇਸਨੂੰ ਸਰਵਲੌਕਿਕ ਤੌਰ ਤੇ ਕਬੂਲ ਨਹੀਂ ਕੀਤਾ ਗਿਆ ਹੈ। ਜੈਨੀ, ਹਿੰਦੂ, ਬੋਧੀ ਅਤੇ ਕੁਝ ਯੂਨਾਨੀ ਸੋਚਵਾਨ ਇਸ ਸਿਧਾਂਤ ਨੂੰ ਨਹੀਂ ਮੰਨਦੇ ਕਿ ਸਾਰਾ ਬ੍ਰਹਿਮੰਡ ਇਕ ਸਿਰਜਣਹਾਰ ਨੇ ਪੈਦਾ ਕੀਤਾ ਹੈ। ਬੋਧੀਆਂ ਅਤੇ ਜੈਨੀਆਂ ਨੇ ਸ੍ਰਿਸ਼ਟੀ ਬਣਾਉਣ ਵਾਲੇ ਦੀ ਹੋਂਦ ਦੀ ਕਲਪਨਾ ਕੀਤੇ ਬਗੈਰ ਹੀ ਨੈਤਿਕ ਨਿਯਮਾਂ ਦੀ ਇਕ ਉੱਤਮ ਪ੍ਰਣਾਲੀ ਤਿਆਰ ਕੀਤੀ ਹੈ। ਕਨਫ਼ਿਊਸ਼ਸ ਦੇ ਚੇਲੇ ਪਹਿਲਾਂ ਤਾਂ ਅਲੌਕਿਕਤਾ (ਦੈਵੀ ਸ਼ਕਤੀ) ਬਾਰੇ ਚੁੱਪ ਹੀ ਸਨ ਪਰ ਬਾਅਦ ਵਿਚ ਇਸਦੇ ਸਖ਼ਤ ਵਿਰੋਧੀ ਹੋ ਗਏ। ਅਰਸਤੂ ਆਪਣੇ ਮਸ਼ਹੂਰ ਗ੍ਰੰਥ ਵਿਚ ਨੈਤਿਕ ਨਿਯਮਾਂ ਦੀ ਵਿਆਖਿਆ ਬਗੈਰ ਕਿਸੇ ਦੈਵੀ ਹੁਕਮ ਦੀ ਗੱਲ ਕੀਤਿਆਂ ਕਰਦਾ ਹੈ। ਅਸਲ ਵਿਚ ਆਸਤਿਕਵਾਦ ਨੂੰ ਸਦਾਚਾਰੀ ਦੇ ਨਿਯਮਾਂ ਦਾ ਆਧਾਰ ਕੇਵਲ ਮੋਜ਼ਿਜ਼, ਈਸਾ, ਮੁਹੰਮਦ ਅਤੇ ਬੈਬਲੋਨੀ ਦੀ ਧਾਰਮਿਕ ਵਿਚਾਰਧਾਰਾ ਵਿਚ ਹੀ ਬਣਾਇਆ ਗਿਆ ਹੈ। ਭਾਰਤੀ, ਚੀਨੀ ਅਤੇ ਯੂਨਾਨੀਆਂ ਨੇ ਆਸਤਿਕਵਾਦ ਨੂੰ ਕਿਸੇ ਵੀ ਤਰ੍ਹਾਂ ਕਿਸੇ ਵੀ ਸੂਰਤ ਵਿਚ ਸਵੀਕਾਰ ਨਹੀਂ ਕੀਤਾ ਹੈ।

(10) ਅੰਤ ਵਿਚ, ਕੋਈ ਵੀ ਵਿਅਕਤੀ ਇਕ ਸਰੀਰ, ਸੰਚਾਰ ਦੇ ਅੰਗ ਅਤੇ ਦਿਮਾਗ ਤੋਂ ਬਿਨਾਂ ਜੀਵਿਤ ਹਾਲਤ ਵਿਚ ਨਹੀਂ ਰਹਿ ਸਕਦਾ। ਇਹ ਸੋਚਣਾ ਕਿਤਨੀ ਬੇਹੂਦਾ ਗੱਲ ਹੋਵੇਗੀ ਕਿ ਕੋਈ ਵਿਅਕਤੀ ਦਿਮਾਗ ਅਤੇ ਤੰਤੂ ਪ੍ਰਣਾਲੀ ਤੋਂ ਬਗੈਰ ਵੀ ਸੋਚਣ ਦੇ ਕਾਬਿਲ ਹੋ ਸਕਦਾ ਹੈ। ਜੇਕਰ 'ਰੱਬ' ਸੋਚ ਸਕਦਾ ਹੈ, ਵਿਉਂਤ ਬਣਾ ਸਕਦਾ ਹੈ, ਪਿਆਰ ਕਰ ਸਕਦਾ ਹੈ ਤਾਂ ਉਸਦਾ ਦਿਮਾਗ ਅਤੇ ਤੰਤੂ ਪ੍ਰਣਾਲੀ ਕਿੱਥੇ ਹਨ? ਅਸੀਂ ਕਿਸੇ ਵੀ ਐਸੇ ਜੀਵਿਤ ਇਨਸਾਨ ਦੀ ਕਲਪਨਾ ਨਹੀਂ ਕਰ ਸਕਦੇ ਜਿਸਦਾ ਦਿਮਾਗ ਅਤੇ ਤੰਤੂ ਪ੍ਰਣਾਲੀ ਸਾਡੇ ਵਰਗੀ ਨਾ ਹੋਵੇ। ਇਕ ਅਣਪੜ੍ਹ ਅਵਤਾਰਵਾਦੀ (ਈਸ਼ਵਰ ਵਿਚ ਮਨੁੱਖ ਵਰਗੇ ਗੁਣਾਂ ਨੂੰ ਮੰਨਣ ਦੇ ਸਿਧਾਂਤ ਦਾ ਪੈਰੋਕਾਰ) ਆਸਤਿਕ ਵਿਅਕਤੀ ਪੁਰਾਣੇ ਹੁਕਮ ਚਲਾਉਣ ਵਾਲੇ ਰਾਜੇ ਵਰਗੇ 'ਰੱਬ' ਦੀ ਕਲਪਨਾ ਕਰਦਾ ਹੈ, ਜਿਸ ਤਰ੍ਹਾਂ ਦੀ ਮਾਈਕਲ ਐਂਜਲੋ ਨੇ 'ਆਦਮ' ਦੀ ਪੈਦਾਇਸ਼ ਵਿਚ ਕੀਤੀ ਹੈ। ਬੇਸ਼ੱਕ ਉਹ ਗਲਤ ਹਨ ਪਰ ਉਨ੍ਹਾਂ ਦਾ ਸਿਧਾਂਤ ਇਸ ਅਸੰਭਵ ਅਤੇ ਬੇਮਤਲਬ ਸਿਧਾਂਤ ਤੋਂ ਸਾਫ ਤੇ ਸਮਝ ਆਉਣ ਵਾਲਾ ਹੈ ਜੋ

'ਰੱਬ' ਬਾਰੇ ਇਕ ਸੋਚਵਾਨ ਪ੍ਰਾਣੀ, ਬਗੈਰ ਦਿਮਾਗ, ਬਗੈਰ ਦਿੱਡ ਅਤੇ ਜੋ ਕਿ ਸਥਾਈ ਰੂਪ ਵਿਚ ਚਿੰਤਨ ਕਰ ਸਕਦਾ ਹੈ, ਜਿਸਦਾ ਅਧਿਆਤਮਕ ਢਾਂਚਾ ਬਹੁਤ ਵੱਡਾ ਹੈ ਤੇ ਜਿਸਦੀਆਂ ਹੱਡੀਆਂ ਸ਼ਾਇਦ ਸੂਨਯ ਜਾਂ ਈਥਰ ਦੀਆਂ ਬਣੀਆਂ ਹੋਈਆਂ ਹਨ, ਦੇ ਵਜੂਦ ਵਿਚ ਹੋਣ ਦੀ ਸਿਖਿਆ ਦਿੰਦਾ ਹੈ।

ਆਸਤਿਕ ਦੀਆਂ ਸਾਰੀਆਂ ਖੁਲ੍ਹੀਆਂ ਦਲੀਲਾਂ ਇਸ ਇਕ ਨਿਰਸੰਦੇਹ ਤੱਥ ਜਿਸ ਤੋਂ ਛੁਟਕਾਰਾ ਨਹੀਂ ਹੋ ਸਕਦਾ, ਦੇ ਸਾਹਮਣੇ ਢਹਿ ਢੇਰੀ ਹੋ ਜਾਂਦੀਆਂ ਹਨ। ਉਹ ਤੱਥ ਹੈ ਕਿ ਮੈਂ ਐਸੇ ਪ੍ਰਾਣੀ ਦੀ ਕਲਪਨਾ ਕਰਨੀ ਅਸੰਭਵ ਸਮਝਦਾ ਹਾਂ ਜੋ 'ਧਰਤੀ ਤੋਂ ਲੈ ਕੇ ਆਕਾਸ਼ ਤੱਕ ਗੈਸਾਂ ਅਤੇ ਤਾਰਾ ਮੰਡਲ ਨਾਲ ਬਣੇ ਚਮਕੀਲੇ ਦ੍ਰਿਸ਼ ਤੋਂ ਵੀ ਪਰੇ ਚੌਫਾਲ ਫ਼ੈਲਿਆ ਪਿਆ ਹੈ, ਜੋ ਕਿ ਕੋਈ ਵੀ ਗੱਲਬਾਤ ਕੰਨਾਂ ਤੋਂ ਬਗੈਰ ਸੁਣ ਸਕਦਾ ਹੈ, ਅੱਖਾਂ ਤੋਂ ਬਗੈਰ ਦੇਖ ਸਕਦਾ ਹੈ, ਰੋਟੀ ਪਾਣੀ ਤੋਂ ਬਗੈਰ ਕੰਮ ਕਰ ਸਕਦਾ ਹੈ, ਹੱਥਾਂ ਅਤੇ ਸੰਦਾਂ ਤੋਂ ਬਗੈਰ ਚੀਜ਼ਾਂ ਬਣਾ ਸਕਦਾ ਹੈ, ਸਿਰ ਅਤੇ ਉਸਦੇ ਅੰਦਰਲੇ ਦਿਮਾਗ ਤੋਂ ਬਗੈਰ ਹੀ ਸੋਚ ਅਤੇ ਮਹਿਸੂਸ ਕਰ ਸਕਦਾ ਹੈ।' ਸੋ ਮੈਂ ਐਸੇ ਜ਼ਿੰਦਾ ਵਿਅਕਤੀ ਦੀ ਕਲਪਨਾ ਵੀ ਨਹੀਂ ਕਰ ਸਕਦਾ ਤੇ ਮੇਰੇ ਲਈ ਇਹ ਸਾਰੀ ਹੀ ਗੱਲਬਾਤ ਇਥੇ ਹੀ ਖ਼ਤਮ ਹੋ ਜਾਂਦੀ ਹੈ। ਮੈਂ ਜਿਤਨੀ ਮਰਜ਼ੀ ਕੋਸ਼ਿਸ਼ ਕਰਾਂ ਪਰ ਉਸਨੂੰ ਦ੍ਰਿਸ਼ਟੀ ਗੋਚਰ ਨਹੀਂ ਕਰ ਸਕਦਾ। ਮੈਂ ਕੀ ਕਰਾਂ? ਮੇਰਾ ਸਵਾਲ ਹੈ 'ਉਹ ਕਿੱਥੇ ਹੈ?' 'ਉਹ ਕੰਮ ਕਿਵੇਂ ਕਰਦਾ ਹੈ?' 'ਉਹ ਕੁੱਝ ਮਨੁੱਖੀ ਕੰਮ ਕਿਵੇਂ ਕਰ ਸਕਦਾ ਹੈ ਤੇ ਉਹ ਮਨੁੱਖੀ ਸਰੀਰ ਤੋਂ ਬਿਨਾਂ ਮਨੁੱਖ ਦੀ ਮਾਨਸਿਕਤਾ ਕਿਵੇਂ ਮਹਿਸੂਸ ਕਰ ਸਕਦਾ ਹੈ?' ਜੋ ਕੁੱਝ ਮੇਰੀ ਸਮਝ ਤੋਂ ਬਾਹਰ ਹੈ ਮੈਂ ਉਸਦਾ ਯਕੀਨ ਨਹੀਂ ਕਰ ਸਕਦਾ। ਮੈਨੂੰ ਤਾਂ ਇਹ ਜਿੰਨਾਂ, ਭੂਤਾਂ, ਪ੍ਰੇਤਾਂ ਦੀ ਪਰੀ-ਕਹਾਣੀ ਲੱਗਦੀ ਹੈ। ਅਸਲ ਵਿਚ ਇਹ ਪੁਰਾਣਾ ਕਿੱਸਾ ਕਿ ਰੂਹਾਂ ਸਰੀਰ ਤੋਂ ਬਗੈਰ ਹੀ ਹਰ ਤਰ੍ਹਾਂ ਨਾਲ ਸਰੀਰ ਵਾਲਿਆਂ ਵਾਂਗ ਹੀ ਕੰਮ ਕਰਦੀਆਂ ਹਨ, ਆਸਤਿਕ ਲੋਕਾਂ ਨੇ ਹੀ ਦੁਨੀਆਂ ਭਰ ਵਿਚ ਵਧਾ ਚੜ੍ਹਾ ਕੇ ਫ਼ੈਲਾਇਆ ਹੈ। ਉਨ੍ਹਾਂ ਦਾ ਰੱਬ ਇਕ ਭੂਤ ਹੈ ਜੋ ਕਿ ਅਤਿ ਬਰੀਕ ਹੋ ਸਾਰੇ ਬ੍ਰਹਿਮੰਡ ਉਪਰ ਨਾਲ ਨਾਲ ਫ਼ੈਲਿਆ ਪਿਆ ਹੈ। ਬੱਚਿਆਂ ਦਾ ਭੂਤਾਂ ਵਿਚ ਯਕੀਨ ਹੁੰਦਾ ਹੈ ਤੇ ਉਹ ਬਾਲਗ ਜੋ ਬੱਚਿਆਂ ਵਾਲਾ ਦਿਮਾਗ ਰੱਖਦੇ ਹਨ, 'ਰੱਬ' ਵਿਚ ਯਕੀਨ ਰੱਖਦੇ ਹਨ। 'ਰੱਬ' ਸਿਰਫ਼ ਇਕ ਅੱਖਰ ਦਾ ਬੇਮਤਲਬ, ਸ਼ਰਾਰਤ ਭਰਿਆ ਸ਼ਬਦ ਹੈ ਅਤੇ ਇਸ ਤੋਂ ਵੱਧ ਕੁੱਝ ਵੀ ਨਹੀਂ।

ਆਸਤਿਕਵਾਦ ਦੇ ਹੱਕ ਵਿਚ ਜੋ ਗੈਰ-ਅਮਲੀ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਉਹ ਵਾਸਤਵ ਵਿਚ ਬਹੁਤ ਕਮਜ਼ੋਰ ਹਨ ਪਰ ਇਸ ਦੇ ਅਮਲੀ ਅਤੇ ਸਮਾਜਿਕ ਨਤੀਜੇ ਅਤਿਅੰਤ ਬੁਰੇ ਹਨ। ਵਹਿਮ-ਭਰਮ ਹਮੇਸ਼ਾਂ ਨੁਕਸਾਨ-ਦੇਹ ਹੁੰਦੇ ਹਨ ਅਤੇ ਇਨਸਾਨੀਅਤ ਲਈ ਇਹ ਰੂੜੀਵਾਦੀ ਮੱਤ ਸੱਚ ਮੁੱਚ ਹੀ ਤਕਲੀਫ਼ਾਂ ਅਤੇ ਅਨਰਥਾਂ ਦਾ ਭਰਿਆ ਹੋਇਆ ਹੈ। ਆਸਤਿਕਵਾਦ ਹੇਠ ਲਿਖੇ ਕਾਰਨਾਂ ਕਰਕੇ ਤਰੱਕੀ ਦੇ ਰਾਹ ਵਿਚ ਰੋੜਾ ਬਣਦਾ ਹੈ ਅਤੇ ਦੁਨੀਆਂ ਵਿਚ ਦੁੱਖ ਫੈਲਾਉਂਦਾ ਹੈ:

(1) ਆਸਤਿਕਵਾਦ ਵਿਗਿਆਨ ਦੀ ਤਰੱਕੀ ਨਾਪਸੰਦ ਕਰਦਾ ਹੈ ਅਤੇ ਉਸਦੀ ਵਿਰੋਧਤਾ ਕਰਦਾ ਹੈ। ਸਾਡਾ ਯਕੀਨ ਹੈ ਕਿ ਵਿਗਿਆਨ ਇਨਸਾਨੀਅਤ ਦਾ ਦੋਸਤ ਹੈ ਅਤੇ ਉਸਨੂੰ ਫਾਇਦਾ ਪਹੁੰਚਾਉਂਦਾ ਹੈ। ਪਰ ਇਕ ਸਦਾਚਾਰੀ ਆਸਤਿਕ, ਵਿਗਿਆਨ ਵੱਲ ਨੂੰ ਤਿਰਛੀ ਨਜ਼ਰ ਨਾਲ ਦੇਖਦਾ ਹੈ। ਉਸਦਾ ਝੁਕਾਅ ਕੁਦਰਤ ਨੂੰ ਗਹੁ ਨਾਲ ਦੇਖਣ ਅਤੇ ਨਵੇਂ ਤਜਰਬੇ ਕਰਨ ਵੱਲ ਨਹੀਂ ਹੁੰਦਾ। ਇਹ ਵਰਤਾਅ ਹੈਰਾਨੀਜਨਕ ਅਤੇ ਗੈਰ-ਯਥਾਰਥਵਾਦੀ ਪ੍ਰਤੀਤ ਹੋ ਸਕਦਾ ਹੈ ਕਿਉਂਕਿ ਆਸਤਿਕਵਾਦੀ ਇਸ ਗੱਲ ਉਪਰ ਜ਼ੋਰ ਪਾਉਂਦੇ ਹਨ ਕਿ ਕੁਦਰਤ 'ਰੱਬ' ਦਾ ਪ੍ਰਚਾਰ ਕਰਦੀ ਹੈ। ਪਰ ਅਸਲੀਅਤ ਇਹ ਹੈ ਕਿ ਕੁਦਰਤ ਬਾਰੇ ਛੋਟੇ ਤੋਂ ਛੋਟਾ ਵਿਸਥਾਰ ਪੂਰਵਕ ਅਧਿਐਨ ਹਮੇਸ਼ਾਂ, ਇਕ ਦਇਆਵਾਨ ਈਸ਼ਵਰ ਅਤੇ ਸਿਰਜਣਹਾਰ ਵਿਚ ਯਕੀਨ ਰੱਖਣ ਦੇ ਫਲਸਫ਼ੇ ਦੀ ਨੀਂਹ ਖੋਖਲੀ ਕਰਦਾ ਹੈ। ਵਿਗਿਆਨ ਕੁਦਰਤ ਦੇ ਅਵਿਅਕਤੀਗਤ ਅਤੇ ਅਡੋਲ ਨਿਯਮਾਂ ਦੇ ਹੋਣ ਉਪਰ ਜ਼ੋਰ ਦਿੰਦਾ ਹੈ ਜਦੋਂ ਕਿ ਆਸਤਿਕਵਾਦ ਇਹ ਦਾਅਵਾ ਕਰਦਾ ਹੈ ਕਿ ਕੁਦਰਤ ਵਿਚ ਅਤੇ ਕੁਦਰਤ ਤੋਂ ਉਪਰ ਕਿਸੇ ਜੀਵਿਤ ਵਿਅਕਤੀ ਦੇ ਵਿਚਾਰ ਅਤੇ ਮਰਜ਼ੀ ਕੰਮ ਕਰਦੀ ਹੈ। ਬੇਸਮਝ ਇਨਸਾਨ ਉਪਰ ਵੱਲ ਦੇਖਦਾ ਹੈ ਅਤੇ ਸ਼ਰਧਾ ਭਰੇ ਡਰ ਅਤੇ ਨਿਮਰਤਾ ਨਾਲ ਸੂਰਜ, ਤਾਰੇ ਅਤੇ ਉਨ੍ਹਾਂ ਦੇ ਬਣਾਉਣ ਵਾਲੇ ਦੀ ਪੂਜਾ ਕਰਨੀ ਸ਼ੁਰੂ ਕਰ ਦਿੰਦਾ ਹੈ। ਪਰ ਇਕ ਖਗੋਲ ਵਿਗਿਆਨੀ (ਤਾਰਾ-ਵਿਗਿਆਨੀ) ਜੋ ਆਕਾਸ਼ੀ ਵਸਤੂਆਂ ਦੀ ਹਿੱਲਜੁੱਲ ਨੂੰ ਦਿਨ ਰਾਤ ਧਿਆਨ ਨਾਲ ਦੇਖਦਾ ਹੈ, ਉਨ੍ਹਾਂ ਨੂੰ ਰੱਬ ਜਾਂ ਦੇਵਤੇ ਦੀ ਤਰ੍ਹਾਂ ਮੰਨਣਾਂ ਜਾਂ ਕਿਸੇ ਅਦਭੁਤ ਪੈਦਾ ਕਰਨ ਵਾਲੇ ਨੂੰ ਮੰਨਣਾ ਬੰਦ ਕਰ ਦਿੰਦਾ ਹੈ। ਉਸਦੇ ਵਾਸਤੇ ਉਹ ਸਿਰਫ਼ ਵਿਸ਼ਾਲ ਅੱਗ ਦੇ ਗੋਲੇ ਹਨ।

ਇਕ ਓਪਰੀ ਨਜ਼ਰ ਨਾਲ ਕੁਦਰਤ ਨੂੰ ਦੇਖਣ ਨਾਲ ਸ਼ਾਇਦ 'ਰੱਬ' ਦੀ ਹੋਂਦ ਦਾ ਵਹਿਮ ਹੋਵੇ ਪਰ ਲਗਾਤਾਰ ਅਤੇ ਧਿਆਨ ਨਾਲ ਅਧਿਐਨ ਕਰਨ ਨਾਲ ਹੌਲੀ ਹੌਲੀ ਹੀ ਸਹੀ ਪਰ ਜ਼ਰੂਰ ਹੀ ਮਨ ਤਰਕਵਾਦੀ ਬਣ ਜਾਂਦਾ ਹੈ। ਜਦੋਂ ਲੈਪਲੇਸੀ ਨੂੰ ਪੁੱਛਿਆ ਗਿਆ ਕਿ ਉਸਨੇ ਆਪਣੀ ਖਗੋਲ-ਵਿਗਿਆਨ ਸਬੰਧੀ ਕੀਤੀ ਕ੍ਰਿਤੀ ਵਿਚ ਕਿਧਰੇ ਵੀ 'ਰੱਬ' ਦੇ ਨਾਮ ਦਾ ਵਰਨਣ ਨਹੀਂ ਕੀਤਾ ਤਾਂ ਉਸਨੇ ਜਵਾਬ ਦਿੱਤਾ, 'ਮੈਨੂੰ ਉਸ ਕਲਪਿਤ ਨਿਰਆਧਾਰ ਅਨੁਮਾਨ ਦੀ ਕੋਈ ਜ਼ਰੂਰਤ ਨਹੀਂ ਪਈ।' ਆਸਤਿਕਵਾਦੀ ਇਮਾਨਦਾਰੀ ਨਾਲ ਇਹ ਯਕੀਨ ਰੱਖਦੇ ਹਨ ਕਿ ਸਮਾਜਿਕ ਨੈਤਿਕਤਾ ਅਤੇ ਅਧਿਆਤਮਕ ਪ੍ਰਣਾਲੀ ਲਈ ਰੱਬ ਵਿਚ ਵਿਸ਼ਵਾਸ਼ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦਾ ਖਿਆਲ ਹੈ ਕਿ ਨਾਸਤਿਕ ਇਨਸਾਨ ਇਕ ਨੇਕ ਇਨਸਾਨ ਨਹੀਂ ਹੋ ਸਕਦਾ। ਸੋ ਉਨ੍ਹਾਂ ਨੂੰ ਸਦਾਚਾਰ ਦੀ ਆਪਣੇ ਵਿਚਾਰਾਂ ਮੁਤਾਬਕ ਪੁਸ਼ਟੀ ਕਰਨੀ ਪਵੇਗੀ। ਜੇਕਰ ਵਿਗਿਆਨ ਨਾਸਤਿਕ ਲੋਕ ਪੈਦਾ ਕਰਦਾ ਹੈ ਅਤੇ ਨਾਸਤਿਕਵਾਦ ਨੈਤਿਕਤਾ ਨੂੰ ਨਸ਼ਟ ਕਰਦਾ ਹੈ ਤਾਂ ਆਸਤਿਕ ਲੋਕਾਂ ਦੇ ਵਿਚਾਰ ਮੁਤਾਬਕ ਵਿਗਿਆਨ ਇਕ ਖਤਰਾ ਹੈ ਅਤੇ ਇਸਦੀ ਕੋਈ ਜ਼ਰੂਰਤ ਨਹੀਂ ਹੈ। ਕੁਦਰਤੀ ਤੌਰ ਤੇ ਆਪਣੀ ਸਮਝ ਮੁਤਾਬਕ ਉਹ ਇਸ ਨੇਕੀ ਰਹਿਤ ਵਿਗਿਆਨ ਨਾਲੋਂ ਵਿਗਿਆਨ ਰਹਿਤ ਨੇਕੀ ਨੂੰ ਚੰਗਾ ਸਮਝਣਗੇ। ਇਸ ਵਿਰਲਾਪਯੋਗ ਗਲਤੀ ਦੀ ਵਜਹ ਨਾਲ ਮੱਧ ਕਾਲ ਵਿਚ ਯੂਰਪ ਅਤੇ ਮੁਸਲਿਮ ਦੇਸ਼ਾਂ ਵਿਚ ਵਿਗਿਆਨ ਦੇ ਅਧਿਐਨ ਨੂੰ ਰੋਕ ਦਿੱਤਾ ਗਿਆ। ਪਤਾ ਲੱਗਾ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਅਰਸਤੂ ਦੀਆਂ ਰਚਨਾਵਾਂ ਪੜ੍ਹੀਆਂ ਸਨ ਉਨ੍ਹਾਂ ਨੇ ਇਨ੍ਹਾਂ ਸਿਖਿਆਵਾਂ ਨੂੰ ਮੰਨ ਲਿਆ ਸੀ ਕਿ ਇਹ ਬ੍ਰਹਿਮੰਡ ਸਦੀਵੀ ਹੈ ਅਤੇ ਕਿਸੇ ਦਾ ਬਣਾਇਆ ਹੋਇਆ ਨਹੀਂ ਹੈ। ਕੈਥੋਲਿਕ ਚਰਚ ਅਤੇ ਮੁਸਲਿਮ ਰੂੜੀਵਾਦੀਆਂ, ਦੋਨਾਂ ਧਰਮਸ਼ਾਸਤਰੀਆਂ ਜਿਨ੍ਹਾਂ ਦਾ ਅੰਜੀਲ ਤੇ

ਕੁਰਾਨ ਦੀਆਂ ਰੂੜੀਮੱਤਾਂ ਤੇ ਵਿਸ਼ਵਾਸ਼ ਸੀ ਕਿ ਸੰਸਾਰ 'ਰੱਬ' ਨੇ ਬਣਾਇਆ ਹੈ, ਵੱਲੋਂ ਅਰਸਤੂ ਦੀ ਨਿਖੇਧੀ ਕੀਤੀ ਗਈ ਸੀ। ਵਿਗਿਆਨ ਦੇ ਅਧਿਅਨ ਨੇ ਲੋਕਾਂ ਦਾ ਯਕੀਨ ਕ੍ਰਿਸ਼ਮਿਆਂ ਤੋਂ ਵੀ ਉਠਾ ਦਿੱਤਾ ਜਿਨ੍ਹਾਂ ਦੇ ਹੋਣ ਤੇ ਆਸਤਿਕ ਆਦਾਰੇ ਜ਼ੋਰ ਦਿੰਦੇ ਸਨ। ਪ੍ਰੋਫ਼ੈਸਰ ਮੋਰੀਸ ਵੁਲਫ਼ ਕਹਿੰਦਾ ਹੈ, 'ਰੋਜ਼ਰ ਬੇਕਨ ਨੇ ਲਗਾਤਾਰ ਅਤੇ ਬੁਰੀ ਤਰ੍ਹਾਂ ਆਪਣੇ ਸਮਕਾਲੀ ਤਰਕਵਾਦੀਆਂ ਨੂੰ ਅਸਵੀਕਾਰ ਕੀਤਾ ਅਤੇ ਵਿਗਿਆਨਿਕ ਖੋਜਾਂ ਵੱਲ ਅਣਗਹਿਲੀ ਵਾਲਾ ਰਵੱਈਆ ਅਪਣਾਇਆ। ਰੋਮਨ ਕੈਥੋਲਿਕ ਪਾਦਰੀਆਂ ਨੇ ਆਪਣੇ ਆਪ ਨੂੰ ਵਿਗਿਆਨ ਦੀ ਤਰੱਕੀ ਤੋਂ ਅਲੱਗ ਰੱਖਿਆ।' ਡਾਕਟਰ ਟੀ. ਜੇ. ਬੋਇਰ ਲਿਖਦਾ ਹੈ, 'ਦੁਨੀਆਂ ਦੇ ਸਦੀਵੀਪਨ ਦਾ ਸਿਧਾਂਤ ਪੇਸ਼ ਕਰਨ ਤੇ ਅਰਸਤੂ ਨੂੰ ਖਤਰਨਾਕ ਠਹਿਰਾਇਆ ਗਿਆ ਅਤੇ ਇਸ ਵਜਹ ਕਰਕੇ 9ਵੀਂ ਅਤੇ 10ਵੀਂ ਸਦੀ ਦੇ ਮੁਸਲਿਮ ਧਰਮ-ਸ਼ਾਸਤਰੀਆਂ ਨੇ ਅਰਸਤੂ ਦੇ ਵਿਰੋਧ ਵਿਚ ਪ੍ਰਚਾਰ ਕੀਤਾ.....ਇਕ ਪੱਕੇ ਦਾਰਸ਼ਨਿਕ ਦੀ ਲਾਈਬ੍ਰੇਰੀ ਨੂੰ ਬਗਦਾਦ ਵਿਚ ਅੱਗ ਲਗਾ ਦਿੱਤੀ ਗਈ। ਇਕ ਧਰਮ ਪ੍ਰਚਾਰਕ ਨੇ ਇਬਨ-ਅਲ-ਹਾਥਮ ਦੀ ਖਗੋਲ ਸਬੰਧੀ ਪੁਸਤਕ ਅਗਨੀ ਭੇਂਟ ਕਰ ਦਿੱਤੀ।

ਸੋ ਇਹ ਗੱਲ ਸਾਫ ਹੈ ਕਿ ਆਸਤਿਕਵਾਦ ਅਤੇ ਵਿਗਿਆਨ ਦੇ ਵਿਚਕਾਰ ਇਕ ਲਗਾਤਾਰ, ਨਾ ਮੁੱਕਣ ਵਾਲਾ ਅਤੇ ਨਾ ਸੰਧੀ ਹੋ ਸਕਣ ਵਾਲਾ ਵਿਰੋਧ ਹੈ। ਇਨ੍ਹਾਂ ਦੀਆਂ ਸੁਰਾਂ ਦਾ ਮੇਲ ਨਹੀਂ ਹੋ ਸਕਦਾ। ਆਸਤਿਕਵਾਦੀ ਹਮੇਸ਼ਾਂ ਇਹ ਵਿਸ਼ਵਾਸ਼ ਰੱਖਣਗੇ ਕਿ ਰੱਬ ਵਿਚ ਯਕੀਨ ਰੱਖਣ ਤੋਂ ਬਗੈਰ ਨੈਤਿਕਤਾ ਸੰਭਵ ਨਹੀਂ ਹੈ ਅਤੇ ਉਹ ਵਿਗਿਆਨ ਨੂੰ ਅੱਖੋਂ ਪਰੋਖੇ ਕਰਨਗੇ ਅਤੇ ਇਸਨੂੰ ਸਮਾਜ ਵਿਰੋਧੀ ਤਾਕਤ ਗਰਦਾਨ ਕੇ ਇਸਦਾ ਵਿਰੋਧ ਕਰਨਗੇ। ਸੋ ਵਿਗਿਆਨ ਨੂੰ ਆਸਤਿਕਵਾਦ ਦੇ ਵਿਰੁੱਧ ਜੰਗ ਦੀ ਘੋਸ਼ਣਾ ਕਰ ਦੇਣੀ ਚਾਹੀਦੀ ਹੈ ਅਤੇ ਅੰਤ ਤੱਕ ਇਹ ਲੜਾਈ ਲੜਦੇ ਰਹਿਣਾ ਚਾਹੀਦਾ ਹੈ। ਇਕ ਪਾਸੇ ਵਿਗਿਆਨ ਮਨੁੱਖਤਾ ਨੂੰ ਜਿੱਤਾਂ ਅਤੇ ਸਫਲਤਾਵਾਂ ਦਿੰਦਾ ਹੈ ਅਤੇ ਦੂਸਰੇ ਪਾਸੇ 'ਰੱਬ' ਅਨਘੜਤ ਅਸ਼ੀਰਵਾਦ, ਬਖ਼ਸ਼ਸ਼ਾਂ-ਪ੍ਰਫੁੱਲਤਾਂਵਾਂ ਅਤੇ ਸ਼ਾਂਤੀ ਦਿੰਦਾ ਹੈ। ਆਸਤਿਕਵਾਦ ਗਰੀਬੀ, ਮਹਾਂ ਮਾਰੀ ਅਤੇ ਅਰਦਾਸਾਂ ਨਾਲ ਖੁਸ਼ ਹੁੰਦਾ ਹੈ। ਇਸ ਵਿਚੋਂ ਆਪਣੀ ਚੋਣ ਕਰ ਲਉ।

(2) ਆਸਤਿਕਵਾਦ ਇਹ ਮੰਨਦਾ ਹੈ ਕਿ ਕਿਸੇ ਖਾਸ ਧਰਮ ਦੇ ਨਿਯਮ ਅਤੇ ਆਦਰਸ਼ ਦੁਨੀਆਂ ਦੇ ਹਰ ਯੁੱਗ ਵਿਚ ਹਰ ਕੌਮ ਲਈ ਜਾਰੀ ਕੀਤੇ ਗਏ ਰੱਬੀ ਫਰਮਾਨ ਹਨ ਇਸ ਕਰਕੇ ਉਹ ਸਮਾਜ ਨੂੰ ਗਤੀਹੀਣਤਾ ਵਿਚ ਲੈ ਆਉਂਦਾ ਹੈ ਅਤੇ ਇਸਨੂੰ ਗਲਣ ਸੜ੍ਹਨ ਤੇ ਮਜ਼ਬੂਰ ਕਰ ਦਿੰਦਾ ਹੈ। ਇਸ ਤਰ੍ਹਾਂ ਸੱਤਾ-ਅਧਿਕਾਰ ਆਪਣੇ ਸੱਭ ਤੋਂ ਘਾਤਿਕ ਤੇ ਕਰੂਰ ਰੂਪ ਵਿਚ ਸਮਾਜ ਦੀ ਤਕਦੀਰ ਦਾ ਨਿਆਂ ਕਰਤਾ ਦੇ ਤੋਰ ਤੇ ਸਥਾਪਿਤ ਹੁੰਦਾ ਹੈ ਅਤੇ ਖੁਲ੍ਹੀ ਆਲੋਚਨਾ ਅਤੇ ਵਿਚਾਰ ਵਟਾਂਦਰਾ ਹਮੇਸ਼ਾਂ ਲਈ ਬੰਦ ਕਰ ਦਿੱਤੇ ਜਾਂਦੇ ਹਨ।

(3) ਵਿਗਿਆਨ ਮਨੁੱਖਤਾ ਨੂੰ ਜੋ ਲਾਹੇਵੰਦ ਚੀਜ਼ਾਂ ਬਖ਼ਸ਼ਦਾ ਹੈ, ਆਸਤਿਕਵਾਦ ਮਨੁੱਖਤਾ ਨੂੰ ਉਨ੍ਹਾਂ ਲਾਹੇਵੰਦ ਚੀਜ਼ਾਂ ਤੋਂ ਵਾਂਝਿਆਂ ਕਰ ਦਿੰਦਾ ਹੈ ਅਤੇ ਇਤਿਹਾਸ ਦੇ ਸਿੱਧੇ ਪਾਸੇ ਨੂੰ ਘੁੰਮ ਰਹੇ ਪਹੀਏ ਨੂੰ ਰੋਕ ਦਿੰਦਾ ਹੈ। ਕਿਤਨਾ ਅਥਾਹ ਨੁਕਸਾਨ ਹੈ! ਰੱਬ ਅੱਗੇ ਅਰਦਾਸਾਂ ਕਰਨੀਆਂ ਅਤੇ ਵਿਗਿਆਨ ਨੂੰ ਤੁੱਛ ਸਮਝਣ ਦੀ ਨੀਤੀ ਕਿਤਨੀ ਆਤਮਘਾਤੀ ਨੀਤੀ ਰਹੀ ਹੈ। ਮਨੁੱਖਤਾ ਨੂੰ ਇਸ ਭਾਰੀ ਗਲਤੀ ਦਾ ਬਹੁਤ ਵੱਡਾ ਮੁੱਲ ਚੁਕਾਉਣਾ ਪਵੇਗਾ। ਪਰ ਇਸ ਤੋਂ ਵੀ ਬੁਰੀ ਹੋਰ ਗੱਲ ਹੈ ਕਿ ਆਸਤਿਕਵਾਦ ਸਾਨੂੰ ਨਾ ਸਿਰਫ ਗਿਆਨ, ਸੰਜਮਤਾ, ਮਾਨਸਿਕ ਸੁਆਸਥ ਅਤੇ ਨਵੀਆਂ ਖੋਜਾਂ ਤੋਂ ਹੀ ਵਾਂਝਿਆ ਰੱਖਦਾ ਹੈ ਬਲਕਿ ਇਹ ਇਨਸਾਨਾਂ ਵਿਚ ਨਫ਼ਰਤ, ਅਸਹਿਮਤੀ, ਵਿਰੋਧ ਅਤੇ ਪਾੜੇ ਨੂੰ ਵੀ ਪੱਠੇ ਪਾਉਂਦਾ ਹੈ। ਇਹ ਇੱਕ ਬਹੁਤ ਵੱਡੀ ਸਮਾਜ ਵਿਰੋਧੀ ਤਾਕਤ ਹੈ। ਆਸਤਿਕ ਲੋਕ ਕਹਿੰਦੇ ਹਨ, 'ਪਿਆਰ ਹੀ ਰੱਬ ਹੈ।' ਇਹ ਉਨ੍ਹਾਂ ਦਾ ਖਿਆਲ ਹੈ ਪਰ ਅਸਲ ਵਿਚ ਆਪਣੇ ਅੰਤਰਵਿਆਪੀ (ਸੁਭਾਵਿਕ) ਤਰਕ ਦਾ ਸਦਕਾ ਇਸਨੇ ਜ਼ੁਲਮ ਅਤੇ ਮਾਰ ਵੱਢ ਹੀ ਪੈਦਾ ਕੀਤੀ ਹੈ ਅਤੇ ਕਰਦਾ ਰਹੇਗਾ।

ਆਸਤਿਕਵਾਦੀ ਅਦਾਰੇ ਬਹੁਤ ਹੀ ਅਸਹਿਣਸ਼ੀਲ ਅਤੇ ਜਨੂੰਨੀ ਹਨ। ਉਹ ਨਿਵੇਕਲੀ ਮੁਕਤੀ ਦਾ ਸਿਧਾਂਤ ਪੜ੍ਹਾਉਂਦੇ ਹਨ। ਇਨ੍ਹਾਂ ਦੇ ਧੋਖੇ ਦਾ ਸ਼ਿਕਾਰ ਹੋਏ ਲੋਕ ਇਹ ਵਿਸ਼ਵਾਸ਼ ਰੱਖਦੇ ਹਨ ਕਿ ਬਾਕੀ ਦੇ ਸੱਭ ਧਰਮਾਂ ਦੇ ਸ਼ਰਧਾਲੂਆਂ ਨੂੰ ਸਰਾਪ ਦਿੱਤਾ ਜਾਵੇਗਾ। ਉਹ ਨੈਤਿਕਤਾ ਦੇ ਦੋ ਕਿਸਮਾਂ ਦੇ ਨਿਯਮਾਂ ਦਾ ਸਮਰਥਨ ਕਰਦੇ ਹਨ। ਇਕ ਕਿਸਮ ਦੇ ਨਿਯਮ ਉਹ ਆਪਣੇ ਲਈ ਅਪਣਾਉਂਦੇ ਹਨ ਅਤੇ ਦੂਸਰੀ ਕਿਸਮ ਦੇ ਨਿਯਮ ਉਹ ਧਰਮ ਦੇ ਬਾਗ਼ੀਆਂ ਨਾਲ ਵਰਤਣ ਵੇਲੇ ਅਪਣਾਉਂਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਇਕ ਆਸਤਿਕ ਬੰਦਾ ਬਗੈਰ ਕਿਸੇ ਗੁਨਾਹ ਦਾ ਅਹਿਸਾਸ ਕੀਤੇ, ਧਰਮ ਤੋਂ ਬਾਗੀ ਬੰਦੇ ਨੂੰ ਧੋਖਾ ਦੇ ਸਕਦਾ ਹੈ ਜਾਂ ਕਤਲ ਕਰ ਸਕਦਾ ਹੈ। ਸਾਰੀ ਮਨੁੱਖ ਜਾਤੀ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਇਕ, ਜੋ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ, ਦੂਸਰੇ, ਜੋ ਰੱਬ ਵਿਚ ਵਿਸ਼ਵਾਸ਼ ਨਹੀਂ ਰੱਖਦੇ। ਜਿਹੜੇ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ ਉਹ ਮਰਨ ਤੋਂ ਬਾਅਦ ਸਵਰਗ ਵਿਚ ਇਕੱਠੇ ਹੋਣਗੇ ਤੇ ਜਿਹੜੇ ਰੱਬ ਵਿਚ ਵਿਸ਼ਵਾਸ਼ ਨਹੀਂ ਰੱਖਦੇ ਉਹ ਮਰਨ ਤੋਂ ਬਾਦ ਨਰਕ ਦਾ ਸੰਤਾਪ ਭੋਗਣਗੇ। ਜੇਕਰ ਜਨਮ ਤੋਂ ਤੁਹਾਨੂੰ ਇਹੀ ਸਿੱਖਿਆ ਮਿਲੀ ਹੈ ਤਾਂ ਤੁਹਾਨੂੰ ਇਸ ਸਮਾਜ-ਵਿਰੋਧੀ ਰੂੜੀਵਾਦ ਦਾ ਖੰਡਨ ਕਰਨਾ ਚਾਹੀਦਾ ਹੈ ਅਤੇ ਇਸਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਰੂੜੀਵਾਦ, ਜੋ ਤੁਹਾਡੇ ਆਲੇ ਦਵਾਲੇ ਦੇ ਲੋਕਾਂ ਵਿਚ ਨਫ਼ਰਤ ਅਤੇ ਤੰਗਦਿਲੀ ਫ਼ੈਲਾਉਂਦਾ ਹੈ। ਗੌਤਮ ਬੁੱਧ ਦੀ ਆਤਮ-ਕਥਾ ਪੜ੍ਹੋ ਕਿ ਉਸਨੇ ਦੂਸਰੇ ਧਰਮ ਦੇ ਆਗੂਆਂ ਅਤੇ ਸ਼ਰਧਾਲੂਆਂ ਨਾਲ ਕਿਸ ਤਰ੍ਹਾਂ ਦਾ ਵਰਤਾਅ ਕੀਤਾ। ਅਸ਼ੋਕ ਦੇ ਫ਼ਰਮਾਨ ਪੜ੍ਹੋ ਅਤੇ ਧਾਰਮਿਕ ਸਹਿਣਸ਼ੀਲਤਾ ਦੀ ਭਾਵਨਾ ਗ੍ਰਹਿਣ ਕਰੋ। ਬੁੱਧ-ਇਜ਼ਮ ਅਤੇ ਹਿੰਦੁਸਤਾਨ ਦਾ ਸਾਹਿਤ ਅਤੇ ਇਤਿਹਾਸ, ਇਸਲਾਮ ਅਤੇ ਕ੍ਰਿਸਚੀਐਨਟੀ ਵਿਚ ਰਸੀ ਹੋਈ ਤੇ ਨਾ ਖਤਮ ਹੋਣ ਵਾਲੀ ਜ਼ਹਿਰ ਦਾ ਇਕ ਬਹੁਤ ਵਧੀਆ ਜ਼ਹਿਰਮਾਰ ਹੈ।

ਆਸਤਿਕਵਾਦ ਨੇ ਕਿਤਨੇ ਹੀ ਯੁੱਧਾਂ ਅਤੇ ਅਤਿਆਚਾਰਾਂ ਨੂੰ ਭੜਕਾਇਆ ਹੈ। ਵੱਖਰੇ ਵੱਖਰੇ ਧਾਰਮਿਕ ਅਦਾਰਿਆਂ ਨੇ ਇਨਸਾਨੀਅਤ ਨਾਮ ਦਾ ਅਣਸੀਤਾ ਕਪੜਾ (ਜਾਮਾ) ਕਿਤਨੇ ਹੀ ਲਗਾਰਾਂ ਵਿਚ ਪਾੜ੍ਹ ਦਿੱਤਾ ਹੈ ਅਤੇ ਵਹਿਮਾਂ ਭਰਮਾਂ ਨਾਲ ਮਨੁੱਖਜਾਤੀ ਵਿਚ ਵੰਡਾਂ ਪਾ ਦਿੱਤੀਆਂ ਹਨ। ਕਈ ਦੇਵੀ ਦੇਵਤਿਆਂ ਵਿਚ ਯਕੀਨ ਰੱਖਣ ਨਾਲ ਇਨਸਾਨ ਅਕਸਰ ਇਕ ਦੂਸਰੇ ਪ੍ਰਤੀ ਜ਼ਾਲਿਮ ਬਣ ਜਾਂਦੇ ਹਨ। ਇਕ ਦੇਵੀ ਜਾਂ ਦੇਵਤੇ ਦੇ ਉਪਾਸ਼ਕ ਕਿਸੇ ਦੂਸਰੇ ਦੇਵੀ ਜਾਂ ਦੇਵਤੇ ਦੇ ਉਪਾਸ਼ਕਾਂ ਵੱਲੋਂ ਸ਼ਰੀਕ ਜਾਂ ਦੁਸ਼ਮਣ ਮੰਨੇ ਜਾਂਦੇ ਹਨ। ਕਈ ਕਬੀਲਿਆਂ ਦੇ ਦੇਵਤੇ ਜਿਵੇਂ ਯਾਹਵਾ, ਬਾਲ, ਇੰਦਰ, ਥੋਰ ਆਦਿ ਯੁੱਧ ਦਾ ਝੰਡਾ ਮੰਨੇ ਜਾਂਦੇ ਸਨ। ਪਰ ਪੁਰਾਣਾ ਬਹੁ-ਈਸ਼ਵਰਵਾਦ ਜਦੋਂ

ਈਸ਼ਵਰਵਾਦ ਜਦੋਂ ਆਪਣੇ ਅੰਤ ਉਪਰ ਵੀ ਸੀ ਤਦ ਵੀ ਉਸਨੇ ਇਤਨੇ ਮਤਭੇਦ ਤੇ ਅਤਿਆਚਾਰ ਉਤਪੰਨ ਨਹੀਂ ਕੀਤੇ ਜਿਤਨੇ ਅਜੋਕੇ ਅਤੇ ਮੱਧਕਾਲ ਦੇ ਇਕ-ਈਸ਼ਵਰਵਾਦ ਨੇ ਕੀਤੇ ਹਨ। ਇਕ-ਈਸ਼ਵਰਵਾਦ ਅਟਿੱਲਾ ਦੀ ਤਰ੍ਹਾਂ ਮਨੁੱਖ ਲਈ ਸਚਮੁੱਚ ਹੀ ਇਕ ਚਾਬੁਕ ਹੈ। ਇਹ ਉਹ ਮਨਹੂਸ ਦਰਖਤ ਹੈ ਜਿਸਦੀ ਜਿੱਥੇ ਜਿੱਥੇ ਵੀ ਇਸ ਦੀ ਛਾਂ ਹੋਈ ਹੈ ਉੱਥੇ ਉੱਥੇ ਸ਼ਾਂਤੀ ਅਤੇ ਮਿੱਤਰਤਾ ਦਾ ਨਾਸ ਹੋਇਆ ਹੈ। ਜੇਕਰ ਇਕ ਜਗ੍ਹਾ ਦੇ ਸਾਰੇ ਪੁਰਾਣੇ ਦੇਵਤੇ ਇਕ ਜਗ੍ਹਾ ਇਕੱਠੇ ਕਰਕੇ ਕਿ ਸਰਬਸ਼ਕਤੀਮਾਨ ਤੇ ਸਰਬਸ੍ਰੇਸ਼ਟ ਦੇਵਤਾ ਬਣਾ ਦਿੱਤਾ ਜਾਵੇ ਤਾਂ ਸੱਭ ਪੁਰਾਣੇ ਸੰਪਰਦਾਇਆਂ ਵਿਚ ਅਸਹਿਣਸ਼ੀਲਤਾ ਅਤੇ ਜੰਗਲੀਪਨ ਹਜ਼ਾਰਾਂ ਲੱਖਾਂ ਗੁਣਾਂ ਵੱਧ ਜਾਵੇਗਾ। ਫਿਰ ਯਹੂਦੀਆਂ, ਮੁਸਲਮਾਨਾਂ ਅਤੇ ਈਸਾਈਆਂ ਦੇ ਬੇਤਰਤੀਬੇ, ਬੌਂਦਲੇ ਹੋਏ, ਅਨਪੜ੍ਹ, ਅਵਤਾਰਾਂ ਅਤੇ ਧਰਮਸ਼ਾਸਤਰੀਆਂ ਦੇ ਮਨਾਂ ਵਿਚ 'ਇਕ ਅਤੇ ਸਿਰਫ਼ ਇਕ ਹੀ ਰੱਬ' ਦਾ ਵਿਚਾਰ ਪ੍ਰਗਟ ਹੋਵੇਗਾ। ਇਹ 'ਰੱਬ' ਕੁਦਰਤ ਬਾਰੇ ਅਗਿਆਨਤਾ ਅਤੇ ਰਾਜਨੀਤਿਕ ਧੱਕੇਸ਼ਾਹੀ ਦੇ ਮੇਲ ਤੋਂ ਬਣਿਆ ਹੋਇਆ ਕਿ ਕਰੂਪ ਰਾਖ਼ਸ਼ ਹੈ। ਇਹ ਸੀਰੀਆ, ਬੈਬੀਲੋਨੀਆਂ ਅਤੇ ਈਰਾਨ ਦੇ ਸਨਕੀ ਤੇ ਜਾਬਰ ਹੁਕਮਰਾਨਾਂ ਦਾ ਵਿਸਤ੍ਰਿਤ (ਵਿਸ਼ਾਲ ਕੀਤਾ ਗਿਆ) ਰੂਪ ਹੈ। ਇਹ 'ਰੱਬ' ਸੱਭ ਕਾਨੂੰਨਾਂ ਅਤੇ ਨੈਤਿਕਤਾਵਾਂ ਤੋਂ ਉੱਤਮ ਹੋਣਾ ਚਾਹੀਦਾ ਹੈ: ਇਹ ਧੱਕੇਸ਼ਾਹ, ਨਿਰਦਈ, ਹੈਂਸਿਆਰਾ, ਸਿਰਜਣਹਾਰ ਅਤੇ ਮੇਸਣਹਾਰ ਹੈ। ਇਹ ਕਿਸੇ ਬੇਲਗਾਮ ਮਨੁੱਖੀ ਤਾਕਤ ਦਾ ਦੈਵੀਕਰਣ ਕੀਤਾ ਗਿਆ ਰੂਪ ਹੈ। ਉਹ ਵਾਸਤਵ ਵਿਚ ਦਇਆਵਾਨ ਅਤੇ ਰਹਿਮ ਦਿਲ ਹੋਣਾ ਚਾਹੀਦਾ ਹੈ ਪਰ ਉਸਦੀ ਦਇਆ ਅਤੇ ਰਹਿਮ ਦਿਲੀ ਭੁਚਾਲਾਂ, ਤੂਫ਼ਾਨਾਂ ਅਤੇ ਮਹਾਂਮਾਰੀਆਂ ਤੋਂ ਪ੍ਰਗਟ ਹੁੰਦੀ ਹੈ ਜੋ ਕਿ ਭੁੱਖੇ ਜੰਗਲੀ ਜਾਨਵਰਾਂ ਦੇ ਜ਼ੁਲਮਾਂ ਤੋਂ ਵੀ ਵੱਧ ਭਿਅੰਕਰ ਹਨ

ਆਕਾਸ਼ ਵਿਚ ਇਕ ਧੱਕੇਸ਼ਾਹ ਤਾਕਤ ਮੌਜੂਦ ਹੋਣ ਦੇ ਖਿਆਲ ਨੇ ਇਕ-ਈਸ਼ਵਰਵਾਦੀ ਅਦਾਰਿਆਂ ਅਤੇ ਫ਼ਿਰਕਿਆਂ ਵਿਚ ਡੂੰਘੀ ਅਤੇ ਨਾ ਘੱਟ ਸਕਣ ਵਾਲੀ ਅਸਹਿਣਸ਼ੀਲਤਾ ਪੈਦਾ ਕਰ ਦਿੱਤੀ ਹੈ। ਇਨ੍ਹਾਂ ਬਹਿਕੇ ਹੋਏ ਸ਼ਰਧਾਲੂਆਂ ਦਾ ਸਦਕਾ ਕਿਤਨੀ ਵਾਰੀ ਲਹੂ ਨਾਲ ਗੜੁੱਚ ਹੋ ਚੁੱਕੀ ਹੈ। ਇਨ੍ਹਾਂ ਬਹੁ-ਈਸ਼ਵਰਵਾਦੀ ਜੋ ਸਬੱਬੀ ਤੌਰ ਤੇ ਇਕ ਨਵੇਂ ਸਰਬ ਸ੍ਰੇਸ਼ਟ ਰੱਬ ਦੀ ਬਜਾਏ ਅਣਗਿਣਤ ਪੁਰਾਣੇ ਦੇਵਤਿਆਂ ਵਿਚ ਵਿਸ਼ਵਾਸ਼ ਰੱਖਦੇ ਹਨ, ਨੂੰ ਸਾਰੇ ਆਸਤਿਕਵਾਦੀ ਲੋਕ ਨਫ਼ਰਤ ਕਰਦੇ ਹਨ ਅਤੇ ਨੀਵਾਂ ਦਿਖਾਉਂਦੇ ਹਨ। ਇਸਲਾਮੀ ਲੋਕਾਂ, ਜੋ ਇੱਕ ਰੱਬ ਵਿਚ ਵਿਸ਼ਵਾਸ਼ ਰੱਖਦੇ ਹਨ, ਨੇ ਈਰਾਨ, ਭਾਰਤ ਅਤੇ ਚੀਨ ਵਿਚ ਬਹੁ-ਈਸ਼ਵਰਵਾਦੀਆਂ ਅਤੇ ਕਾਫ਼ਿਰਾਂ ਨੂੰ ਅੱਲ੍ਹਾ ਦੇ ਨਾਮ ਤੇ ਬੜੇ ਗੌਰਵ ਨਾਲ ਲੁੱਟਿਆ ਅਤੇ ਕਤਲ ਕੀਤਾ ਹੈ। ਉਹਨਾਂ ਅਨੁਸਾਰ ਇਕ ਪੱਕੇ ਈਸ਼ਵਰਵਾਦੀ ਨੂੰ ਇਕ ਸਰਬ ਈਸ਼ਵਰ-ਵਾਦੀ ਜਾਂ ਇਕ ਨਾਸਤਿਕ ਜੋ ਕਿਸੇ ਵੀ ਰੱਬ ਵਿਚ ਵਿਸ਼ਵਾਸ਼ ਨਹੀਂ ਰੱਖਦਾ, ਨੂੰ ਜ਼ਰੂਰ ਕੁੱਟਣਾ ਅਤੇ ਮਾਰਨਾ ਚਾਹੀਦਾ ਹੈ। ਕੁਰਾਨ ਵਿਚ ਲਿਖਿਆ ਹੈ, 'ਹੇ ਰੱਬ ਦੇ ਸੱਚੇ ਸ਼ਰਧਾਲੂਓ! ਤੁਹਾਡੇ ਆਲੇ ਦਵਾਲੇ ਜੋ ਵੀ ਕੋਈ ਆਪਣੇ ਧਰਮ ਤੋਂ ਬਾਗ਼ੀ ਨਜ਼ਰ ਆਉਂਦਾ ਹੈ, ਉਸ ਨਾਲ ਲੜੋ ਅਤੇ ਅਤਿ ਸਖ਼ਤੀ ਨਾਲ ਪੇਸ਼ ਆਉ। ਜੇਕਰ ਤੁਸੀਂ ਗਿਣਤੀ ਵਿਚ ਇਕ ਹਜ਼ਾਰ ਹੋ ਤਾਂ ਰੱਬ ਦੀ ਕ੍ਰਿਪਾ ਦਾ ਸਦਕਾ ਤੁਸੀਂ ਦੋ ਹਜ਼ਾਰ ਬਾਗ਼ੀਆਂ ਉਪਰ ਕਾਬੂ ਪਾ ਸਕਦੇ ਹੋ, ਕਿਉਂਕਿ 'ਰੱਬ' ਹਮੇਸ਼ਾਂ ਉਨ੍ਹਾਂ ਦੇ ਨਾਲ ਰਹਿੰਦਾ ਹੈ ਜੋ ਇਸਨੂੰ ਸਹੀ ਸਲਾਮਤ ਮੰਨਦੇ ਹਨ।

ਜੋ ਲੋਕ ਇਨ੍ਹਾਂ ਇਕ ਈਸ਼ਵਰਵਾਦ ਦੇ ਵਹਿਮਾਂ ਭਰਮਾਂ ਨੂੰ ਮੰਨਣ ਵਾਲੇ ਕਮਲੇ ਲੋਕਾਂ ਦੇ ਅੱਡਿਠ, ਮਨਘੜਤ, ਜੜ੍ਹ-ਪੂਜਾ, ਜਾਦੂ ਟੂਣੇ ਆਦਿ ਦੇ ਸਾਹਮਣੇ ਸਿਰ ਨਹੀਂ ਝੁਕਾਉਂਦੇ ਇਹ ਉਨ੍ਹਾਂ ਦੇ ਖਿਲਾਫ਼ ਨਫ਼ਰਤ ਅਤੇ ਜੰਗਲੀਪਣ ਨਾਲ ਅੱਗ ਬਗੂਲਾ ਹੋ ਜਾਂਦੇ ਹਨ। ਇਸ ਤੋਂ ਭੈੜੀ ਇਕ ਹੋਰ ਗੱਲ ਹੈ ਕਿ ਇਹ ਪਵਿੱਤਰ ਇਕ-ਈਸ਼ਵਰਵਾਦੀਏ ਬਹੁ-ਈਸ਼ਵਰਵਾਦੀਆਂ, ਸਰਬ-ਈਸ਼ਵਰਵਾਦੀਆਂ ਅਤੇ ਨਾਸਤਿਕਾਂ ਨਾਲ ਲੜ ਲੈਣ ਤੋਂ ਬਾਅਦ ਆਪਣੇ ਆਪਣੇ ਰੱਬ ਦੀ ਮਹਿਮਾਂ ਦੇ ਉਤਸ਼ਾਹ ਨਾਲ ਆਪਸ ਵਿਚ ਇਕ ਦੂਸਰੇ ਨਾਲ ਲੜਦੇ ਹਨ। ਮੁਸਲਿਮ ਲੋਕ ਸੋਚਦੇ ਹਨ ਕਿ ਈਸਾਈ ਲੋਕ ਠੀਕ ਤਰੀਕੇ ਨਾਲ ਰੱਬ ਦੀ ਪੂਜਾ ਨਹੀਂ ਕਰਦੇ ਅਤੇ ਈਸਾਈ ਲੋਕਾਂ ਦਾ ਯਕੀਨ ਹੈ ਕਿ ਮੁਸਲਮਾਨਾਂ ਦਾ ਰੱਬ ਪੂਜਣਯੋਗ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਦੋਨਾਂ ਫ਼ਿਰਕਿਆਂ ਵਿਚਕਾਰ ਇਕ ਸਥਾਈ ਤੌਰ ਤੇ ਰਹਿਣ ਵਾਲਾ ਹਿੰਸਕ ਬਖੇੜਾ ਪਿਆ ਹੋਇਆ ਹੈ। 'ਇਕ ਸਾਡਾ ਰੱਬ ਹੀ ਰੱਬ ਹੈ ਕੋਈ ਹੋਰ ਨਹੀਂ' ਦਾ ਸਿਧਾਂਤ ਲਾਜ਼ਮੀ ਤੌਰ ਤੇ ਅਸਹਿਣਸ਼ੀਲਤਾ ਪੈਦਾ ਕਰਦਾ ਹੈ ਕਿਉਂਕਿ ਇਸ ਸਿਧਾਂਤ ਦਾ ਮਤਲਬ ਹੈ ਕਿ ਆਕਾਸ਼ਬਾਣੀ (ਇਲਹਾਮ) ਦਾ ਇਕੋ ਹੀ ਗ੍ਰੰਥ ਹੋਣਾ ਚਾਹੀਦਾ ਹੈ ਅਤੇ ਇਕੋ ਇਕ ਹੀ ਮਨਜ਼ੂਰਸ਼ੁਦਾ ਅਵਤਾਰ ਹੋਣਾ ਚਾਹੀਦਾ ਹੈ ਜੋ ਕਿ ਲਗਾਤਾਰ ਅਣਡਿੱਠੇ 'ਰੱਬ' ਨਾਲ ਤਾਲਮੇਲ ਬਣਾਕੇ ਰੱਖਦਾ ਹੈ। ਜੇਕਰ ਕੋਈ ਹੋਰ ਆਦਮੀ ਆਪਣੇ ਆਪ ਨੂੰ ਰੱਬੀ ਅਵਤਾਰ ਅਖਵਾਉਂਦਾ ਹੈ ਤਾਂ ਉਹ ਜ਼ਰੂਰ ਪੱਕਾ ਪਖੰਡੀ ਹੈ ਕਿਉਂਕਿ ਰੱਬ ਇਕ ਵਕਤ ਉਪਰ ਸਿਰਫ਼ ਇਕ ਹੀ ਦੂਤ ਭੇਜ ਸਕਦਾ ਹੈ ਕਿਉਂਕਿ ਇਹ ਸਾਰਾ ਸਿਲਸਿਲਾ ਹੀ ਸਿੱਧੀ ਰੱਬੀ ਬਾਣੀ (ਆਕਾਸ਼ਬਾਣੀ) ਉਪਰ ਅਧਾਰਿਤ ਹੈ ਨਾ ਕਿ ਮਨੁੱਖੀ ਜ਼ਮੀਰ ਜਾਂ ਮਨੁੱਖੀ ਦਲੀਲ ਉਪਰ। ਇਸ ਲਈ ਹਰ ਕਿਸੇ ਨੂੰ ਹਰ ਮੌਕੇ, ਹਰ ਗੱਲਬਾਤ ਵਿਚ ਇਸ ਅਲਹਿਦਾ ਰੱਬੀ ਬਾਣੀ ਨੂੰ ਹੀ ਮਨਜ਼ੂਰਸ਼ੁਦਾ ਸਿੱਖਿਆ ਮੰਨਣਾ ਚਾਹੀਦਾ ਹੈ ਅਤੇ ਹਰ ਮੌਕੇ ਤੇ ਹਰ ਗੱਲਬਾਤ ਵਿਚ ਰੱਬੀ ਅਵਤਾਰ ਦੀਆਂ ਅਗੰਮੀ ਗੱਲਾਂ ਵਿਚ ਅੰਨਾ ਵਿਸ਼ਵਾਸ਼ ਰੱਖ ਕੇ ਚਲਣਾ ਚਾਹੀਦਾ ਹੈ। ਇਸ ਵੇਲੇ ਕਿਤਨੇ ਹੀ ਰੱਬੀ ਅਵਤਾਰ ਇਕ ਦੂਸਰੇ ਵਿਰੋਧੀ ਆਕਾਸ਼ਬਾਣੀਆਂ ਲੈ ਕੇ ਮੁਕਾਬਲੇ ਵਿਚ ਨਿਤਰੇ ਹੋਏ ਹਨ ਜਿਵੇਂ ਮੂਸਾ, ਯਿਸੂ, ਮੁਹੰਮਦ ਅਤੇ ਬਾਗ ਉਲਾਹ। ਇਨ੍ਹਾਂ ਤੋਂ ਕੁੱਝ ਕੁ ਘੱਟ ਰਸੂਖ ਵਾਲੇ ਜਿਵੇਂ ਮਾਰਵ ਬੇਕਰ ਐਡੀ, ਜੋਸਫ਼ ਸਮਿੱਥ, ਫਰੇਟਾਗ ਅਤੇ ਹੋਰ ਇਨ੍ਹਾਂ ਤੋਂ ਘੱਟ ਰਸੂਖ ਵਾਲੇ ਆਦਿ। ਇਨ੍ਹਾਂ ਵਿਚੋਂ ਹਰ ਇਕ ਹੀ ਆਪਣੇ ਆਪ ਨੂੰ ਅਸਲੀ ਅਵਤਾਰ ਕਹਾਉਂਦਾ ਹੈ ਜਿਸਨੂੰ ਕਿ 'ਰੱਬ' ਨੇ ਸਾਰੇ ਦਾ ਸਾਰਾ ਸੱਚਾ ਕਿੱਸਾ ਜ਼ਾਹਿਰ ਕੀਤਾ ਹੈ। ਇਨ੍ਹਾਂ ਫ਼ਿਰਕਿਆਂ ਦੇ ਪਾਦਰੀਆਂ, ਪ੍ਰੋਹਿਤਾਂ, ਮੁਲਾਣਿਆਂ ਆਦਿ ਨੂੰ ਆਪਣੇ ਆਪਣੇ ਨਿਰਾਲੇ ਅਤੇ ਸੱਭ ਨਿਗਲ ਜਾਣ ਵਾਲੇ ਦੇਵਤਿਆਂ ਅਤੇ ਕਦੀ ਨਾ ਗਲਤ ਹੋ ਸਕਣ ਵਾਲੇ ਆਪਣੇ ਆਪਣੇ ਧਾਰਮਿਕ ਗ੍ਰੰਥਾਂ ਨੂੰ ਸੱਭ ਤੋਂ ਮਹਾਨ ਸਿੱਧ ਕਰਨ ਲਈ ਹਮੇਸ਼ਾਂ ਇਕ ਦੂਸਰੇ ਨਾਲ ਤਲਵਾਰ ਅਤੇ ਕਲਮ ਦੋਹਾਂ ਨਾਲ ਲੜਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਧਰਮ ਯੁੱਧਾਂ ਦੀ ਲਹੂ ਭਰੀ ਦਾਸਤਾਨ ਜਿਸ ਵਿਚ ਕਿ ਸੈਂਟ ਲੂਇਸ ਵਰਗੇ ਪਵਿੱਤਰ ਬੰਦੇ ਵੀ ਹਤਿਆਰੇ ਅਤੇ ਲੜਾਕੇ ਬਣ ਕੇ ਪੇਸ਼ ਹੁੰਦੇ ਹਨ, ਸਾਡੇ ਸਾਰਿਆਂ ਲਈ ਤਾੜਨਾ ਹੈ ਕਿਉਂਕਿ ਇਹ ਚੀਜ਼ ਇਕ-ਈਸ਼ਵਰਵਾਦ ਦੇ ਖ਼ੂਨ ਦੇ ਪਿਆਸੇ ਵਿਸ਼ਵਾਸ਼ਾਂ ਦੀ

ਬਹਾਦਰੀ ਭਰੀ ਸ਼ੁਰੂਆਤ ਬਾਅਦ ਨਾ ਰੋਕੇ ਜਾ ਸਕਣ ਵਾਲੇ ਨਤੀਜਿਆਂ ਦਾ ਪ੍ਰਗਟਾਵਾ ਕਰਦੀ ਹੈ। ਭਾਰਤ ਅਤੇ ਯੂਨਾਨ ਦੇ ਦਾਰਸ਼ਨਿਕਾਂ ਨੇ ਅਲੱਗ ਅਲੱਗ ਸਿਧਾਂਤ ਪੜ੍ਹਾਏ ਪਰ ਉਹ ਦਾਰਸ਼ਨਿਕ ਦੋਸਤੀ ਤੇ ਸ਼ਾਂਤੀ ਪੂਰਵਕ ਵਾਤਾਵਰਣ ਵਿਚ ਇਕੱਠੇ ਹੋ ਕੇ ਇਕ ਸਾਂਝੇ ਆਸ਼ੇ ਦੀ ਪੂਰਤੀ ਲਈ ਕੰਮ ਕਰ ਸਕਦੇ ਸਨ। ਮੁਸਲਿਮ ਮੌਲਾਣੇ ਅਤੇ ਈਸਾਈ ਮਿਸ਼ਨਰੀ ਜੇਕਰ ਇਕ ਦੂਸਰੇ ਨੂੰ ਵੱਢ ਨਾ ਸਕਣ ਤਾਂ ਘੱਟੋ ਘੱਟ ਇਕ ਦੂਸਰੇ ਉਪਰ ਭੌਂਕਦੇ ਜ਼ਰੂਰ ਹਨ। ਆਸਤਿਕਵਾਦ ਦੇ ਤਰਕ ਦੀ ਇਕ ਵਹਿਸ਼ਿਆਨਾ ਜ਼ਰੂਰਤ ਸਦਕਾ ਈਸਾਈ ਫ਼ਿਰਕੇ ਨੂੰ ਮੁਸਲਮਾਨ ਫ਼ਿਰਕੇ ਉਪਰ ਲਾਜ਼ਮੀ ਹਮਲਾ ਕਰਨਾ ਚਾਹੀਦਾ ਹੈ।

ਜਿਸ ਤਰ੍ਹਾਂ ਇਕ ਰਾਜ ਵਿਚ ਦੋ ਰਾਜੇ ਨਹੀਂ ਰਹਿ ਸਕਦੇ ਇਸੇ ਤਰ੍ਹਾਂ ਦੋ ਮਹਾਨ ਅਵਤਾਰ ਇਕੱਠੇ ਇਸ ਦੁਨੀਆਂ ਵਿਚ ਨਹੀਂ ਰਹਿ ਸਕਦੇ। ਪਰ ਇਸ ਤਹਿ ਤੋਂ ਹੇਠਾਂ ਵੀ ਇਕ ਤਹਿ ਹੈ। ਇਕ ਹੀ ਅਵਤਾਰ ਦੇ ਚੇਲੇ ਵੀ ਆਪਸ ਵਿਚ ਲੜਨਾ ਸ਼ੁਰੂ ਕਰ ਦਿੰਦੇ ਹਨ ਕਿਉਂਕਿ ਉਹ ਉਸ ਅਵਤਾਰ ਦੀ ਬਾਣੀ ਦੇ ਇਕੋ ਜਿਹੇ ਜਾਂ ਇਕ ਦੂਸਰੇ ਨਾਲ ਮੇਲ ਖਾਂਦੇ ਅਰਥ ਨਹੀਂ ਕੱਢ ਸਕਦੇ। ਇਸ ਤਰ੍ਹਾਂ ਇਕੋ ਹੀ ਧਰਮ ਦੇ ਦੋ ਫ਼ਿਰਕਿਆਂ ਵਿਚ ਜੰਗ ਸ਼ੁਰੂ ਹੁੰਦੀ ਹੈ।

ਜਿਸ ਪ੍ਰਕਾਰ ਸਰਕਾਰ ਦੇ ਬਣਾਏ ਹੋਏ ਕਾਨੂੰਨਾਂ ਨੂੰ ਲਾਗੂ ਕਰਨ ਲਈ ਪੁਲਿਸ ਜਾਂ ਫ਼ੌਜ ਅਤੇ ਤਾਕਤ ਦੀ ਸਹਾਇਤਾ ਲਈ ਜਾਂਦੀ ਹੈ, ਉਸੇ ਤਰ੍ਹਾਂ ਆਸਤਿਕਵਾਦ ਦੁਨੀਆਂ ਵਿਚ ਇਕਸਾਰਤਾ ਲਿਆਉਣ ਲਈ ਤਾਕਤ ਦਾ ਸਹਾਰਾ ਲੈਂਦਾ ਹੈ। ਇਸਲਾਮ ਅਤੇ ਕ੍ਰਿਸਚੀਐਨਿਟੀ ਦੇ ਇਤਿਹਾਸ ਦੇ ਕੁੱਝ ਸਫ਼ੇ ਪਰਸਪਰ ਵਿਨਾਸ਼ਕਾਰੀ ਪਾੜੇ ਦੇ ਖੂਨ ਨਾਲ ਲਿਖੇ ਗਏ ਹਨ। ਕੱਟੜਪੰਥੀ ਕੈਥੋਲਿਕਾਂ ਨੇ ਈਸਾ ਤੋਂ ਪਹਿਲਾਂ ਦੇ ਧਰਮਾਂ ਨੂੰ ਮੰਨਣ ਵਾਲਿਆਂ ਉਪਰ ਘੋਰ ਅਤਿਆਚਾਰ ਕੀਤਾ। ਇਨ੍ਹਾਂ ਵਿਚ ਸਪੇਨ ਦੇ ਹੋਰ ਧਰਮਾਂ ਨੂੰ ਮੰਨਣ ਵਾਲੇ, ਮਿਸਰ ਦੀ ਬੰਦਰਗਾਹ ਐਲਗਜ਼ੈਂਡਰੀਆ ਦੇ ਇਕ ਗੈਰ ਕੈਥੋਲਿਕ ਫ਼ਿਰਕੇ ਦੇ ਲੋਕ, ਸਪੇਨ ਦੇ ਇਕ ਪੁਰੀਟਨ (ਪ੍ਰੋਟੈਸਟੈਂਟ) ਫ਼ਿਰਕੇ ਦੇ ਲੋਕ, ਪੋਲ ਦੇ ਚੇਲੇ, ਕਬਾਰੀ ਫ਼ਰਾਂਸਿਸ ਦੇ ਚੇਲੇ (ਮੌਂਕ), ਹੋਰ ਫਰਾਇਰ ਮੌਂਕ, ਚੈਕੋਸਲੋਵਾਕੀਆ ਦੇ ਹੱਸ ਦੇ ਚੇਲੇ ਜੋ ਕੈਥੋਲਿਕਾਂ ਦੇ ਵਿਰੁੱਧ ਸਨ, ਇੰਗਲੈਂਡ ਵਿਚ ਵਾਈਕਲਿਫ਼ ਦੇ ਚੇਲੇ ਜੋ ਪੋਪ ਉਪਰ ਕਿੰਤੂ ਕਰਦੇ ਸਨ, ਬੇਗਾਰਡ ਦੇ ਚੇਲੇ, ਪੈਟਰੋਬ੍ਰੂਸ਼ੀਆ ਦੇ ਚੇਲੇ, ਜਰਮਨ ਹੈਨਰਾਈਕ ਦੇ ਚੇਲੇ, ਇੰਗਲੈਂਡ ਦੇ ਆਰਨੋਲਡ ਫ਼ਿਰਕੇ ਦੇ ਲੋਕ, ਮਾਰਟਿਨ ਲੂਥਰ ਦੇ ਜਰਮਨ ਦੇ ਪ੍ਰੋਟੈਸਟੈਂਟ ਫ਼ਿਰਕੇ ਦੇ ਲੋਕ, ਸਵਿਟਜ਼ਰਲੈਂਡ ਦੇ ਪੁਰਿਟਨ ਫ਼ਿਰਕੇ ਦੇ ਲੋਕ ਅਤੇ ਹੋਰ ਕਈ ਈਸਾਈ ਫ਼ਿਰਕਿਆਂ ਦੇ ਲੋਕ ਸ਼ਾਮਿਲ ਹਨ। 63ਵੀਂ ਸਦੀ A.H. ਵਿਚ ਕੈਥੋਲਿਕਾਂ ਨੇ ਬੇਜ਼ਾਇਰ ਨਾਮ ਦੇ ਕਸਬੇ ਦੇ ਸਾਰੇ ਵਸਨੀਕਾਂ ਨੂੰ ਕਤਲ ਕਰ ਦਿੱਤਾ ਅਤੇ ਲਾਵਲ ਨਾਮ ਦੇ ਸ਼ਹਿਰ ਵਿਚ 400 ਦੇ ਕਰੀਬ ਕੈਥੋਲਿਕ ਧਰਮ ਤੋਂ ਮੁਨਕਰ ਹੋਏ ਲੋਕਾਂ ਨੂੰ ਇਕ ਦਿਨ ਵਿਚ ਹੀ ਇਕੱਠੇ ਜਲਾ ਦਿੱਤਾ। ਲੋਰਾਂਟੇ ਜੋ ਕਿ ਤਹਿਕੀਕਾਤ ਦਾ ਇਤਿਹਾਸ ਰੱਖਦਾ ਹੈ, ਦਾ ਅੰਦਾਜ਼ਾ ਹੈ ਕਿ 6478 A.H. ਤੋਂ ਲੈ ਕੇ 6808 A. H. ਦੇ ਦੌਰਾਨ ਸਪੇਨ ਵਿਚ 363000 ਤੋਂ ਵੀ ਵੱਧ ਬੰਦਿਆਂ ਨੂੰ ਮੌਤ ਜਾਂ ਹੋਰ ਸਜਾਵਾਂ ਦਿੱਤੀਆਂ ਗਈਆਂ।

ਇਹ ਤਾਂ ਰਹੀ ਕੈਥੋਲਿਕਾਂ ਦੀ ਗੱਲ। ਪਰ ਪ੍ਰੋਟੈਸਟੈਂਟਾਂ ਨੇ ਵੀ ਇੰਗਲੈਂਡ ਦੇ ਪੁਰੀਟਨ ਫ਼ਿਰਕੇ ਦੇ ਲੋਕਾਂ ਦਾ ਕਤਲੇਆਮ ਕੀਤਾ ਤਾਂ ਕਿ ਕੁਏਕਰਜ਼ (ਜੋ ਕਿ ਬਿੱਲਕੁਲ ਅਹਿੰਸਾ ਵਿਚ ਯਕੀਨ ਰੱਖਦੇ ਹਨ ਅਤੇ ਯੂਨੀਟੇਰੀਅਨਜ਼ (ਅਜੋਕਾ ਈਸਾਈ ਮੱਤ) ਨੂੰ ਦਬਾਇਆ ਜਾ ਸਕੇ। ਇਸ ਅਤਿਆਚਾਰ ਨੂੰ ਉਹ ਆਪਣੇ ਧਰਮ ਪ੍ਰਤੀ ਆਪਣੇ ਫ਼ਰਜ਼ ਦੀ ਪੂਰਤੀ ਸਮਝਦੇ ਸਨ। ਯੂਨਾਨ ਦੇ ਕੱਟੜਪੰਥੀਆਂ ਨੇ ਅਜੋਕੇ ਰਸ਼ੀਅਨ ਚਰਚ ਦੇ ਚੇਲਿਆਂ ਜਿਵੇਂ ਕਿ ਸੈਂਟਡਿਸਟਸ, ਡੂਕਹੋਬਰਜ਼, ਮੋਲਾਕਿਨੀ ਅਤੇ ਹੋਰ ਫ਼ਿਰਕੇ ਅਤੇ ਯੂਨਾਨ ਦੇ ਨੈਸਟੋਰੀਅਨ ਫ਼ਿਰਕੇ ਦੇ ਲੋਕਾਂ ਉਪਰ ਅਤਿਆਚਾਰ ਕੀਤੇ। ਇਕ ਮੁਸਲਮ ਪ੍ਰਚਾਰਕ ਜੋ ਕਿ ਮੁਲਾਣਿਆਂ ਨਾਲ ਮੱਤ ਭੇਦ ਰੱਖਦਾ ਸੀ ਨੂੰ ਕੁੱਝ ਸਾਲ ਪਹਿਲਾਂ ਅਫ਼ਗਾਨਿਸਤਾਨ ਵਿਚ, ਅੱਧੇ ਧੜ ਤੱਕ ਜ਼ਮੀਨ ਵਿਚ ਗੱਡ ਕੇ ਪੱਥਰ ਮਾਰ ਮਾਰ ਕੇ ਮਾਰ ਦਿੱਤਾ। ਲੂਸਰੀਸ਼ੀਅਸ ਨੇ ਅਜਿਹੇ ਅਤਿਆਚਾਰਾਂ ਨੂੰ ਰਹਿੰਦੀ ਦੁਨੀਆਂ ਤੱਕ ਰਹਿਣ ਵਾਲਾ ਕਲੰਕ ਆਖਿਆ ਹੈ। ਉਸਦਾ ਕਥਨ ਹੈ, 'ਧਰਮ ਕਿਤਨੀ ਬੁਰਾਈ ਦੀ ਹੱਦ ਤੱਕ ਉੱਭਰ ਸਕਦਾ ਹੈ।'

ਅਸਲ ਵਿਚ ਇਹ ਅਸਹਿਣਸ਼ੀਲਤਾ ਆਸਤਿਕਵਾਦ ਦੀ ਜ਼ਿੰਦਗੀ ਦੀ ਸਾਹ ਪ੍ਰਣਾਲੀ ਹੈ। ਇਹ ਪਵਿੱਤਰਤਾ ਦੇ ਸ਼ਰਧਾਲੂਆਂ ਦੇ ਮਨ ਦੋਸਤੀ ਅਤੇ ਪ੍ਰਵਾਰਿਕ ਪਿਆਰ ਵੱਲੋਂ ਮੋੜ ਦਿੰਦੀ ਹੈ। ਜੇਕਰ ਕੋਈ ਇਨਸਾਨ 'ਰੱਬ' ਜਾਂ ਕਿਸੇ ਖਾਸ 'ਰੱਬੀ ਬਾਣੀ' ਵਿਚ ਵਿਸ਼ਵਾਸ਼ ਨਹੀਂ ਰੱਖਦਾ ਤਾਂ ਉਸਦੇ ਮਾਂ ਬਾਪ ਅਤੇ ਭੈਣ ਭਾਈ ਉਸਤੋਂ ਦੂਰ ਰਹਿੰਦੇ ਹਨ ਅਤੇ ਉਸ ਨਾਲ ਨਫ਼ਰਤ ਕਰਦੇ ਹਨ। ਸਪੇਨ ਦੇ ਫ਼ਿਲਿਪ ਦੂਸਰੇ ਨੇ ਕਿਹਾ ਸੀ, 'ਜੇਕਰ ਮੇਰਾ ਆਪਣਾ ਪੁੱਤਰ ਵੀ ਕਾਫ਼ਿਰ ਬਣ ਜਾਵੇ ਤਾਂ ਮੈਂ ਉਸਨੂੰ ਖੰਭੇ ਨਾਲ ਬੰਨ੍ਹ ਕੇ ਜਿਉਂਦਾ ਜਲਾ ਦੇਵਾਂ।' ਇਕ ਕੈਥੋਲਿਕ ਪਾਦਰੀ ਮੈਥਿਊ ਓਰੇ ਦਾ ਭਤੀਜਾ ਕਾਫ਼ਿਰ ਹੋਣ ਕਰਕੇ ਜਿਉਂਦਾ ਜਲਾ ਦਿੱਤਾ ਗਿਆ ਸੀ। ਉਸਨੇ ਆਪਣੇ ਭਤੀਜੇ ਨੂੰ ਹੀ ਦੋਸ਼ੀ ਥਾਪਿਆ ਸੀ। ਕਈ ਤਿੱਖੇ ਆਸਤਿਕਵਾਦੀ ਧਰਮ ਦੇ ਬਾਗ਼ੀਆਂ ਨੂੰ ਜਾਂ ਦੂਸਰੇ ਧਰਮ ਜਾਂ ਫ਼ਿਰਕੇ ਦੇ ਲੋਕਾਂ ਨੂੰ ਕਤਲ ਕਰਨ ਲਈ ਹਰ ਵਕਤ ਤਿਆਰ ਰਹਿੰਦੇ ਹਨ। ਈਰਾਨ ਦੇ ਕਈ ਪੁਰਾਣੇ ਸਰਬ ਦੇਵਤਾਵਾਦੀਆਂ (ਬਾਬੀਜ਼) ਨੇ ਆਪਣੀ ਹੀ ਲਹਿਰ ਦੇ ਵਿਰੋਧੀ ਦਲ ਦੇ ਬੰਦਿਆਂ ਨੂੰ ਬੇਰਹਿਮੀ ਨਾਲ ਕਤਲ ਕੀਤਾ।

ਆਸਤਿਕਵਾਦ ਕਤਲੋਗਾਰਤ ਕਰਨ ਲਈ ਭੜਕਾਉਂਦਾ ਹੈ ਅਤੇ ਕਤਲੋਗਾਰਤ ਨੂੰ ਵਡਿਆਉਂਦਾ ਵੀ ਹੈ। ਮਨੁੱਖੀ ਭਾਵਨਾਵਾਂ ਦਾ ਇਹ ਦੁਖਾਂਤ ਮਨੋਵਿਗਿਆਨੀਆਂ ਦੁਆਰਾ ਪ੍ਰਮਾਣਿਤ ਕੀਤੀ ਗਈ ਹਕੀਕਤ ਹੈ। ਆਸਤਿਕਵਾਦ ਇਨਸਾਨਾਂ ਨੂੰ 'ਰੱਬ' ਨਾਲ ਇਤਨਾ ਪਿਆਰ ਕਰਨਾ ਸਿਖਾ ਦਿੰਦਾ ਹੈ ਕਿ ਆਸਤਿਕਵਾਦੀ ਲੋਕ ਉਨ੍ਹਾਂ ਲੋਕਾਂ ਨੂੰ ਘਿਰਣਾ ਕਰਨ ਲੱਗਦੇ ਹਨ ਜੋ ਸੱਚੇ ਦਿਲ ਨਾਲ ਰੱਬ ਦੀ ਹੋਂਦ ਦੇ ਨਾ ਮੰਨਣਯੋਗ ਸਿਧਾਂਤ ਨੂੰ ਨਹੀਂ ਮੰਨ ਸਕਦੇ। ਜਿਤਨੀ ਦੇਰ ਇਹ ਨਹਿਸ਼ ਅਤੇ ਕੁਲੱਛਣੇ ਭਰਮ ਰਹਿਣਗੇ ਉਤਨੀ ਦੇਰ ਤੱਕ ਮਨੁੱਖ ਜਾਤੀ ਦੀ ਏਕਤਾ ਸੰਭਵ ਨਹੀਂ ਹੋ ਸਕਦੀ। ਆਸਤਿਕਵਾਦ ਦਲੀਲ ਅਤੇ ਸਦਾਚਾਰੀ ਦੋਹਾਂ ਨੂੰ ਨਾ ਮਨਜ਼ੂਰ ਕਰਦਾ ਹੈ। ਇਹ ਮੋਲਖ(ਇਹ ਫ਼ਲਸਤੀਨ ਦੇ ਪੁਰਾਣੇ ਕਬੀਲਿਆਂ ਦਾ ਇਕ ਦੇਵਤਾ ਜਿਸਦੇ ਅੱਗੇ ਬੱਚਿਆਂ ਦੀ ਬਲੀ ਚੜ੍ਹਾਉਂਦੇ ਸਨ) ਮੁਰਦਾਬਾਦ!

**ਅਨੁਵਾਦ - ਅਮਨਪਾਲ ਸਾਰਾ**



# ਕਲੇਅ ਉਵਨ ਰੈਸਟੋਰੈਂਟ

**9386- 120 ਸਟਰੀਟ**

**ਸਰੀ, ਬੀ.ਸੀ.**

**ਸਰੀ ਵਿਚ ਸਵਾਦਿਸ਼ਟ ਖਾਣਿਆਂ ਦਾ ਮਸ਼ਹੂਰ ਰੈਸਟੋਰੈਂਟ।**

**ਵੈਜੀਟੇਰੀਅਨ (ਸ਼ਾਕਾਹਾਰੀ) ਭੋਜਣ ਵੀ ਮਿਲਦਾ ਹੈ।**

**ਫੋਨ: ਜਗਮਿੰਦਰ ਮਾਂਗਟ**

**(604) 589-7622**

# LASER SCREEN PRINTING

**Custom Printing and Specialty Advertising**

Manufacturer and Distributors of:

*T-Shirts *Sportswear *Team Jackets
* Crests *Caps * Decals
* Transfers *Emblems *Calendars
*Pens * Matches * Glasswear
* Lighters * Buttons * Sales Aids
* Playing Cards *Lapel Pins
*Safety Awards *Promotional Gifts
* Incentives * Plus much more

**Ram Sharma**
5311-91 Street
Edmonton, Alberta, T6E 6E2
**Ph: (403) 468-6435**

**ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।**

**Delta Wedding Centre**
**9463- 120th St. (95 Ave. & Scott Rd)**
**Delta, B.C.**
**Ph: (604) 589-3656**

ਵਿਆਹ ਸ਼ਾਦੀਆਂ ਦੇ ਕਾਰਡ, ਤਾਜੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦਸੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੋਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

**ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।**

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕੱਰਟਾਂ, ਕਪੜੇ, Streamers, Bells, Fans, Plume Pens, Guest Books, Ribbons, Candles, Candies ਅਤੇ ਕੇਕ ਮਿਲਦੇ ਹਨ।

ਹੋਰ ਜਾਣਕਾਰੀ ਲਈ:

**ਮੈਨੇਜਰ:ਮੱਖਣ ਟੁੱਟ ਫਲੋਰੈਸਟ:ਗੁਰਬਖਸ਼ਕੋਰ ਦਿਉ।**

# Devinderjit (Dave) Singh Purewal

(Barrister, Solicitor & Notary Public)

ਦਵਿੰਦਰਜੀਤ ਸਿੰਘ ਪੁਰੇਵਾਲ

**Ph: (403) 462-7555**

**General Paractice of Law including:**

* ਕ੍ਰਿਮੀਨਲ (Criminal) • ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortagage)
* ਵਿੱਲ ਤੇ ਅਸਟੇਟ (Wills & Estate) * ਸਿਵਲ(Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associataes**
**Ph. (403) 436-7060**
**# 440-4445 Calgary Tr. South, Edmonton**

***Millwood Office:***
**9209-34th Ave. Edmonton Alberta, T6E 5T5**

ਸੇਵਾਵਾਂ ਪੰਜਾਬੀ, ਹਿੰਦ ਤੇ ਉਰਦੂ ਵਿਚ ਵੀ ਮਿਲਦੀਆਂ ਹਨ।

# ਪੁਸਤਕ ਪਰਿਚੈ

## ਬੋਗਨਵਿਲਾ ਦੇ ਵਸਤਰ (ਕਾਵਿ ਸੰਗ੍ਰਿਹ)

## ਲੇਖਕ: ਸ਼ਸ਼ੀ ਸਮੁੰਦਰਾ

### 'ਬੋਗਨਵਿਲਾ ਦੇ ਵਸਤਰ': ਸੁਤੰਤਰ ਔਰਤ ਦਾ ਕਾਵਿ-ਪ੍ਰਵਚਨ

ਸਾਨ ਫ੍ਰਾਂਸਿਸਕੋ 'ਚ ਇਕੱਲ ਹੰਢਾ ਰਹੀ ਸ਼ਸ਼ੀ ਸਮੁੰਦਰਾ ਨੇ ਅਦਭੁੱਤ ਸਵੈ-ਵਿਸ਼ਵਾਸ਼ ਨਾਲ ਪੰਜਾਬੀ ਕਵਿਤਾ 'ਚ ਪ੍ਰਵਿਸ਼ ਕੀਤਾ ਹੈ। ਉਸ ਦੇ ਹੁਣੇ ਛਪੇ ਪ੍ਰਥਮ ਕਾਵਿ-ਸੰਗ੍ਰਿਹ 'ਬੋਗਨਵਿਲਾ ਦੇ ਵਸਤਰ' ਦੀਆਂ ਕਵਿਤਾਵਾਂ ਵਿਚ ਨਵੇਂ ਅਰਥਾਂ ਵਰਗਾ ਅਨੂਠਾਪਣ ਹੈ; ਇਸਤਰੀ-ਕਾਵਿ ਦੇ ਨਵੇਂ ਪਸਾਰ ਹਨ; ਅਨੁਭਵ ਦੀ ਪ੍ਰਮਾਣਿਕਤਾ ਹੈ।

ਪੰਜਾਬੀ ਸਾਹਿਤ ਦੀ ਮੁੱਖ ਧਾਰਾ ਤੋਂ ਦੂਰ ਰਹਿਣ ਦੇ ਬਾਵਜੂਦ ਸਾਡੇ ਕੁਝ ਇਕ ਪਰਵਾਸੀ ਲੇਖਕ ਬੇਮਿਸਾਲ ਪ੍ਰਤਿਬਧਤਾ ਦਾ ਪ੍ਰਮਾਣ ਦੇ ਰਹੇ ਹਨ। ਪਰਵਾਸੀ ਕਵਿਤ੍ਰੀਆਂ (ਸੁਰਜੀਤ ਕਲਸੀ, ਅਮਰ ਜਿਉਤੀ, ਕੈਲਾਸ਼ ਪੁਰੀ) ਨੇ ਚਿੰਤਨਸ਼ੀਲ ਕਾਵਿ-ਮਨ ਰਾਹੀਂ ਆਪਣੇ ਵਜੂਦ ਤੇ ਇਰਦ ਗਿਰਦ ਦੇ ਸੰਸਾਰ ਨੂੰ ਅਰਥਾਂ ਵਾਂਗ ਸਿਰਜਿਆ ਹੈ। ਇਨ੍ਹਾਂ ਵਲੋਂ ਸਾਡੇ ਸਾਹਿਤ ਚਿੰਤਕ ਅਵੇਸਲੇ ਰਹੇ ਹਨ। ਸ਼ਸ਼ੀ ਸਮੁੰਦਰਾ ਇਸਤਰੀ ਲੇਖਕਾਂ ਦੀ ਪਾਲ ਵਿਚ ਪ੍ਰਤਿਭਾਵਾਨ ਵਾਧਾ ਹੈ। ਕਿਸੇ ਵੀ ਤਰ੍ਹਾਂ ਉਸ ਦੀ ਕਵਿਤਾ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਸ਼ਸ਼ੀ ਦੀ ਕਵਿਤਾ ਦਾ ਸਰੋਤ ਉਸ ਦਾ ਚਿੰਤਨਸ਼ੀਲ ਵਜੂਦ ਹੈ। ਅੱਜ ਦੇ ਯੁੱਗ ਵਿਚ ਔਰਤ ਦਾ ਚਿੰਤਨਸ਼ੀਲ ਹੋਣਾ ਤੇ ਪ੍ਰਮਾਣਿਕ ਰਿਸ਼ਤਿਆਂ ਦੀ ਤਲਾਸ਼ ਕਰਨਾ ਜ਼ੋਖਮ ਭਰੀ ਪ੍ਰਾਪਤੀ ਹੈ। ਇਹ ਮਨੁੱਖੀ ਰਿਸ਼ਤਿਆਂ ਵਿਚ ਸੰਗਰਾਮ ਦੀ ਸ਼ੁਰੂਆਤ ਹੈ ਜਿਸ ਦਾ ਸੇਕ ਸੱਭ ਤੋਂ ਪਹਿਲਾਂ ਔਰਤ ਦੇ ਸਵੈ ਨੂੰ ਪੁੱਜਦਾ ਹੈ। ਇਸ ਜਦੋਜਹਿਦ ਵਿਚ ਉਸ ਦੀ ਪਛਾਣ ਦੇ ਬੀਜ ਹੁੰਦੇ ਹਨ। ਇਸ ਨਾਲ ਸਥਾਪਤ ਜੀਵਨ-ਮੁੱਲਾਂ 'ਚ ਉਥਲ-ਪੁਥਲ ਪੈਦਾ ਹੋ ਜਾਂਦੀ ਹੈ।

ਅੱਜ ਔਰਤ ਦੀ ਆਜ਼ਾਦੀ ਦੀ ਤੜਪ ਸਮੁੱਚੇ ਮਾਨਵੀ ਪ੍ਰਸੰਗਾਂ ਤੋਂ ਤੋੜ ਕੇ ਨਹੀਂ ਵੇਖੀ ਜਾ ਸਕਦੀ। ਉਲਾਰ ਨਾਰੀਵਾਦ ਔਰਤ ਨੂੰ ਮਰਦ ਜਾਤ ਦੇ ਵਿਰੁੱਧ ਲਿਆ ਖੜ੍ਹਾ ਕਰਦਾ ਹੈ। 'ਬੋਗਨਵਿਲਾ ਦੇ ਵਸਤਰ' ਸ਼ਸ਼ੀ ਸਮੁੰਦਰਾ ਦਾ ਪਹਿਲਾ ਕਾਵਿ-ਸੰਗ੍ਰਿਹ ਹੋਣ ਕਰਕੇ ਇਸ 'ਚੋਂ ਇਸਤਰੀ ਮਰਦ ਦੇ ਰਿਸ਼ਤੇ ਦੇ ਸਾਰੇ ਆਯਾਮਾਂ ਦੀ ਭਾਲ ਕਰਨੀ ਉਚਿਤ ਨਹੀਂ। ਇਸ ਕਾਵਿ ਦੀ ਸਿਫਤ ਕਵਿਤ੍ਰੀ ਦੇ ਤੀਬਰ ਅਨੁਭਵ ਨੂੰ ਮੁਲੰਮਾ-ਰਹਿਤ ਕਾਵਿ ਭਾਸ਼ਾ 'ਚ ਬੇਨੁਕਸ ਢੰਗ ਨਾਲ ਤਬਦੀਲ ਕਰਨ 'ਚ ਹੈ। ਇਸ ਪੁਸਤਕ ਦੀਆਂ ਕਵਿਤਾਵਾਂ ਦਾ ਪਾਠ ਆਪਣੇ ਆਪ 'ਚ ਵੱਖਰੀ ਤਰ੍ਹਾਂ ਦਾ ਤਜਰਬਾ ਹੈ। ਸ਼ਾਇਦ ਪੰਜਾਬੀ ਵਿਚ ਇਸ ਤੋਂ ਪਹਿਲਾਂ ਕਿਸੇ ਵੀ ਕਵਿਤ੍ਰੀ ਨੇ ਇਸ ਕਦਰ ਜਜ਼ਬਿਆਂ ਤੇ ਕਾਵਿ ਭਾਸ਼ਾ ਵਿਚਕਾਰ ਅਜਿਹੀ ਸੰਤੁਲਨ ਤੇ ਨਵੀਨਤਾ ਪ੍ਰਗਟ ਨਹੀਂ ਕੀਤੀ। ਇਕ ਪ੍ਰੌੜ ਤੇ ਸੁਹਿਰਦ ਕਾਵਿ-ਮਨ ਹੀ ਅਜਿਹੀ ਪ੍ਰਾਪਤੀ ਦੇ ਸਮਰੱਥ ਹੁੰਦਾ ਹੈ।

ਜਿਨ੍ਹਾਂ ਰਿਸ਼ਤਿਆਂ ਨਾਲ ਔਰਤ ਨੂੰ ਜੂਝਣਾ ਪੈਂਦਾ ਹੈ ਉਨ੍ਹਾਂ ਵਿਚੋਂ, ਸ਼ਸ਼ੀ ਸਮੁੰਦਰਾ ਦੀ ਕਵਿਤਾ ਦੇ ਹਵਾਲੇ ਨਾਲ, ਦੋ ਪ੍ਰਮੁੱਖ ਹਨ: ਖਾਵੰਦ ਦਾ ਰਿਸ਼ਤਾ ਤੇ ਮਹਿਬੂਬ ਦਾ ਰਿਸ਼ਤਾ। ਖਾਵੰਦ ਦੇ ਰਿਸ਼ਤੇ ਪਿਛੇ ਸਮਾਜ ਤੇ ਸਥਾਪਨਾ ਦੀ ਪ੍ਰਵਾਨਗੀ ਹੈ ਤੇ ਮਹਿਬੂਬ ਦੇ ਰਿਸ਼ਤੇ ਨੂੰ ਵਰਜਿਤ ਰਿਸ਼ਤੇ ਦਾ ਫਤਵਾ ਦਿੱਤਾ ਜਾਂਦਾ ਹੈ। ਦੋਵਾਂ ਪਿੱਛੇ ਸਮਾਜਕ ਮੁੱਲ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਔਰਤ ਦੇ ਵਜੂਦ 'ਤੇ ਹਾਵੀ ਰਹਿੰਦੇ ਹਨ। 'ਖਾਵੰਦ' ਸਿਰਫ ਮਰਦ ਹੀ ਨਹੀਂ ਇਹ ਚਿਰਾਂ ਤੋਂ ਜੜ੍ਹ ਹੋ ਰਹੇ ਵਿਚਾਰਾਂ ਦਾ ਚਿਹਨ ਹੈ। ਇਹ ਇਕਲੌਤਾ ਚਿਹਨ, ਔਰਤ ਦੇ ਪ੍ਰਸੰਗ ਵਿਚ ਚੂਲਕ ਚਿਹਨ ਬਣਨ ਦੀ ਲਾਲਸਾ ਰੱਖਦਾ ਹੈ। ਸੁਤੰਤਰ-ਚਿੱਤ ਅਤੇ ਸੰਵੇਦਨਸ਼ੀਲ ਔਰਤ ਦੀ ਲੜਾਈ "ਚੂਲਕ" ਚਿਹਨ ਨਾਲ ਹੈ। ਇਹ ਚਿਹਨ 'ਤਾਕਤ ਦੇ ਰਿਸ਼ਤੇ' ਰਾਹੀਂ ਔਰਤ ਦੀ ਆਪਣੇ ਨਿਵੇਕਲੇ ਅਰਥ ਸਿਰਜਣ ਦੀ ਸੰਭਾਵਨਾ 'ਤੇ ਵਾਰ ਕਰਦਾ ਰਿਹਾ ਹੈ। ਸ਼ਸ਼ੀ ਸਮੁੰਦਰਾ ਦੀ ਇਸ ਕਵਿਤਾ ਵੱਲ ਧਿਆਨ ਦਿਓ:

ਜਦ ਉਹ ਦੋਸਤ ਬਣਿਆਂ
ਤਾਂ ਕਿੰਨਾ ਚੰਗਾ ਸੀ
ਜਦ ਉਹ ਮਹਿਬੂਬ ਬਣਿਆਂ
ਤਾਂ ਕਿੰਨਾ ਸੋਹਣਾ ਤੇ ਨਿੱਘਾ ਸੀ
ਜਦ ਉਹ ਖਾਵੰਦ ਬਣਿਆਂ
ਤਾਂ ਸਭ ਬਦਲ ਗਿਆ
ਉਹ ਹਿਟਲਰ ਬਣ ਗਿਆ
ਤੇ ਉਹ ਉਹਦੇ ਕਨਸਟ੍ਰੇਸ਼ਨ ਕੈਂਪ ਵਿਚ
ਇਕ ਯਹੂਦੀ ਔਰਤ। (ਜਦ ਉਹ...)

ਖਾਵੰਦ ਬਾਰੇ ਇਕ ਹੋਰ ਕਵਿਤਾ ਵੀ ਪੜ੍ਹਨਯੋਗ ਹੈ:

ਜੇ ਹੱਸੀਏ ਤਾਂ ਸ਼ੱਕ ਕਰੇਂਦੇ
ਜੇ ਰੋਈਏ ਤਾਂ ਸ਼ੱਕ ਕਰੇਂਦੇ
ਜੇ ਬੋਲੀਏ ਤਾਂ ਗੁੱਸਾ ਖਾਂਦੇ
ਜੇ ਗਾਈਏ ਤਾਂ 'ਗਾਵੋ ਨਾ' ਕਹਿੰਦੇ
ਪਰ ਜੇ ਚੁੱਪ ਰਹੀਏ ਤਾਂ ਕਾਰਨ ਪੁੱਛਦੇ
ਜਿਧਰ ਤੱਕੀਏ ਉਧਰ ਤੱਕਦੇ
ਅੱਖਾਂ ਮੁੰਦੀਏ ਤਾਂ 'ਮੂਰਖ' ਕਹਿੰਦੇ
ਪੱਬ ਚੁੱਕੀਏ ਤਾਂ ਨਾਲ ਤੁਰੇਂਦੇ
ਰੁੱਕ ਜਾਈਏ ਤਾਂ ਸ਼ੱਕ ਕਰੇਂਦੇ
ਬਾਹਰ ਜਾਈਏ ਤਾਂ ਸ਼ੱਕ ਕਰੇਂਦੇ
ਅੰਦਰ ਵੜੀਏ ਤਾਂ ਵੀ ਸ਼ੱਕ ਕਰੇਂਦੇ
ਸਈਓ ਨੀ ਅਸੀਂ ਮਰਦ ਭੁਲੇਖੇ
ਅਸਲੋਂ ਸ਼ੱਕ ਵਿਆਹੇ।

'ਖਾਵੰਦ' ਦੇ ਚੱਟਾਨ ਵਾਂਗ ਤਕੜੇ ਤੇ ਪ੍ਰਭੁਤਾ ਕਾਇਮ ਰੱਖਣ ਵਾਲੇ ਚਿਹਨ ਨੂੰ ਤੋੜਨਾ ਜ਼ਰੂਰੀ ਹੈ। ਜਦੋਂ ਇਹਦਾ ਟੁੱਟਣਾ ਮੁਸ਼ਕਿਲ ਹੋਵੇ ਤਾਂ ਸੰਕਟ ਗਹਿਰਾ ਹੋਣਾ ਸੁਭਾਵਿਕ ਹੈ। ਸ਼ਸ਼ੀ ਸਮੁੰਦਰਾ ਦੀ ਪੁਸਤਕ ਦੇ ਪਹਿਲੇ ਹਿੱਸੇ ਵਿਚਲੀਆਂ ਕਵਿਤਾਵਾਂ ਇਸ ਸੰਕਟ ਨਾਲ ਸਬੰਧਤ ਹਨ। ਇਨ੍ਹਾਂ ਵਿਚ ਕਾਵਿ-ਸਵੈ ਸ਼ਕਤੀ ਦਾ ਪ੍ਰਮਾਣ ਦੇਂਦਾ ਹੈ। ਕਵਿਤ੍ਰੀ ਦੀ ਕਾਵਿ-ਭਾਸ਼ਾ ਨੇ ਉਸ ਅੰਦਰਲੀ ਸ਼ਿੱਦਤ ਦੇ ਸੇਕ ਦਾ ਸਾਥ ਦਿੱਤਾ ਹੈ। ਉਸ ਦੀਆਂ ਸ਼ਬਦ-ਜੁਗਤਾਂ ਵਿਚ ਦਿਲਚਸਪ ਤੇ ਰਚਨਾਤਮਕ ਆਪ-ਹੁਦਰਾਪਣ ਹੈ ਜੋ ਪੰਜਾਬੀ ਦੀਆਂ ਕਵਿਤ੍ਰੀਆਂ ਵਿਚੋਂ ਮਨਜੀਤ ਟਿਵਾਣਾ ਦੇ ਕਾਵਿ ਦਾ ਵਿਸ਼ੇਸ਼ ਗੁਣ ਰਿਹਾ ਹੈ। ਸ਼ਸ਼ੀ ਦਾ ਕਾਵਿ-ਪ੍ਰਵਚਨ ਉਸ ਦੇ ਵਿਦਰੋਹ ਨੂੰ ਪ੍ਰਗਟ ਕਰਦਾ ਹੈ ਤੇ ਸੁਤੰਤਰ ਰਿਸ਼ਤਿਆਂ ਤੋਂ ਪੈਦਾ ਹੋਣ ਵਾਲੇ ਉਸ ਦੇ ਭਰਾਂਤੀ-ਮੁਕਤ ਨਜ਼ਰੀਏ ਨੂੰ ਵੀ। ਵਿਦਰੋਹ-ਭਾਵੀ ਕਵਿਤਾ ਦਾ ਇਕ ਨਮੂਨਾ:

ਮੈਂ ਫੁੱਲ ਉਗਾਂਦੀ ਹਾਂ
ਤੇ ਇਨ੍ਹਾਂ ਨਾਲ ਖੇਦੜੀ ਹਾਂ
ਕਦੇ ਕਦੇ ਕਿਸੇ ਕਾਰਨ
ਇਨ੍ਹਾਂ ਨੂੰ ਪੁੱਟ ਵੀ ਸੁੱਟਦੀ ਹਾਂ।
ਤੂੰ ਲੜਦਾ ਹੈਂ
ਤੂੰ ਸੜਦਾ ਹੈਂ
ਮੇਰਾ ਇਕ ਹੀ ਜਵਾਬ ਹੈ
ਕਿ ਮੇਰੀ ਮਰਜੀ।
ਹਵਾ ਨੂੰ ਬੰਨਣਾ ਤੇਰੇ ਵੱਸ ਨਹੀਂ
ਤੈਨੂੰ ਬਦਲਣਾ ਤੇਰੇ ਵੱਸ ਨਹੀਂ
ਜੇ ਹਾਲੇ ਵੀ ਨਹੀਂ ਸਮਝਿਆ
ਤਾਂ ਤੇਰੀ ਮਰਜੀ।

'ਤਾਕਤ ਦਾ ਰਿਸ਼ਤਾ' ਮਰਦ ਨੂੰ ਸੁਭਾਵਿਕ ਪ੍ਰਵਾਨ ਹੈ। ਔਰਤ-ਮਰਦ ਦੇ ਰਿਸ਼ਤੇ ਵਿਚ ਮਰਦ ਨੂੰ ਹਰ ਪੱਖੋਂ ਪਹਿਲ ਹੈ। ਉਹ ਹਾਰ ਕੇ ਵੀ ਜਿੱਤਦਾ ਹੈ। ਅਜਿਹੀ ਸਥਿਤੀ ਦੇ ਅਨਿਆਂ ਬਾਰੇ ਚੇਤੰਨ ਮਨੁੱਖ ਅਕਸਰ ਅਵੇਸਲੇ ਰਹਿੰਦੇ ਹਨ। ਇਸ ਅਵੇਸਲੇਪਣ 'ਚ ਪ੍ਰਚਲਿਤ ਮੁੱਲਾਂ ਦਾ ਥਿਰ ਰਹਿਣਾ ਤਹਿ ਹੈ, ਜਿਸ ਨਾਲ ਇਸਤਰੀ ਦਾ ਵਜੂਦ ਮਨਫੀ ਹੁੰਦਾ ਰਹਿੰਦਾ ਹੈ।

ਮਹਿਬੂਬ ਦੇ ਰਿਸ਼ਤੇ ਬਾਰੇ ਸ਼ਸ਼ੀ ਨੂੰ ਕੋਈ ਭਰਮ ਨਹੀਂ। ਇਸ ਪੱਧਰ 'ਤੇ ਉਸ ਦੀ ਕਵਿਤਾ ਔਰਤ ਦੇ ਗਹਿਰੇ ਵਜੂਦੀ ਸੰਕਟ ਨੂੰ ਪ੍ਰਗਟ ਕਰਦੀ ਹੈ। ਮਰਦ ਨਾਲ ਸੁਤੰਤਰ ਰਿਸ਼ਤਾ ਸਮਾਜਿਕ ਸਥਾਪਨਾ ਦੇ ਦਮਨ ਤੋਂ ਮੁਕਤ ਤਾਂ ਹੁੰਦਾ ਹੈ ਪਰ ਤਦ ਵੀ ਮਰਦ ਔਰਤ ਦੇ ਲਈ ਪਰ-ਹੋਂਦ ਹੈ। ਤਣਾਅ ਦਾ ਕੇਂਦਰ-ਬਿੰਦੂ ਬਦਲ ਜਾਂਦਾ ਹੈ। ਮਹਿਬੂਬ ਨਾਲ ਰਿਸ਼ਤੇ ਦੀ ਆਪਣੀ ਜਦੋਜਹਿਦ ਤੇ ਦੁਸ਼ਵਾਰੀ ਹੈ। ਇਹ ਗਹਿਰੀ ਚਿੰਤਾ ਦਾ ਮੁਕਾਮ ਹੈ; ਭਾਵਾਂ ਦੇ ਘਟਦੇ ਤੇ ਵਧਦੇ ਤਾਪਮਾਨ ਦਾ ਕਾਰਨ ਹੈ - ਤੇ ਕਵਿਤਾ ਦਾ ਸ੍ਰੋਤ।

ਕਾਵਿ-ਸਵੈ ਇਸ ਰਿਸ਼ਤੇ ਨੂੰ ਪਹਿਲ ਦੇਂਦਾ ਹੈ ਕਿਉਂਕਿ ਇਸ ਵਿਚ ਔਰਤ ਦੇ ਪ੍ਰਵਚਨ ਦਾ ਦਮਨ ਨਹੀਂ ਹੁੰਦਾ। ਮਰਦ ਨਾਲ ਰਿਸ਼ਤਾ ਮੁਕੰਮਲਤਾ ਦੀ ਤਲਾਸ਼ ਦਾ ਦੂਜਾ ਨਾਂ ਹੈ। ਇਹ ਤਲਾਸ਼ ਕਿਸੇ ਪਲ ਵੀ ਉਦਾਸ ਕਰ ਸਕਦੀ ਹੈ, ਫਿਰ ਵੀ ਇਹ ਪ੍ਰਵਾਨ ਹੈ ਕਿਉਂਕਿ ਇਸ ਵਿਚ ਖੁਦੀ ਦੀ ਆਜ਼ਾਦੀ ਹੈ:

ਜਾਣਦੀ ਹਾਂ, ਮੈਂ ਸਮਝਦੀ ਹਾਂ
ਕਿ ਇਹ ਖੰਜਰ ਫੇਰ ਵੀ ਵਜ ਸਕਦਾ ਹੈ
ਤੇ ਇਸ ਵਾਰ ਇਹ ਡੂੰਘਾ ਹੀ ਵੱਜਣਾ ਹੈ
ਪਤਾ ਨਹੀਂ ਫਿਰ
ਜੀਣ ਦਾ ਕੀ ਅਰਥ ਹੋਏਗਾ?
ਹੱਸਣ ਦਾ ਕੀ ਅਰਥ ਹੋਏਗਾ? (ਏਸ ਰਾਹ)

ਜ਼ਿੰਦਗੀ ਦੇ ਕੋੜੇ ਸੱਚ ਨੂੰ ਸਮਝਣ ਤੇ ਸਵੀਕਾਰ ਕਰਨ ਦੀ ਦਲੇਰੀ ਅੱਜ ਦੀ ਪੁਸ਼ਤ ਦੀਆਂ ਕਵਿਤ੍ਰੀਆਂ ਦਾ ਪਛਾਣ-ਬਿੰਦੂ ਹੈ। ਕੈਨੇਡਾ 'ਚ ਰਹਿੰਦੀ ਸੁਰਜੀਤ ਕਲਸੀ ਤੇ ਸਾਡੇ ਇਥੋਂ ਦੀਆਂ ਜ਼ਹੀਨ ਕਵਿਤ੍ਰੀਆਂ ਪਾਲ ਕੌਰ ਤੇ ਮਨਜੀਤਪਾਲ ਕੋਰ ਨੇ ਵੀ ਅਨੂਠੀ ਪ੍ਰਤਿਭਾ ਦਾ ਪ੍ਰਗਟਾਅ ਕੀਤਾ ਹੈ। ਕੋਈ ਇਸਤਰੀ ਲੇਖਕ ਜਦੋਂ ਬੋਧਿਕ ਢੰਗ ਨਾਲ ਇਰਦ ਗਿਰਦ ਦੇ ਸੰਸਾਰ ਨੂੰ ਪਛਾਨਣ ਲੱਗ ਪਵੇ ਤਦ ਉਸ ਦੀ ਰਚਨਾ ਦੀ ਆਤਮਾ ਸਰਬ-ਵਿਆਪੀ ਪ੍ਰਸੰਗਾਂ ਵਲ ਵਧਦੀ ਹੈ। ਸ਼ਸ਼ੀ ਦੀ ਕਵਿਤਾ ਔਰਤ ਮਰਦ ਦੇ ਰਿਸ਼ਤੇ ਦੇ ਜਟਿਲ ਰੇਸ਼ਿਆਂ ਨੂੰ ਅਰਥ ਦੇਂਦੀ ਹੈ ਜਿਸ ਦੇ ਅੱਗੋਂ ਵਿਸ਼ਾਲ ਪਸਾਰ ਮਿਲਦੇ ਹਨ।

ਮਾਨਵ ਪ੍ਰਗਤੀ ਦੇ ਪੰਧ 'ਤੇ ਲੜੇ ਜਾ ਰਹੇ ਨਿੱਕੇ ਤੇ ਮੂਕ ਸੰਗਰਾਮਾਂ ਵਿਚ ਇਸਤਰੀ ਸਾਹਿਤ ਸ਼ਾਮਲ ਹੈ। ਰਿਸ਼ਤਿਆਂ ਦੀ ਉਧੇੜ-ਬੁਣਤ ਕਿਸੇ ਵੀ ਸਮਾਜਕ ਤਬਦੀਲੀ ਲਈ ਜ਼ਰੂਰੀ ਹੈ। ਲੋੜ ਚੇਤਨਾ ਅਤੇ ਰੋਸ਼ਨ-ਖਿਆਲੀ ਦੀ ਹੈ। ਇਸ ਬਗੈਰ ਚੁੱਕਿਆ ਹਰ ਕਦਮ ਹਨੇਰੇ 'ਚ ਸੋਟੀ ਘੁਮਾਉਣ ਵਾਂਗ ਹੈ। ਪੰਜਾਬੀ ਵਿਚ ਪਿਆਰ ਨੂੰ ਰੁਮਾਂਸ ਹੋ ਕੇ ਟਕਰਣ ਦੀ ਜੁਗਤ ਹੁਣ ਵਿਹਾਜ ਗਈ ਹੈ। ਇਸਤਰੀ-ਕਾਵਿ ਭਰਾਂਤੀ ਮੁਕਤ ਹੋ ਚੁੱਕਾ ਹੈ। ਇਹ ਉਲਾਰ ਚੇਤਨਾ ਅਧੀਨ ਨਹੀਂ, ਜਿਵੇਂ ਕਿ ਪੱਛਮ ਵਿਚ ਹੋਇਆ ਹੈ।

ਸ਼ਸ਼ੀ ਸਮੁੰਦਰਾ ਦੇ ਪਰਸੰਗ 'ਚ ਅਗਲੀ ਅਹਿਮ ਗੱਲ ਇਹ ਹੈ ਕਿ ਉਹ ਵਿਹਾਜ ਚੁੱਕੀ ਕਾਵਿ-ਭਾਸ਼ਾ ਤੋਂ ਪੂਰੀ ਤਰ੍ਹਾਂ ਸੁਰਖਰੂ ਹੈ। ਉਸ ਨੂੰ ਕੁਝ ਵੀ ਅਣਸਿਖਿਆ ਕਰਨ ਦੀ ਲੋੜ ਨਹੀਂ। ਉਸ ਦੀ ਕਾਵਿ-ਭਾਸ਼ਾ ਦੀ ਵੱਖਰੀ ਨੁਹਾਰ ਹੈ। ਇਸ ਦਾ ਚਿਹਰਾ ਨਿੱਖਰਿਆ ਹੋਇਆ ਤੇ ਸੁਹਜ ਭਰਿਆ ਹੈ। ਕੋਈ ਮੁਲੰਮਾ ਜਾਂ ਉਚੇਚ ਨਹੀਂ। ਕਵਿਤਾ-ਵਰਗਾ ਕੁਝ ਜੋੜਨ ਦੀ ਜ਼ਿੱਦ ਨਹੀਂ। ਕਵਿਤ੍ਰੀ ਸ਼ਬਦਾਂ ਨੂੰ ਤਰਤੀਬ 'ਚ ਬੰਨ੍ਹਣ ਬਾਰੇ ਖਾਸੀ ਚੇਤੰਨ ਹੈ। ਉਸ ਵਿਚ ਕਾਵਿ-ਵਿਚਾਰਾਂ ਨੂੰ ਨਾਟਕੀ ਮੋੜ ਦੇ ਕੇ ਗੱਲ ਨੂੰ ਸਮਾਪਤ ਕਰਨ ਦਾ ਗੈਰ-ਮਾਮੂਲੀ ਕਸਬ ਹੈ। ਉਸ ਦੇ ਸ਼ਬਦਾਂ 'ਚ ਸੂਖਮ ਕਟਾਖਸ਼ ਹੈ।

ਹਰੇਕ ਨਵੇਂ ਕਵੀ ਨੂੰ ਸਰਾਪ ਹੈ ਕਿ ਉਹ ਸ਼ਬਦਾਂ ਦੀ ਵੱਖਰੀ ਹਸਤੀ ਬਹਾਲ ਕਰੇ। ਇਸ ਕਾਰਜ ਲਈ ਸਵੈ-ਵਿਸ਼ਵਾਸ ਤੇ ਗੰਭੀਰਤਾ ਦੀ ਲੋੜ ਹੁੰਦੀ ਹੈ। ਸ਼ਸ਼ੀ ਸਮੁੰਦਰਾ 'ਬੋਗਨਵਿਲਾ ਦੇ ਵਸਤਰ' ਰਾਹੀਂ ਇਨ੍ਹਾਂ ਗੁਣਾਂ ਦਾ ਪ੍ਰਮਾਣ ਪੇਸ਼ ਕਰਦੀ ਹੈ। ਪੁਸਤਕ ਨਵਯੁੱਗ ਪਬਲਿਸ਼ਰਜ਼, ਦਿੱਲੀ ਨੇ ਬੜੀ ਸੁੰਦਰ ਛਾਪੀ ਹੈ।

**ਗੁਰਬਚਨ, ਚੰਡੀਗੜ੍ਹ**

## ਰਿਸ਼ਤੇ ਦਰਿਆਂਵਾਂ ਦੇ, (ਕਾਵਿ ਸੰਗ੍ਰਹਿ)

**ਲੇਖਕ: ਸਾਧੂ**

ਪ੍ਰਕਾਸ਼ਕ: ਲਾਹੌਰ ਬੁੱਕ ਸ਼ਾਪ, ਲੁਧਿਆਣਾ।

'ਰਿਸ਼ਤੇ ਦਰਿਆਂਵਾਂ ਦੇ' ਸਾਧੂ ਦੀ ਦੂਜੀ ਕਾਵਿ-ਪੁਸਤਕ ਹੈ। ਇਸ ਕਿਤਾਬ ਨਾਲ 'ਪੰਜਾਬੀ ਲੇਖਕ ਮੰਚ ਵੈਨਕੂਵਰ' ਦੀ ਕਿਤਾਬਾਂ ਰੀਲੀਜ਼ ਕਰਨ ਦੀ ਪਰੰਪਰਾ ਵੀ ਸ਼ੁਰੂ ਹੋਈ ਹੈ।

ਸਾਧੂ ਦੀ ਕਵਿਤਾ ਨੂੰ ਉਸਦੇ ਮੂਹੋਂ ਸੁਣਨ, ਅਤੇ ਸਾਧੂ ਨੂੰ ਨੇੜਿਓਂ ਜਾਨਣ ਕਰਕੇ, ਕਦੇ ਵੀ ਉਸਦੀ ਕਵਿਤਾ ਨੂੰ ਸਮਝਣ ਦੀ ਨਿਰਪੱਖ ਕੋਸ਼ਿਸ਼ ਨਹੀਂ ਕੀਤੀ ਸੀ। ਨਿਰਪੱਖ ਅਤੇ ਸੁਹਿਰਦ ਕੋਸ਼ਿਸ਼ ਲਈ, ਮੈਂ ਸਾਧੂ ਦੀ ਇਸ ਕਿਤਾਬ ਦੇ ਨਾਲ ਨਾਲ ਅਜਮੇਰ ਦੀ ਕਿਤਾਬ 'ਸੁਰਤੀ' ਅਤੇ ਅਮਰਜੀਤ ਚੰਦਨ ਦੀਆਂ 'ਕਵਿਤਾਵਾਂ' ਪੜ੍ਹੀਆਂ ਹਨ। ਪੜ੍ਹਕੇ ਮੈਂ ਹੇਠ ਲਿਖੇ ਨਤੀਜੇ ਉਤੇ ਪਹੁੰਚਾ ਹਾਂ।

ਮੈਂ ਸਮਝਦਾ ਸਾਂ ਕਿ ਇਕ ਕਵੀ ਨੂੰ ਵੰਨਗੀ ਦੇ ਕਿਸੇ ਚੋਖਟੇ ਵਿਚ ਬੰਦ ਕਰਨਾ ਸੰਭਵ ਨਹੀਂ। ਵਿਸ਼ੇ ਦੇ ਪੱਖ ਤੋਂ ਕਵੀ ਦੀ ਰਚਨਾ ਸਿਰਫ ਖਿਆਲਾਂ ਦਾ ਗੁਲਦਸਤਾ ਹੀ ਨਹੀਂ, ਸਗੋਂ ਇਕ ਖਾਸ 'ਪੈਰਾਡਾਈਮ' ਪੇਸ਼ ਕਰਦੀ ਹੈ। ਇਨਾਂ ਤਿੰਨਾਂ ਕਵੀਆਂ ਦੀ ਕਵਿਤਾ ਪੜਨ ਤੋਂ ਬਾਅਦ ਮੈਂ ਇਹਨਾਂ ਵਿਚ ਫਰਕ ਦੇਖਕੇ ਵੀ ਹੈਰਾਨ ਹੋਇਆ ਹਾਂ ਅਤੇ ਇਹਨਾਂ ਦੀ ਕਵਿਤਾ ਦੇ ਆਪਣੇ ਆਪਣੇ 'ਪੈਰਾਡਾਈਮ' ਦੇ ਅੰਦਰ ਰਹਿਣ ਤੋਂ ਵੀ ਪਰਭਾਵਿਤ ਹੋਇਆ ਹਾਂ। ਪਰ ਕਿਉਂਕਿ ਇਹ ਤਿੰਨੇ ਅਜੇ ਬਜ਼ੁਰਗ ਹੋਣ ਦਾ ਦਾਅਵਾ ਨਹੀਂ ਕਰ ਸਕਦੇ, ਇਸ ਲਈ ਮੈਂ ਸਮਝਦਾ ਹਾਂ ਕਿ ਇਹਨਾਂ ਦੀ ਰਚਨਾ ਕਈ ਪਾਸਿਆਂ ਨੂੰ ਵਿਕਾਸ ਕਰੇਗੀ।

ਅਮਰਜੀਤ ਚੰਦਨ ਇਕ ਅਸਤਿਤ੍ਵਵਾਦੀ ਕਵੀ ਹੈ (ਮੈਂ ਸ਼ੁਗਲ ਨਹੀਂ ਕਰ ਰਿਹਾ)। ਉਸਦੀ ਕਵਿਤਾ ਯਥਾਰਥ ਦੇ ਵਿਰੁੱਧ ਇੱਛਾ ਦਾ ਧੌਂਸਵਾਦੀ ਐਲਾਨ ਹੈ। ਇਸ ਵਿਚ ਇੱਛਾ ਮੌਜੂਦਾ ਯਥਾਰਥ ਨੂੰ ਪਾਰ (transcend) ਕਰਨ ਅਤੇ ਕਿਸੇ ਨਵੀਂ ਤਰਤੀਬ ਵਿਚ ਵਾਸਤਵੀਕਰਨ ਦਾ 'ਪਰਾਜੈਕਟ' ਰੱਖਦੀ ਹੈ। ਪਰ ਕਿਉਂਕਿ ਇਸ 'ਪਰਾਜੈਕਟ' ਦੀ ਅਸਲੀ ਸੰਭਾਵਨਾ ਗੁਜ਼ਰ ਚੁੱਕੀ ਹੈ, ਜਾਂ ਕਦੇ ਸੀ ਵੀ ਨਹੀਂ, ਇਸ ਵਿਚ ਤਾਕਤ ਦੇ ਨਾਲ ਨਾਲ ਦਿਲਗੀਰੀ (melancholy) ਅਹਿਸਾਸ ਵੀ ਹੈ। ਇਹ ਅਹਿਸਾਸ ਯਥਾਰਥ ਅੱਗੇ ਗੋਡੇ ਟੇਕਣ 'ਚੋਂ ਨਹੀਂ ਪੈਦਾ ਹੁੰਦਾ ਸਗੋਂ ਮਨੁੱਖੀ ਸੀਮਤਤਾ (finitude) ਅੱਗੇ ਮਜ਼ਬੂਰ ਹੋਣ 'ਚੋਂ ਪੈਦਾ ਹੁੰਦਾ ਹੈ। ਉਸਦੀ ਸ਼ਖਸੀਅਤ ਦਾ ਰੁਮਾਂਟਿਕ ਹਿੱਸਾ ਵੀ ਇਵੇਂ ਹੀ ਹੈ। ਉਸਨੂੰ ਪਿਆਰ ਕਰਨ ਦੇ ਮੌਕੇ ਨਾ ਦੇਣ ਵਾਲਾ ਪੰਜਾਬੀ ਸਭਿਆਚਾਰ ਉਸਦੇ ਕਿੱਤੂ ਅੱਗੇ ਲਾਜਵਾਬ ਪਰ ਫਿਰ ਵੀ ਕੁੱਝ ਹੱਦ ਤਕ ਅਬਦਲ ਹੈ। ਚੰਦਨ ਹੁਣ ਰਚਨਾ ਰਾਹੀਂ ਯਥਾਰਥ ਨੂੰ ਵੰਗਾਰਦਾ ਅਤੇ ਪਾਰ ਕਰਦਾ ਹੈ, ਜੋ ਅਸਲੀ 'ਪਰਜੈਕਟ' ਦੀ ਉਪਰਾਮ ਪਰ ਖਾਸ ਕਿਸਮ ਹੈ।

ਅਜਮੇਰ ਯਥਾਰਥ ਨੂੰ ਨਾ ਪਾਰ ਕਰਨਾ ਚਾਹੁੰਦਾ ਹੈ ਨਾ ਬਦਲਣਾ। ਉਹ ਇਸਨੂੰ ਸਮਝਣਾ ਅਤੇ ਬਿਆਨਣਾ ਚਾਹੁੰਦਾ ਹੈ। ਉਸਦੀ ਕਵਿਤਾ ਸਮੁੰਦਰ ਕੰਢੇ ਖੜੇ ਨਿਊਟਨ ਦੀ ਚੇਤਨਾ ਵਾਲੀ ਹੈ। ਉਹ ਬਹੁਤ ਕੁਝ ਜਾਣ ਕੇ ਵੀ, ਜਾਂ ਜਾਣਕੇ ਹੀ, ਭੈਭੀਤ ਅਤੇ ਰਹੱਸ-ਗ੍ਰਸਤ ਹੈ। ਜੇ ਚੰਦਨ 'ਕਸ਼ੱਤਰੀ' ਹੈ ਤਾਂ ਅਜਮੇਰ 'ਬ੍ਰਾਹਮਣ'। ਉਸਦੀ ਕਵਿਤਾ ਨੂੰ ਹਸਤੀਵਾਦੀ (ontological) ਕਿਹਾ ਜਾ ਸਕਦਾ ਹੈ। ਇਹ ਇੱਛਾ ਰਾਹੀਂ ਤਾਕਤ ਦਾ ਵਾਸਤਵੀਕਰਨ ਨਹੀਂ ਮੰਗਦੀ। ਇਹ ਤਾਂ ਬ੍ਰਹਮ ਵਿਚ ਵਸਦੀ ਚੇਤਨਾ ਬਾਰੇ, ਮਾਦੇ ਵਿਚੋਂ ਜ਼ਿੰਦਗੀ ਦੇ ਸ਼ੁਰੂ ਬਾਰੇ ਅਤੇ ਇਸ ਸਭ ਕੁਝ ਵਿਚੋਂ ਪੈਦਾ ਹੋਏ ਇਕ ਰਹੱਸਮਈ ਵਿਸਮਾਦ ਬਾਰੇ ਗਲ ਕਰਦੀ ਹੈ।

ਕਵੀ ਦੇ ਤੌਰ ਤੇ ਸਾਧੂ ਇਕ ਸਾਧੂ ਹੈ। ਮੇਰਾ ਭਾਵ ਵਹਿਮਾਂ ਭਰਮਾਂ ਵਿਚ ਲੋਕਾਂ ਨੂੰ ਫਸਾਉਣ ਵਾਲੇ ਹਿੰਦੁਸਤਾਨੀ ਸਾਧੂਆ ਤੋਂ ਨਹੀਂ। ਉਹ ਇਕ ਸਾਂਵੇ ਮਨ ਵਾਲਾ, ਤਰਕਸ਼ੀਲ, ਪ੍ਰਗਤੀਵਾਦੀ, ਸਦਾਚਾਰਕ ਅਤੇ ਜੀਵਨ ਬਾਰੇ ਚਿੰਤਾਤੁਰ ਇਨਸਾਨ ਹੈ। ਉਸਦੇ 'ਪੈਰਾਡਾਈਮ' ਨੂੰ ਸਦਾਚਾਰਕ ਕਿਹਾ ਜਾ ਸਕਦਾ ਹੈ ਕਿਉਂਕਿ ਉਹ ਇਨਸਾਨ ਵਲ ਅਤੇ ਇਨਸਾਨੀ ਯਥਾਰਥ ਵਲ, ਜੋ ਹੈ ਅਤੇ ਜੋ ਹੋਣਾ ਚਾਹੀਦਾ ਹੈ, ਦੇ ਨਜ਼ਰੀਏ ਤੋਂ ਤਕਦਾ ਹੈ। ਉਸਦਾ ਮਨ ਫਰੀਦ ਵਾਂਗ ਮੈਦਾਨ ਹੈ (ਫਰੀਦਾ ਮਨ ਮੈਦਾਨ ਕਰ..)। ਇਸ ਵਿਚ ਅੰਤਰਮੁਖੀ (subjective) ਬੋਝ ਬਹੁਤ ਘੱਟ ਹੈ। ਉਸਦੀ ਚਿੰਤਾ ਲੋਕਾਂ ਦੀ ਚਿੰਤਾ ਹੈ। ਇਸ ਵਿਚ ਉਸਦੇ ਨਿਰੋਲ ਨਿੱਜੀ ਦਵੰਦ ਨਹੀਂ ਹਨ। ਨਾ ਉਹ ਹਸਰਤਾਂ ਦੀ ਗੱਲ ਕਰਦਾ ਹੈ ਨਾ ਜ਼ੁਲਫਾਂ ਦੇ ਸੁਪਨੇ ਦੇਖਦਾ ਹੈ। ਜੇ ਉਹ ਕਦੇ ਇਸ ਵਿਸ਼ੇ ਬਾਰੇ ਲਿਖਦਾ ਵੀ ਹੈ ਤਾਂ ਸਦਾਚਾਰਕ ਦ੍ਰਿਸ਼ਟੀਕੋਣ ਤੋਂ:

ਰਾਤ ਨੂੰ ਮਹਿਬੂਬ ਦੀਆਂ ਜ਼ੁਲਫਾਂ
ਅਤੇ ਜ਼ੁਲਫਾਂ ਨੂੰ ਰਾਤ
ਦੇਖੋ ਕਰ ਰਿਹਾ ਹੈਰਾਨ ਅੱਖਰਾਂ ਨਾਲ ਹੀ
ਇਸ ਦੰਭ ਦੇ ਮੇਲੇ 'ਚ ਦੰਭ ਗਾ ਰਿਹਾ
ਦਿਨ ਚੜਨ ਤੇ ਨਸ਼ਾ ਲਹਿਣ ਤੇ ਕਰੇਗਾ ਕੀ
(ਸ਼ਾਇਰ)

ਜਾਂ

ਇਹ ਕਵਿਤਾ
ਮੁਖਾਤਬ ਹੈ ਉਸ ਕੁੜੀ ਨੂੰ
ਜੋ ਆਪਣੀ ਹੀ ਆਜ਼ਾਦੀ ਦੀ
ਗੁਲਾਮ ਹੋ ਗਈ ਹੈ। (ਵਿਛੁੰਨੇ ਲੋਕ)

ਸਾਡੀ ਬੁਨਿਆਦੀ ਫਿਤਰਤ ਦਾ ਸਾਡੇ ਵਾਸ ਨਾਲ ਬੜਾ ਡੂੰਘ ਰਿਸ਼ਤਾ ਹੈ। ਸਮਾਜ ਇਨਸਾਨ ਲਈ ਇਵੇਂ ਹੈ ਜਿਵੇਂ ਸ਼ੇਰ ਲਈ ਜੰਗਲ ਅਤੇ ਮੱਛੀਆਂ ਲਈ ਕੋਈ ਜੀਂਦੀ ਜਾਗਦੀ ਝੀਲ। ਜਦੋਂ ਵਾਸ, ਕਿਸੇ ਜੀਵ ਦੀ ਬੁਨਿਆਦੀ ਫਿਤਰਤ ਦੇ ਅਨੁਕੂਲ ਨਹੀਂ ਹੁੰਦਾ ਜਾਂ ਰਹਿੰਦਾ ਤਾਂ ਇਕ ਉਪਰਾਮਤਾ ਸ਼ੁਰੂ ਹੁੰਦੀ ਹੈ। ਇਹ ਉਪਰਾਮਤਾ ਸਧਾਰਨ ਉਦਰੇਵੇਂ ਤੋਂ ਲੈਕੇ ਮੁਕੰਮਲ ਮੌਤ ਤਕ ਜਾ ਸਕਦੀ ਹੈ। ਪਰਵਾਸ ਦੀ ਜ਼ਿੰਦਗੀ ਵਿਚ ਉਪਰਾਮਤਾ ਦੇ ਅਹਿਸਾਸ ਬਾਰੇ ਸਾਧੂ ਨੇ ਖੂਬ ਲਿਖਿਆ ਹੈ। ਉਸਦੀ ਕਵਿਤਾ ਵਿਚ ਉਪਰਾਮਤਾ ਇਕ ਅਮੂਰਤ ਭਾਵੁਕਤਾ ਨਹੀਂ ਸਗੋਂ ਸਥੂਲ ਸਥਿਤੀਆਂ 'ਚ ਫਸੇ ਇਨਸਾਨਾ ਦਾ, ਦਿਲ-ਟੰਬਵਾਂ ਦੁਖਾਂਤ ਹੈ। ਜਦੋਂ ਤੁਹਾਡਾ ਆਪਣਾ ਹੀ ਪੁਤਰ ਤੁਹਾਨੂੰ ਪੁੱਛਦਾ ਹੈ:

ਡੈਡੀ ਕੀ ਤੂੰ ਵੀ ਬੀਨ ਵਜਾ ਕੇ
ਰੱਸਾ ਖੜਾ ਕਰ ਸਕਦਾ ਏਂ?

ਜਾਂ

ਮੇਰੇ ਸਾਥੀ ਕਾਮਿਆਂ ਵੀ ਜਾਪਦਾ ਹੈ,
'ਮਿੱਕੀ ਮਾਊਸ' ਤੇ 'ਡੋਨਾਲਡ ਡੱਕ' ਤੋਂ ਹੀ
ਜਾਣਿਆ ਜ਼ਿੰਦਗੀ ਦਾ ਹਰ ਰਾਜ਼
ਦਹਾਕਿਆਂ ਉੱਤੇ
ਮੇਰੇ ਨਾਲ ਕੰਮ ਕਰਨ ਬਾਅਦ ਵੀ
ਸ਼ੱਕ ਹੈ ਕਈਆਂ ਨੂੰ
ਮੈਂ ਐਵੇਂ ਜਾਣਕੇ ਨਹੀਂ ਦੱਸਦਾ
ਉਹਨਾਂ ਨੂੰ ਸੱਪ ਕੀਲਣ ਦੀ ਜਾਂਚ
(ਤੇਰਵੇਂ ਵਰ੍ਹੇ ਦੇ ਨਾਂ)

ਜਦੋਂ ਭਗਤ ਸਿੰਘ ਅਤੇ ਸਰਾਭੇ ਨੂੰ ਹੀਰੋ ਮੰਨਣ ਵਾਲੇ ਸਾਥੀਆਂ ਨੂੰ ਛੱਡਕੇ 'ਡੋਨਲਡ ਡੱਕ' ਦੇ ਪੈਰੋਕਾਰਾਂ ਨਾਲ ਮੱਥਾ ਮਾਰਨਾ ਪੈਂਦਾ ਹੈ ਤਾਂ ਉਪਰਾਮਤਾ ਬੇਹੂਦਗੀ ਦੀ ਹੱਦ ਤਕ ਵੱਧ ਜਾਂਦੀ ਹੈ। ਇਸੇ ਲਈ ਉਹ ਪੁਛਦਾ ਹੈ:

ਹੁਣ ਤੂੰ ਹੀ ਦੱਸ ਕਨੇਡਿਆ ਡਲੇਡਿਆ
ਕਿਦਾਂ ਉਹਨਾਂ ਸੰਗ ਮੈਨੂੰ ਹਾਸਾ ਆਵੇ।

ਫਿਰ ਇਸ ਨਵੇਂ ਸਵਰਗ ਵਿਚ ਫਸੇ ਇਨਸਾਨ ਦਾ ਜੋ ਕਾਇਆ ਕਲਪ (metamorphosis) ਹੁੰਦਾ ਹੈ, ਉਹ ਫਰਕ ਸਾਧੂ ਦੀ ਕਵਿਤਾ ਵਿਚ ਕੋਈ ਰਹੱਸ ਦਾ ਪਰਦਾ ਨਹੀਂ ਪਹਿਨਦਾ:

ਆਪਣੇ ਦੋਸਤ ਸੰਧੂ ਦੀ ਐਮ. ਏ.
ਫਾਰਮਾਂ ਦੀ ਠੇਕੇਦਾਰੀ ਨੇ ਖਾ ਲਈ ਹੈ
ਜਿਵੇਂ ਘੁਣ ਨੇ ਖਾਧੀ ਹੈ
ਤੁਹਾਡੇ ਦਲਾਨ ਦੀ ਸ਼ਤੀਰੀ
ਤੇ ਉਹਦੇ ਵਿਚੋਂ ਹੁਣ
ਇਕ ਪੜ੍ਹੇ ਲਿਖੇ ਦੇ ਛੱਡ ਕੇ
ਸਾਧਾਰਨ ਮਨੁੱਖ ਦੇ ਵੀ
ਸਾਰੇ ਗੁਣ ਗਾਇਬ ਹਨ। (ਆਖਰੀ ਖੱਤ)

ਉਸਦੀ ਕਵਿਤਾ ਧਾਰਮਕ ਲੋਕਾਂ ਦੇ ਦੋਹਰੇਪਨ, ਵਰਤੋਂਵਾਦੀ ਕਦਰਾਂ ਦਾ ਇਨਸਾਨ ਉੱਤੇ ਗਲਬਾ, ਆਦਿਵਾਸੀਆਂ ਦੀ ਦੁਰਦਸ਼ਾ, ਹਿੰਦੁਸਤਾਨੀ ਜ਼ਿੰਦਗੀ ਦੀਆਂ ਕਮੀਆਂ ਅਤੇ ਉਤਰੀ-ਅਮਰੀਕਣ ਸਮਾਜ ਦੀਆਂ ਊਣਤਾਈਆਂ ਬਾਰੇ ਹੈ। ਇਸ ਸੱਭ ਕੁੱਝ ਨੂੰ ਉਹ ਮਾਨਵਵਾਦੀ ਕਦਰਾਂ ਦੇ ਇਕ ਮਿਆਰ ਤੋਂ ਦੇਖਦਾ ਹੈ। ਇਸ ਮਿਆਰ ਤੋਂ ਡਿੱਗੇ ਇਨਸਾਨ ਵਲ ਉਸਦੀ ਕਵਿਤਾ ਵਿਚ ਜਿਥੇ ਵਿਅੰਗ ਹੈ ਉਥੇ ਇਕ ਧੀਮਾ ਜਿਹਾ ਹਾਸਰਸ ਵੀ ਹੈ। ਇਹ ਹਾਸਰਸ ਉਸਦੀ ਕਵਿਤਾ ਨੂੰ ਇਕ ਸਿਹਤਮੰਦ ਨੁਹਾਰ ਦਿੰਦਾ ਹੈ। ਅਜਮੇਰ ਦੀ ਕਵਿਤਾ ਵਿਚ ਅਸੀਂ ਬਾਹਰੋਂ ਅੰਦਰ ਵਲ ਦੇਖਦੇ ਹੋਏ ਹਸਤੀ ਦੇ ਰਹੱਸ ਅਤੇ ਇਸ ਵਿਚੋਂ ਉਪਜੇ ਵਿਸਮਾਦ ਵਿਚ ਗੁੰਮ ਜਾਂਦੇ ਹਾਂ। ਸਾਧੂ ਦੀ ਕਵਿਤਾ ਵਿਚ ਅਸੀਂ ਇਕ ਸਾਂਵੇ ਮਨ ਚੋਂ ਬਾਹਰ ਵਲ ਦੇਖਦੇ ਹਾਂ ਅਤੇ ਆਪਣੇ ਆਪ ਨੂੰ ਇਕ ਤਰਕਸ਼ੀਲ ਪੱਧਰ 'ਤੇ ਲੱਭਦੇ ਹਾਂ:

ਸਾਡੇ ਬਾਰੇ ਤਾਂ ਤੁਸੀਂ ਅਕਸਰ,
ਕੁੱਝ ਨਾ ਕੁੱਝ ਫੁਰਮਾਉਂਦੇ ਹੀ ਰਹਿੰਦੇ ਹੋ,
ਤੁਹਾਡੇ ਬਾਰੇ
ਅਸੀਂ ਵੀ ਕੁਝ ਫੁਰਮਾਉਣਾ ਚਾਹੁੰਦੇ ਹਾਂ
ਤੁਸੀਂ ਕਹਿੰਦੇ ਹੋ 'ਅਸੀਂ ਬਦਲ ਨਹੀਂ ਸਕਦੇ'
ਪਰ ਜਿੰਨਾਂ ਅਸੀਂ ਪਿੰਡੋਂ ਤੁਰ ਕੇ
ਵੈਨਕੂਵਰ ਤਕ ਬਦਲ ਜਾਂਦੇ ਹਾਂ
ਤੁਸੀਂ ਤਿੰਨਾਂ ਸਦੀਆਂ'ਚ ਨਹੀਂ ਬਦਲੇ (ਜਵਾਬ)

ਕਵਿਤਾ ਯਥਾਰਥ ਦਾ ਹੂਬਹੂ ਬਿਆਨ ਨਹੀਂ ਹੈ (ਜੋ ਇਹੋ ਜਹੀ ਕੋਈ ਚੀਜ਼ ਹੈ ਵੀ)। ਇਹ ਯਥਾਰਥ ਵਿਚੋਂ ਪੈਦਾ ਹੋਏ ਅਹਿਸਾਸਾਂ ਦਾ ਪ੍ਰਗਟਾਵਾ ਹੈ। ਮਨੁੱਖੀ ਅਹਿਸਾਸ ਯਥਾਰਥ ਨੂੰ ਇਕ ਸਾਪੇਖਕ (relative) ਤੌਰ ਤੇ ਸਥਿਰ ਕਸਵਟੀ ਉਤੇ ਪਰਖਦੇ ਹਨ। ਮਨੁੱਖੀ ਮਨ ਅਬਦਲ ਸਾਜ਼ ਵਾਂਗ ਹੈ, ਜਿਸ ਉਤੇ ਵਖ ਵਖ ਕਿਸਮ ਦੀਆਂ ਉਕਸਾਹਟਾਂ ਜਾਂ ਗਤੀਆਂ ਵਖ ਵਖ ਕਿਸਮ ਦੀਆਂ ਧੁਨੀਆਂ ਪੈਦਾ ਕਰਦੀਆਂ ਹਨ।

ਕੈਨੇਡਾ ਤੋਂ ਗਏ ਬੰਦੇ ਦੀ ਕਾਰ ਜਦੋਂ ਪਿੰਡ ਦੀ ਫਿਰਨੀ ਉਤੇ ਧੂੜ ਉਡਾਉਂਦੀ ਲੰਘਦੀ ਹੈ, ਤਾਂ ਕਾਰ, ਵਿਦੇਸ਼ੀ ਵਿਸਕੀ ਆਦਿ ਵਿਚੋਂ ਕੈਨੇਡਾ ਬਾਰੇ ਇਕ ਤਸਵੀਰ ਉਭਰਦੀ ਹੈ (ਆਖਰੀ ਖੱਤ)। ਪਰ ਇਹ ਕਹਾਣੀ ਪ੍ਰਤੱਖ ਯਥਾਰਥਕ ਵਰਤਾਰੇ ਦੀ ਕਹਾਣੀ ਹੈ। ਇਸ ਦੇ ਪਿੱਛੇ ਲੁਕੀ ਇਕ ਹੋਰ ਕਹਾਣੀ ਹੈ, ਉਹ ਹੈ ਇਸ ਸਭ ਕੁਝ ਵਿਚ ਵਿਚਰਦੇ ਇਨਸਾਨ ਦੇ ਅਹਿਸਾਸਾਂ ਦੀ। ਇਹ ਸਾਨੂੰ ਕਲਾ ਵਿਚੋਂ ਮਿਲਦੀ ਹੈ ਅਤੇ ਕਲਾ ਵਿਚ ਕਵਿਤਾ ਦੀ ਇਕ ਵਿਲੱਖਣ ਥਾਂ ਹੈ। ਕਵਿਤਾ ਅਹਿਸਾਸਾਂ ਦੇ 'ਸਨੈਪ-ਸ਼ੌਟ' ਹਨ। ਇਹ ਸਾਨੂੰ ਯਥਾਰਥ ਤੋਂ ਅੱਗੇ, ਯਥਾਰਥ ਵਿਚ ਜੂਝਦੇ ਇਨਸਾਨਾਂ ਦੇ ਅਹਿਸਾਸਾਂ ਤਕ ਲੈ ਜਾਂਦੀ ਹੈ। ਕਵੀ ਵਕਤੀ ਯਥਾਰਥ ਨੂੰ ਇਨਸਾਨ ਦੇ ਸਦੀਵੀ ਸੱਚ ਨਾਲ ਜੋੜਦਾ ਹੈ। ਉਕਸਾਹਟਾਂ ਅਤੇ ਗਤੀਆਂ ਨੂੰ ਅੰਕਤ ਕਰਕੇ ਇਸ ਮਨ ਦੇ ਸਾਜ਼ ਚੋਂ ਅਹਿਸਾਸਾਂ ਦੀਆਂ ਉਹੀ ਧੁਨੀਆਂ ਦੋ. ਸੌ ਸਾਲ ਬਾਅਦ ਵੀ ਨਿਕਲਣੀਆਂ ਚਾਹੀਦੀਆਂ ਹਨ, ਕਲਾ ਦੀ ਇਹ ਖੂਬੀ ਹੈ। ਬਾਬਰ ਦੇ ਹਮਲੇ ਦੀਆਂ ਘਟਨਾਵਾਂ ਬਾਰੇ ਅਸੀਂ ਇਤਹਾਸ ਵਿਚ ਪੜ੍ਹ ਸਕਦੇ ਹਾਂ। ਪਰ ਨਾਨਕ ਨੇ ਜੋ ਮਨੁੱਖੀ ਦੁਖਾਂਤ ਮਹਿਸੂਸ ਕੀਤਾ ਸੀ ਉਹ ਅਸੀਂ ਅੱਜ ਵੀ ਮਹਿਸੂਸ ਕਰ ਸਕਦੇ ਹਾਂ:

ਜਿਨ ਸਿਰ ਸੋਹਨ ਪੱਟੀਆਂ,
ਮਾਂਗੀ ਪਾਏ ਸੰਧੂਰ।
ਤੇ ਸਿਰ ਕਾਤੀ ਮੁਨੀਅਨ
ਗਲ ਵਿਚ ਆਏ ਧੂੜ।

ਇਸ ਨਜ਼ਰੀਏ ਤੋਂ ਕਵਿਤਾ ਇਕ ਬੜਾ ਅਹਿਮ ਰੋਲ ਅਦਾ ਕਰਦੀ ਹੈ। ਕਿਸੇ ਖਾਸ ਸਮਾਜ ਦੇ ਯਥਾਰਥ ਦੀ ਪੂਰੀ ਤਸਵੀਰ ਜਾਨਣ ਲਈ ਇਤਿਹਾਸ ਅਤੇ ਵੱਖ ਵੱਖ ਵਿਗਿਆਨ ਕਾਫੀ ਨਹੀਂ ਹਨ, ਕਵਿਤਾ ਵੀ ਜ਼ਰੂਰੀ ਹੈ। ਇਹ ਸਾਨੂੰ, ਪ੍ਰਤੱਖ ਦੇ ਪਰਦਿਆਂ ਦੇ ਪਿੱਛੇ, ਮਨੁੱਖੀ ਮਨ ਦੇ ਰੂਬਰੂ ਜਾ ਖੜਾ ਕਰਦੀ ਹੈ। ਆਰਥਕ ਅੰਕੜੇ ਦੇਖਿਆਂ ਕੈਨੇਡਾ ਸੋਨੇ ਦੀ ਨਗਰੀ ਲਗਦਾ ਹੈ, ਪਰ ਮਨੁੱਖੀ ਮਨ ਦੀ ਤਸੱਲੀ ਅਤੇ ਖੁਸ਼ੀ ਦੇ ਨਜ਼ਰੀਏ ਤੋਂ ਦੇਖਿਆਂ ਇਸ ਵਿਚ ਗੰਭੀਰ ਵਿਸ਼ਾਦ ਦਿਸਦੇ ਹਨ:

ਤੈਨੂੰ ਚੇਤਾ ਏ ਉਸ ਪੀਲੇ ਜਿਹੇ-
ਮੁਲਾਇਮ ਰੰਗ ਦੀ ਕੁੜੀ ਦਾ
ਫਾਟਕ 'ਤੇ ਗੱਡੇ ਘਿੜਲੇ 'ਚੋਂ
ਜਿਸਤੋਂ ਸਾਈਕਲ ਨਹੀਂ ਸੀ ਲੰਘਦਾ ਹੁੰਦਾ
ਹੁਣ ਬਾਰਾਂ ਬਾਰਾਂ ਘੰਟੇ ਖੁੰਬਾ ਤੋੜਦੀ ਹੈ
ਧੱਕੇ, ਗਾਲਾਂ ਖਾਂਦੀ ਹੈ
ਖੰਘ ਦੇ ਦੌਰਿਆਂ ਵਿਚਾਲੇ ਬੱਚੇ ਸਾਂਭਦੀ ਹੈ
ਜਦੋਂ ਵਿਹਲ ਮਿਲੇ ਤਾਂ ਵੀਡੀਓ ਮੂਹਰੇ ਬਹਿੰਦੀ ਹੈ
ਜਾਂ ਵੱਡੀ ਕਿਤਾਬ ਚੋਂ ਪਾਠ ਕਰਦੀ ਹੈ
ਇੰਜ ਉਹ ਸੁਰਗ 'ਚ
ਜੀਵਨ ਦੇ ਅਰਥ ਲਭਦੀ ਹੈ (ਆਖਰੀ ਖੱਤ)

ਕਿਸ਼ਤਾਂ ਵਿਚ ਫਸੇ ਥੱਕੇ ਟੁੱਟੇ ਲੋਕਾਂ ਦਾ ਮਾੜੀ ਧਿਰ ਉਤੇ ਵਾਧੂ ਬੋਝ ਪਾਉਣਾ, ਇਨਸਾਨ ਦਾ ਕੰਮਾਂ ਵਿਚ ਗੁਆਚ ਜਾਣਾ, ਅਤੇ ਜ਼ਿੰਦਗੀ ਦਾ ਅਰਥ ਗੁਆ ਬੈਠਣਾ ਕੈਨੇਡਾ ਦਾ ਉਹ ਯਥਾਰਥ ਹੈ ਜੋ ਕਾਰਾਂ ਦੀ ਲਿਸ਼ਕ ਪਿੱਛੇ ਗੁਆਚ ਜਾਂਦਾ ਹੈ। ਅਸਲ ਕਹਾਣੀ ਦੀ ਪੇਸ਼ਕਾਰੀ, ਕਵਿਤਾ ਦੀ ਜ਼ਿਮੇਵਾਰੀ ਹੈ।

ਸਾਡਾ ਯਥਾਰਥ ਬਹੁਪੱਖੀ ਯਥਾਰਥ ਹੈ। ਸਮਾਜ, ਮੁਲਕ, ਧਰਮ, ਰੰਗ, ਇਤਹਾਸਕ ਯੁੱਗ, ਅਸਤਿਤਵ, ਹਸਤੀ, ਲਿੰਗ, ਸਦਾਚਾਰ, ਸਭਿਆਚਾਰ ਅਤੇ ਹਿਜਰਤ ਆਦਿ ਇਸ ਦੇ ਅਨੇਕਾਂ ਸਮਕਾਲੀ ਪਹਿਲੂ ਹਨ । ਇਸ ਸਭ ਕੁਝ ਨਾਲ ਜੂਝਦਾ ਹੈ ਵਿਚਾਰਾ ਇਕ ਮਨ। ਇਸ 'ਚੋਂ ਪੈਦਾ ਹੁੰਦੇ ਅਹਿਸਾਸ ਅਤੇ ਜਜ਼ਬਾਤ, ਆਸ਼ਾ ਅਤੇ ਨਿਰਾਸ਼ਾ ਦੇ ਦੋ ਵਿਰੋਧੀ ਕੰਢਿਆਂ ਵਿਚਕਾਰ ਵਗਦੇ ਹਨ। ਕਵਿਤਾ ਸਾਡੇ ਲਈ ਯਥਾਰਥ ਦੇ ਪ੍ਰਤੀਕਰਮਾਂ ਦਾ ਪ੍ਰਗਟਾਵਾ ਵੀ ਹੈ ਅਤੇ ਰਹਿਨੁਮਾਈ ਵੀ:

ਸੁਣਦਿਆਂ ਹੀ ਬਣ ਗਏ ਬੰਦੇ ਹੈਵਾਨ,
ਸੰਤਾ ਦੀ ਕਥਾ
ਕੁਝ ਇਸ ਤਰਾਂ ਸੁਣਾਈ ਗਈ
ਫਿਰ ਰਹੇ ਮੌਤ ਵੰਡਦੇ ਆਪਣੇ ਹੀ ਗਰਾਂ
ਅੱਖਾਂ ਚੋਂ ਰੌਸ਼ਨੀ ਉਹਨਾਂ ਦੀ
ਕੁਝ ਇਸ ਤਰਾਂ ਚੁਰਾਈ ਗਈ। (ਕਥਾ)

ਜਦੋਂ ਇਹ ਤਿੰਨ ਕਵੀ ਆਪਣੀਆਂ ਬੱਚੀਆਂ ਦਾ ਜ਼ਿਕਰ ਕਰਦੇ ਹਨ ਤਾਂ ਇਕ ਦਿਲਚਸਪ ਫਰਕ ਦਿਸਦਾ ਹੈ। ਚੰਦਨ ਦੀ ਬੱਚੀ ਅਨੰਤ ਹਾਸਾ ਹਸਦੀ ਹੈ। ਅਜਮੇਰ ਦੀ ਧੀ ਉਹ ਚੇਤਨਾ ਹੈ ਜੋ ਬਦਲਦੀਆਂ ਪੁਸ਼ਤਾਂ ਵਿਚ ਇਕ ਅਬਦਲ ਤੱਤ ਹੈ। ਸਾਧੂ ਜਦੋਂ ਆਪਣੀ ਨਿੱਕੀ ਜਹੀ ਧੀ ਨੂੰ ਸੰਬੋਧਤ ਹੁੰਦਾ ਹੈ ਤਾਂ ਉਹ ਭਵਿੱਖ ਵਿਚ ਦੇਖਦਾ ਹੈ:

ਜਿਹਨਾਂ ਸਰਾਪੇ ਸਮਿਆਂ 'ਚ
ਆਪਾਂ ਨਿਭਾਉਣਾ ਹੈ ਪਿਉ ਧੀ ਦਾ ਰਿਸ਼ਤਾ
ਇਹ ਖ਼੍ਰੀਦ ਸਕਣਾ/ਨਾ ਖ਼੍ਰੀਦ ਸਕਣਾ
ਇਹ ਮਾਇਆ ਦਾ ਹੇਰ ਫੇਰ ਹੀ
ਧੁਰਾ ਹੈ ਜ਼ਿੰਦਗੀ ਦਾ
ਆਪਣੇ ਜ਼ੋਰ ਇਹ ਰਿਸ਼ਤਿਆਂ ਨੂੰ

ਤੋੜਦਾ ਜੋੜਦਾ ਹੈ
ਪਰ ਆਉਣ ਵਾਲੇ ਪਲ ਹੀ ਕਰਨਗੇ
ਇਸ ਗਲ ਦਾ ਫੈਸਲਾ
ਕਿ ਕਿੰਨਾ ਕੁ ਤੁਰੇ ਹਾਂ ਆਪਾਂ
ਵਗਦੀ ਹਵਾ ਦੇ ਉਲਟ। (ਪ੍ਰੀਆ ਦੇ ਨਾਂ)

ਮਨੁੱਖੀ ਸਭਿਆਤਾਵਾਂ ਦਾ ਦਰਿਆਂਵਾਂ ਨਾਲ ਡੂੰਘਾ ਰਿਸ਼ਤਾ ਰਿਹਾ ਹੈ, ਖਾਸ ਕਰ ਹਿੰਦੁਸਤਾਨ ਦਾ। ਉੱਥੇ ਦਰਿਆ ਸਿਰਫ ਜੀਵਨ-ਦਾਤਾ ਹੀ ਨਹੀਂ ਹਨ, ਸਗੋਂ ਸਾਡੇ ਬਜ਼ੁਰਗਾਂ ਦੇ ਜੀਵਨ ਦੀ ਆਖਰੀ ਮੰਜ਼ਲ ਵੀ। ਮੌਤ ਤੋਂ ਬਾਅਦ ਅਸੀਂ ਕਬਰਾਂ ਵਿਚ ਪਏ ਪੁਨਰਜੀਵਨ (ressurectiion) ਨਹੀਂ ਉਡੀਕਦੇ ਸਗੋਂ ਦਰਿਆਵਾਂ ਰਾਹੀਂ ਕੁਦਰਤ ਨਾਲ ਇਕ ਮਿਕ ਹੁੰਦੇ ਹਾਂ। ਸਾਧੂ ਦੀ ਕਵਿਤਾ 'ਰਿਸ਼ਤੇ ਦਰਿਆਵਾਂ ਦੇ' ਬੜੇ ਥੋੜੇ ਜਹੇ ਸ਼ਬਦਾਂ ਵਿਚ ਇਕ ਬਹੁਤ ਡੂੰਘਾ ਸੱਚ ਸਾਡੇ ਸਾਹਮਣੇ ਲਿਆਂਦੀ ਹੈ। ਦਰਿਆਵਾਂ ਅਤੇ ਥਾਵਾਂ ਦਾ ਭੂਗੋਲ ਇਕ ਚੀਜ਼ ਹੈ, ਪਰ ਇਹਨਾਂ ਦੇ ਇਨਸਾਨਾਂ ਨਾਲ ਰਿਸ਼ਤੇ ਸਾਡੇ ਪਰਾ-ਯਥਾਰਥ ਦਾ ਹਿੱਸਾ ਹਨ। ਗੰਗਾ, ਜਮਨਾ, ਅਤੇ ਸਤਲੁਜ ਦੇ ਸਾਡੇ ਨਾਲ ਡੂੰਘੇ ਰਿਸ਼ਤੇ ਦੀ ਥਾਂ ਹੁਣ ਨਵੇਂ ਦਰਿਆ ਅਤੇ ਅਜਨਬੀ ਥਾਵਾਂ ਲੈ ਰਹੀਆਂ ਹਨ:

ਕਿੰਝ ਬਦਲੇ ਨੇ ਮੇਰੇ ਲਈ
ਅਰਥ ਅਜਨਬੀ ਥਾਵਾਂ ਦੇ
ਖਬਰੇ ਇਹੀ ਹੁੰਦੇ ਨੇ
ਬੰਦਿਆਂ ਨਾਲ ਰਿਸ਼ਤੇ ਦਰਿਆਵਾਂ ਦੇ।
(ਰਿਸ਼ਤੇ ਦਰਿਆਵਾਂ ਦੇ)

ਸਾਧੂ ਦੀ ਇਹ ਕਵਿਤਾ ਉਸਦੇ ਕਾਵਿ-ਪੈਰਾਡਾਈਮ ਦੇ ਦਿਸਹੱਦੇ ਤੇ ਖੜੀ ਹੈ, ਜਿਥੇ ਸ਼ਾਇਦ ਵਡੇਰਾ ਪੈਰਾਡਾਈਮ ਸ਼ੁਰੂ ਹੁੰਦਾ ਹੈ।

ਸਾਧੂ ਤੋਂ ਅਸੀਂ ਅਜੇ ਵਡੇਰੀਆਂ ਆਸਾਂ ਰਖਦੇ ਹਾਂ।□

**ਬਲਦੇਵ ਦੂਹੜੇ,ਸਰੀ**

□☆☆☆☆☆☆☆☆☆☆☆☆☆☆□

## ਮੁਹੱਬਤ (ਕਾਵਿ ਸੰਗ੍ਰਹਿ)
## ਲੇਖਕ: ਰਵਿੰਦਰ ਗਿੱਲ

ਬਾਲਕ ਮਨ ਦੀਆਂ ਖੁਸ਼ੀਆਂ ਤੇ ਖੁਸ਼ੀਆਂ ਦੀ ਪੂਰਤੀ ਦੇ ਸਾਧਨ ਘਰ ਦੀ ਚਾਰਦੀਵਾਰੀ ਦੇ ਅੰਦਰ ਸੁਰੱਖਿਅਤ ਹੁੰਦੇ ਹਨ। ਮਾਂ-ਬਾਪ ਦਾ ਪਿਆਰ ਤੇ ਫਰਜ਼ ਬਾਲਕ ਦੇ ਮਨ ਉੱਤੇ ਸੋਚਾਂ ਜਾਂ ਮੁਸੀਬਤਾਂ ਦਾ ਹਨ੍ਹੇਰਾ ਨਹੀਂ ਹੋਣ ਦਿੰਦੇ, ਸ਼ਾਇਦ ਇਹੀ ਕਾਰਨ ਹੈ ਕਿ ਰਵਿੰਦਰ ਨੇ ਆਪਣੀ ਦੂਸਰੀ ਕਿਤਾਬ 'ਮੁਹੱਬਤ' ਮਾਂ ਬਾਪ ਨੂੰ ਸਮਰਪਤ ਕੀਤੀ ਹੈ।

ਘਰ ਦੀ ਚਾਰਦੀਵਾਰੀ ਤੋਂ ਬਾਹਰ ਜ਼ਿੰਦਗੀ, ਇਕ ਦੌੜ ਦਾ ਮੈਦਾਨ ਹੈ। ਹਰ ਇਨਸਾਨ ਜੀਵਨ ਦੌੜ ਵਿਚ ਸੱਭ ਤੋਂ ਅੱਗੇ ਰਹਿਣਾ ਚਾਹੁੰਦਾ ਹੈ। ਇਸ ਦੌੜ ਵਿਚ ਕੋਈ ਆਪਣੀ ਨਿਰਬਲਤਾ ਕਰਕੇ ਪਿੱਛੇ ਰਹਿ ਜਾਵੇ ਤਾਂ ਏਨਾ ਅਫ਼ਸੋਸ ਨਹੀਂ ਹੁੰਦਾ ਜਿੰਨਾ ਹਮਰਾਹੀਆਂ ਦੀਆਂ ਕੀਤੀਆਂ ਸਾਜ਼ਿਸ਼ਾਂ ਤੇ ਬੇਇਨਸਾਫੀਆਂ ਕਰਕੇ ਪਿੱਛੇ ਰਹਿਣ ਵਿਚ ਹੁੰਦਾ ਹੈ। ਕਈ ਹਮਰਾਹੀਆਂ ਦੀਆਂ ਕੁਟਿਲ ਨੀਤੀਆਂ ਅਤੇ ਚਾਲਾਂ ਅਨਭੋਲ ਮਨ ਦੀ ਮੱਤ ਮਾਰ ਜਾਂਦੀਆਂ ਹਨ, ਮਨ 'ਤੇ ਹਨੇਰਾ ਛਾ ਜਾਂਦਾ ਹੈ। ਐਸਾ ਹੀ ਕਾਰਨ ਸੀ ਜਿਸ ਕਰਕੇ ਰਵਿੰਦਰ 'ਚਾਨਣ ਦੀ ਭਾਲ ਵਿੱਚ ਨਿਕਲਿਆ ਤੇ ਇਹ ਉਸਦੀ ਖੁਸ਼ਕਿਸਮਤੀ ਹੈ ਕਿ'ਮੁਹੱਬਤ'-

ਬਿਨਾ ਖੜਾਕ, ਕੂਲੇ ਪੈਰਾਂ ਤੇ ਤੁਰਦੀ
ਉਹਦੇ ਵਿਹੜੇ ਆ ਖੜੋਤੀ
ਤੇ ਵਿਹੜੇ ਵਿਚ
ਚਾਨਣ ਹੀ ਚਾਨਣ
ਫੈਲ ਗਿਆ। (ਪੰਨਾ 9)

ਤੇ ਅੱਜ, ਉਸ ਚਾਨਣ ਦਾ ਪ੍ਰਕਾਸ਼ ਪ੍ਰਕਾਸ਼ਿਤ ਹੋ ਕੇ ਤੁਹਾਡੇ ਹੱਥਾਂ ਵਿਚ ਹੈ।

ਉਰਦੂ ਦੇ ਪ੍ਰਸਿੱਧ ਸ਼ਾਇਰ 'ਸ਼ਕੀਲ ਬਦਾਯੂਨੀ' ਦਾ ਇਕ ਸ਼ਿਅਰ ਹੈ:

ਮੈਂ 'ਸ਼ਕੀਲ' ਦਿਲ ਦਾ ਹੂੰ ਤਰਜੁਮਾਂ, ਕਿ ਮੁਹੱਬਤੋਂ ਕਾ ਹੂੰ ਰਾਜ਼ਦਾਂ,
ਮੁਝੇ ਫ਼ਖ਼ਰ ਹੈ, ਮੇਰੀ ਸ਼ਾਇਰੀ, ਮੇਰੀ ਜ਼ਿੰਦਗੀ ਸੇ ਜੁਦਾ ਨਹੀਂ।

ਭਾਂਵੇਂ ਰਵਿੰਦਰ ਨੂੰ ਮੈਂ ਬਹੁਤਾ ਨੇੜਿਓਂ, ਨਿੱਜੀ ਤੌਰ ਤੇ ਨਹੀਂ ਜਾਣਦਾ ਪਰ ਮੈਂ ਜਿੰਨਾ ਉਸ ਨੂੰ ਪੜ੍ਹਿਆ ਜਾਂ ਜਾਣਿਆਂ ਹੈ, ਉਸ ਦੀ ਸ਼ਾਇਰੀ ਵੀ ਉਸ ਦੀ ਜ਼ਿੰਦਗੀ ਤੋਂ ਜੁਦਾ ਨਹੀਂ।

ਜ਼ਿੰਦਗੀ ਦੇ ਸਹੀ ਵਹਾਓ ਤੋਂ ਭਟਕਿਆ ਇਨਸਾਨ ਇਕ 'ਰੁਕੀ ਨਦੀ' ਵਾਂਗ ਅਲੱਗ ਹੋ ਜਾਂਦਾ ਹੈ। ਉਸਦਾ ਜੀਵਨ-ਜਲ ਤਰੱਕ ਜਾਂਦਾ ਹੈ। ਉਸਦਾ ਸ਼ਹੁਸਾਗਰ ਜਾਂ ਤ੍ਰਿਪਤੀ ਦੀ ਮੰਜ਼ਿਲ ਨਾਲ ਮਿਲਾਪ ਨਹੀਂ ਹੁੰਦਾ। ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿਚ ਕਿਸਨੂੰ ਏਨੀ ਵਿਹਲ ਹੈ ਕਿ ਉਹ 'ਰੁਕੀ ਨਦੀ' ਦੇ ਗੰਦੇ ਮਾਹੌਲ ਵਿਚ ਇਸ ਆਸ ਤੇ ਬੈਠੇ ਕਿ ਕਦੋਂ ਇਸਦਾ ਸਾਰਾ ਪਾਣੀ ਬੱਦਲੀ ਬਣਕੇ ਕੋਈ ਛਹਿਬਰ ਲਾ ਸਕੇ, ਕੋਈ ਲਹਿਰ ਪੈਦਾ ਕਰ ਸਕੇ ਜਾਂ ਉਸਦੇ ਖੇਤਾਂ 'ਚ ਬਰਸ ਕੇ ਝੂਮਦੀ ਤੇ ਮਹਿਕ ਦੀ ਬਹਾਰ ਲੈ ਕੇ ਆਵੇ? ਰਵਿੰਦਰ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਦੇ ਵਹਾਓ ਤੋਂ ਵੀ ਖ਼ਬਰਦਾਰ ਕਰਨ ਲਈ ਇਹ ਲਿਖਦਾ ਹੈ:

ਜੇ ਵਗਦੀ ਨਦੀ ਦੇ ਜ਼ਾਲਿਮ ਵਹਾ ਤੋਂ
ਬੱਚਣ ਦੀ ਲੋੜ ਹੈ
ਤਾਂ 'ਰੁਕੀ ਨਦੀ' ਦਾ
ਗਲ ਸੜਕੇ ਜ਼ਹਿਰੀਲਾ ਹੋਇਆ ਪਾਣੀ
ਘੱਟ ਖ਼ਤਰਨਾਕ ਨਹੀਂ ਹੁੰਦਾ। (ਪੰਨਾ 15)

'ਮੁਹੱਬਤ' ਵਿਚ ਰਵਿੰਦਰ 'ਗੀਤਾ' ਅਤੇ 'ਰਮਾਇਣ' ਵਰਗੇ ਮਹਾਨ ਗ੍ਰੰਥਾਂ ਨੂੰ ਅੱਜ ਦੀਆਂ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਲੋੜਾਂ ਅਨੁਸਾਰ ਬਦਲ ਦੇਣਾ ਚਾਹੁੰਦਾ ਹੈ। 'ਨਵਾਂ ਸਾਲ' ਵਿਚ ਉਹ ਲਿਖਦਾ ਹੈ:

ਗੁਜ਼ਰੇ ਦਾ ਭਾਵੇਂ ਕਦੇ ਭੁੱਲੇ ਨਾ ਖਿਆਲ
ਨਵੇਂ ਦੇ ਤਾਂ ਹੋਣੇ ਯਾਰੋ। ਨਵੇਂ ਹੀ ਸਵਾਲ।

'ਮੁਹੱਬਤ' ਵਿਚ ਕਿਤੇ ਕਿਤੇ ਰਵਿੰਦਰ ਹਾਲੀ ਵੀ ਕਵਿਤਾ ਦੇ ਗੁਣਾਂ ਤੋਂ ਕੁਝ ਅਣਜਾਣ ਜਾਪਦਾ ਹੈ। ਕਿਤੇ ਕਿਤੇ ਖ਼ਿਆਲ ਦੀ ਪਰਪੱਕਤਾ ਵੀ ਨਹੀਂ। ਉਮੀਦ ਹੈ ਸਮਾ ਕੱਢਕੇ ਏਸ ਪਾਸੇ ਧਿਆਨ ਦੇਵੇਗਾ।

'ਹੋਏ ਪ੍ਰਦੇਸੀ', 'ਪਾਇਲ ਦੀ ਝਨਕਾਰ', 'ਯਾਦ ਪ੍ਰਾਹੁਣੀ ਆਈ', 'ਸਾਡੇ ਸ਼ਹਿਰ ਵੀ ਆ ਸੱਜਣਾ', 'ਦਰਦ ਸਹਾਰਾ', 'ਪੰਜਾਬ' ਤੇ 'ਨੱਚ ਨੱਚ ਪਾਉਣਾ ਭੜਥੂ' ਬੜੇ ਚੰਗੇ ਯਥਾਰਥਵਾਦੀ ਗੀਤ ਹਨ। ਇਸ ਤੋਂ ਇਲਾਵਾ ਉਸਨੇ ਗ਼ਜ਼ਲ ਤੇ ਵੀ ਹੱਥ ਅਜ਼ਮਾਇਆ ਹੈ, ਜਿਸ ਵਿਚ ਕਿਸੇ ਹੱਦ ਤੱਕ ਕਾਮਯਾਬ ਵੀ ਹੋਇਆ।

ਪੰਜਾਬੀਅਤ ਨੂੰ ਦੋ ਕਾਵਿ-ਸੰਗ੍ਰਹਿ, ਦੋ ਸਭਿਆਚਾਰਕ ਮੇਲੇ, ਦੋ ਗਾਇਕ ਅਤੇ ਗੀਤਾਂ ਤੇ ਗਜ਼ਲਾਂ ਦੀਆਂ ਦੋ ਟੇਪਾਂ ਦੇਣ ਵਾਲੇ ਰਵਿੰਦਰ ਦੀ, ਇਸ 'ਮੁਹੱਬਤ' ਨੂੰ ਮੈਂ 'ਜੀ ਆਇਆਂ' ਕਹਿੰਦਾ ਹਾਂ ਤੇ ਉਮੀਦ ਰੱਖਦਾ ਹਾਂ ਕਿ ਉਸਦੀ ਇਹ 'ਮੁਹੱਬਤ' ਫ਼ੈਲ ਕੇ ਸਾਰੇ ਜ਼ਮਾਨੇ ਨੂੰ ਆਪਣੇ ਕਲਾਵੇ 'ਚ ਲੈ ਲਵੇਗੀ।

**ਪ੍ਰੀਤਮ ਸਿੰਘ ਧੰਜਲ, ਉਨਟੈਰਿਓ**

□☆☆☆☆☆☆☆☆☆☆☆☆☆☆□




**ਸਤਲੁਜ ਫੈਸ਼ਨਜ਼**

**9332 -120 St.**
**Surrey, B.C.**
**ਫੋਨ: 589-6161**

**ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਉ।**

□■□■□■

# ਸਰਗਰਮੀਆਂ

(ਇਸ ਕਾਲਮ ਵਿਚ ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਵੱਧ ਤੋਂ ਵੱਧ ਸਰਗਰਮੀਆਂ ਨੂੰ ਰੀਕਾਰਡ ਕਰ ਸਕੀਏ। ਵਤਨ ਦੇ ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਆਸ ਪਾਸ ਹੁੰਦੀਆਂ ਸਾਹਿਤਕ ਤੇ ਸਭਿਆਚਾਰਕ ਸਰਗਰਮੀਆਂ ਬਾਰੇ ਸਾਨੂੰ ਸੰਖੇਪ ਰੀਪੋਰਟ ਭੇਜਣ ਤਾਂ ਕਿ ਉਹ ਇਥੇ ਰੀਕਾਰਡ ਹੋ ਸਕੇ। - ਸੰਪਾਦਕ)

**ਟਰਾਂਟੋ:** 22 ਮਾਰਚ, 1992 ਵਾਲੇ ਦਿਨ ਵੈਸਟ ਹੈਂਬਰ ਸੈਕੰਡਰੀ ਸਕੂਲ ਦੇ ਆਡੀਟੋਰੀਅਮ ਵਿਚ ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਵਲੋਂ ਭਗਤ ਸਿੰਘ - ਪਾਸ਼ ਦਿਨ ਮੌਨਾਉਣ ਲਈ ਇਕ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਵਿਚ ਵੱਖ ਵੱਖ ਵਿਸ਼ਿਆਂ ਤੇ ਪਰਚੇ ਪੜ੍ਹੇ ਗਏ ਅਤੇ ਕਵੀਆਂ ਵਲੋਂ ਕਵਿਤਾਵਾਂ ਦਾ ਪਾਠ ਕੀਤਾ ਗਿਆ। ਇਸ ਪ੍ਰੋਗਰਾਮ ਵਿਚ ਸਥਾਨਕ ਬੁਧੀਜੀਵੀਆਂ ਅਤੇ ਕਵੀਆਂ ਤੋਂ ਇਲਾਵਾ ਵੈਨਕੂਵਰ ਤੋਂ ਵੈਨਕੂਵਰ ਸੱਥ ਦੀ ਟੀਮ ਦੋ ਡਰਾਮੇ ਲੈ ਕੇ ਸ਼ਾਮਿਲ ਹੋਈ। ਸੱਥ ਵਲੋਂ ਪੰਜਾਬੀ ਸਮਾਜ ਵਿਚ ਔਰਤਾਂ ਉੱਪਰ ਹੁੰਦੀ ਹਿੰਸਾ ਬਾਰੇ ਨਾਟਕ 'ਲੱਤਾਂ ਦੇ ਭੂਤ' ਅਤੇ ਨਵੀਂ ਪੀੜੀ ਤੇ ਪੁਰਾਣੀ ਪੀੜੀ ਵਿਚਕਾਰ ਕਦਰਾਂ ਕੀਮਤਾਂ ਦੇ ਟਕਰਾਅ ਦੇ ਵਿਸ਼ੇ ਉਪਰ ਨਾਟਕ 'ਕਿਹਦਾ ਵਿਆਹ' ਦਾ ਇਕ ਭਾਗ ਪੇਸ਼ ਕੀਤਾ ਗਿਆ। ਸੱਤ ਸੌ ਦੇ ਕਰੀਬ ਦਰਸ਼ਕਾਂ ਨੇ ਪੂਰੀ ਸੰਜੀਦਗੀ ਨਾਲ ਕਵਿਤਾਵਾਂ, ਪਰਚਿਆਂ ਤੇ ਨਾਟਕਾਂ ਦਾ ਆਨੰਦ ਮਾਣਿਆਂ।

**ਈਸਟ ਇੰਡੀਅਨ ਵਰਕਰਜ਼ ਐਸੋਸੀਏਸ਼ਨ ਟਰਾਂਟੋ।**

**29 ਮਾਰਚ, ਵਿੰਨੀਪੈਗ:** ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਸ਼ਹੀਦ ਕਾਂਸ਼ੀ ਰਾਮ, ਕਵੀ ਪਾਸ਼ ਅਤੇ ਡੈਮਲ ਸਿੰਘ ਪੱਦਾ ਦੀ ਯਾਦ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਸਾਹਿਤ ਸਭਾ ਦੇ ਮੈਂਬਰ ਸੁਰਿੰਦਰ ਸਿੰਘ ਨੇ ਸਭਾ ਦੇ ਉਦੇਸ਼ਾਂ ਅਤੇ ਪਿਛੋਕੜ ਬਾਰੇ ਦਰਸ਼ਕਾਂ ਨਾਲ ਜਾਣਕਾਰੀ ਸਾਂਝੀ ਕਰਦੇ ਕੀਤੀ।

ਪ੍ਰੋਗਰਾਮ ਵਿਚ ਸਭਾ ਦੇ ਦੋ ਮੈਂਬਰਾਂ ਸੁਖਬੀਰ ਸਿੰਘ ਅਤੇ ਡਾਕਟਰ ਅਮਰ ਸਿੰਘ ਧਾਲੀਵਾਲ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਤੇ ਸ਼ਹੀਦ ਕਾਂਸ਼ੀ ਰਾਮ ਦੀਆਂ ਜੀਵਨੀਆਂ ਅਤੇ ਉਹਨਾਂ ਦੇ ਅਕੀਦੀਆਂ ਬਾਰੇ ਦਰਸ਼ਕਾਂ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਉਹ ਹਿੰਦੁਸਤਾਨ ਦੀ ਕਿਹੋ ਜਿਹੀ ਆਜ਼ਾਦੀ ਚਾਹੁੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਗਦਰ ਪਾਰਟੀ ਅਤੇ ਸ਼ਹੀਦ ਭਗਤ ਸਿੰਘ ਦੇ ਸਾਥੀ ਫਿਰਕਾਪ੍ਰਸਤੀ ਦੇ ਕੱਟੜ ਵਿਰੋਧੀ ਸਨ।

ਇਸ ਪ੍ਰੋਗਰਾਮ ਵਿਚ ਯੁਵਰਾਜ ਰਤਨ ਅਤੇ ਗੁਰਮੇਲ ਸਿਵੀਆ ਨੇ ਆਪਣੀਆਂ ਕਵਿਤਾਵਾਂ 'ਚ ਪੰਜਾਬ ਦੀ ਤਰਸ-ਦਾਇਕ ਸਥਿਤੀ ਅਤੇ ਪੰਜਾਬ ਦੇ ਲੋਕਾਂ ਵੱਲੋਂ ਹੰਢਾਈ ਜਾ ਰਹੀ ਸਰਕਾਰੀ ਅਤੇ ਫਿਰਕੂ ਦਹਿਸ਼ਤ ਤੇ ਦੁੱਖ ਜ਼ਾਹਰ ਕੀਤਾ।

ਦਲਜੀਤ ਧਨੋਏ ਨੇ ਤਾਰਾ ਸਿੰਘ ਤਾਰਾ ਦੀ ਲਿਖੀ ਹੋਈ ਕਵਿਤਾ 'ਧਰਤੀ ਹੇਠਲਾ ਬਲਦ ਲਾਪਤਾ ਹੈ' ਕਹੀ ਅਤੇ ਸਰੋਤਿਆਂ ਵੱਲੋਂ ਇਸ ਨੂੰ ਬਹੁਤ ਸਲਾਹਿਆ ਗਿਆ। ਕਵਿਤਾਵਾਂ ਤੋਂ ਸਿਵਾ ਨਰਿੰਦਰ ਸਿੰਘ ਨੇ ਆਪਦਾ ਗੀਤ 'ਵਤਨੋਂ ਆਇਆ ਨੀ ਤੇਰੀ ਖਤ' ਪੜ੍ਹਕੇ ਸੁਣਾਇਆ।

ਇਸ ਤੋਂ ਬਾਦ ਪ੍ਰੋਗਰਾਮ ਵਿਚ ਤਿੰਨ ਵੀਡਿਓ ਫਿਲਮਾਂ ਦਿਖਾਈਆਂ ਗਈਆਂ। ਪਹਿਲੀ ਫਿਲਮ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ ਦੂਰਦਰਸ਼ਨ ਲਈ ਬਣਾਈ ਗਈ ਸੀਰੀਜ਼ ਦਾਸਤਾਨ-ਏ-ਪੰਜਾਬ ਦਾ ਇਕ ਐਪੀਸੋਡ 'ਹਾਦਸਾ' ਦਿਖਾਇਆ ਗਿਆ। ਦੂਜੀ ਫਿਲਮ ਪੀਪਲਜ਼ ਲਾਅ ਸਕੂਲ ਵੱਲੋਂ 'ਸੱਥ' ਦੇ ਮੈਂਬਰਾਂ ਦੀ ਤਿਆਰ ਕੀਤੀ ਹੋਈ 'ਨਿੱਕੀ ਜਿਹੀ ਗੱਲ ਨਹੀਂ' ਵਿਖਾਈ ਗਈ। ਤੀਜੀ ਫਿਲਮ 'ਬੋਤਲ ਦਾ ਟੁਟਣਾ' ਦਿਖਾਈ ਗਈ।

ਦੋ ਸੌ ਤੋਂ ਉਪਰ ਦਰਸ਼ਕਾਂ ਨੇ ਇਸ ਪ੍ਰੋਗਰਾਮ ਦਾ ਢਾਈ ਘੰਟੇ ਅਨੰਦ ਮਾਣਿਆ। ਦਰਸ਼ਕਾਂ ਵੱਲੋਂ ਪ੍ਰੋਗਰਾਮ ਬਹੁਤ ਸਲਾਹਿਆ ਗਿਆ।

**ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈਗ**

**ਅਪ੍ਰੈਲ 12, ਧੂਰੀ (ਸੰਗਰੂਰ):** ਹਰੇਕ ਸਾਲ ਦੀ ਤਰਾਂ ਐਤਕੀ ਫਿਰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ, ਸੁਸਾਇਟੀ ਦੇ ਜਨਮ ਦਾਤਾ ਡਾ. ਇਬਰਾਹਿਮ ਥਾਮਸ ਕਾਵੂਰ (ਸ੍ਰੀ ਲੰਕਾ) ਦੇ ਜਨਮ ਦਿਨ ਤੇ ਪੰਜਾਬ ਵਿਚ ਧੂਰੀ (ਸੰਗਰੂਰ) ਵਿਖੇ ਤਰਕਸ਼ੀਲਾਂ ਦਾ ਮੇਲਾ ਮਨਾਇਆ ਗਿਆ।

ਇਸ ਮੌਕੇ ਤੇ ਜਾਦੂ-ਟੂਣਿਆਂ, ਜੋਤਿਸ਼ ਆਦਿ ਦਾ ਪਰਦਾ ਫਾਸ਼ ਕਰਦਾ ਨਾਟਕ, '....ਤੇ ਦੇਵ ਪੁਰਸ਼ ਹਾਰ ਗਏ।' ਮਾਛੀਵਾੜਾ ਕਲਾ ਕੇਂਦਰ ਵੱਲੋਂ ਖੇਡਿਆ ਗਿਆ। ਫਗਵਾੜਾ ਇਕਾਈ ਦੇ ਤਰਕਸ਼ੀਲ ਮੈਂਬਰਾਂ ਨੇ ਹੱਥ ਫੇਰੀ ਦੇ ਕੁਝ ਟਰਿੱਕ ਵਿਖਾਏ। ਇਸ ਤੋਂ ਇਲਾਵਾ ਨਾਟਕਕਾਰ ਗੁਰਸ਼ਰਨ ਸਿੰਘ ਦੀ ਟੀਮ ਨੇ ਤਿੰਨ ਨਾਟਕ 'ਬਾਉ ਜੀ ਪਲੈਨਿੰਗ ਕਰ ਰਹੇ ਹਨ', 'ਬੇਗਮੋਂ ਦੀ ਧੀ' ਅਤੇ 'ਮੁਨਸ਼ੀ ਖਾਂ' ਨਾਟਕ ਖੇਡੇ। ਵੱਖ ਵੱਖ ਇਕਾਈਆਂ ਵੱਲੋਂ, ਅਮੋਲ ਵਚਨਾਂ ਨੂੰ ਪ੍ਰਚਾਰਦੇ ਅਤੇ ਵਿਗਿਆਨਕ ਸੋਚ ਨੂੰ ਦਰਸਾਉਂਦੇ ਪੋਸਟਰਾਂ ਦੀ ਦਿਲ ਖਿੱਚਵੀਂ ਪ੍ਰਦਰਸ਼ਨੀ ਵੀ ਲਾਈ ਗਈ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸਾਬਕਾ ਆਗੂ, ਤੇ ਮੈਗਜ਼ੀ 'ਤਰਕਸ਼ੀਲ' ਦੇ ਪ੍ਰਬੰਧਕੀ ਬੋਰਡ ਦੇ ਕਨਵੀਨਰ ਮਾਸਟਰ ਰਜਿੰਦਰ ਭਦੌੜ ਨੇ ਸੁਸਾਇਟੀ ਦੇ ਕੰਮ ਕਾਰ ਬਾਰੇ ਤੇ ਹੱਲ ਕੀਤੇ ਗਏ ਕੇਸਾਂ ਬਾਰੇ ਵਿਸਥਾਰ 'ਚ ਜਾਣਕਾਰੀ ਦਿੱਤੀ। ਸੁਸਾਇਟੀ ਦੇ ਮੌਜੂਦਾ ਪ੍ਰਧਾਨ ਗੁਰਚਰਨ ਘੋਮੋਆਣਾਂ ਨੇ ਤਰਕਸ਼ੀਲ ਲਹਿਰ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ। ਬਲਵਿੰਦਰ ਬਰਨਾਲਾ (ਸੰਪਾਦਕ ਤਰਕਸ਼ੀਲ) ਨੇ ਮਾਨਸਿਕ ਰੋਗਾਂ ਬਾਰੇ ਕੀ, ਕਿਉਂ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ।

**ਸੁਖਜੀਤ ਅਲਕੜਾ**

**26 ਅਪਰੈਲ, 1992, ਬਾਲਟੀਮੋਰ (ਮੇਰੀਲੈਂਡ):-** ਪੰਜਾਬੀ ਸੱਭਿਆਚਾਰ, ਬੋਲੀ ਕਲਾ ਅਤੇ ਸਾਹਿਤ ਵਿਚ ਦਿਲਚਸਪੀ ਰੱਖਣ ਵਾਲੇ ਕੁੱਝ ਪੰਜਾਬੀਆਂ ਦੀ ਇਕ ਅਹਿਮ ਮੀਟਿੰਗ ਰਵਿੰਦਰ ਸਿੰਘ ਸਹਿਰਾਅ ਦੇ ਘਰ ਹੋਈ। ਜਿਸ ਵਿਚ ਵਿਦੇਸ਼ਾਂ 'ਚ ਰਹਿ ਰਹੇ ਪੰਜਾਬੀਆਂ ਵੱਲੋਂ ਆਪਣੇ ਸੱਭਿਆਚਾਰ ਅਤੇ ਬੋਲੀ ਤੋਂ ਹੌਲੇ ਹੌਲੇ ਪਰ੍ਹਾਂ ਖਿਸਕਦੇ ਜਾਣ ਦੇ ਝੁਕਾਅ ਉਪਰ ਗੰਭੀਰ ਬਹਿਸ ਅਤੇ ਵਿਚਾਰ ਵਟਾਂਦਰੇ ਤੋਂ ਬਾਅਦ 'ਪੰਜਾਬੀ ਸੁਸਾਇਟੀ ਬਾਲਟੀਮੋਰ' ਦੀ ਸਥਾਪਨਾ ਕੀਤੀ ਗਈ।

ਸਰਵ ਸੰਮਤੀ ਨਾਲ ਤਹਿ ਹੋਇਆ ਕਿ ਸੰਸਥਾ 'ਧਰਮ ਨਿਰਪੱਖ, ਗੈਰ ਸਿਆਸੀ ਅਤੇ ਨਿਰੋਲ ਸੱਭਿਆਚਾਰਕ ਸੰਸਥਾ ਵਜੋਂ ਕੰਮ ਕਰੇਗੀ।' ਤਿਆਰੀ ਵਾਸਤੇ ਪੰਜ ਮੈਂਬਰੀ ਤਾਲਮੇਲ ਕਮੇਟੀ-ਸਰਵਸ਼੍ਰੀ ਕਰਤਾਰ ਸਿੰਘ ਮਾਨ, ਚੰਨਣ ਸਿੰਘ, ਰਵਿੰਦਰ ਸਹਿਰਾਅ, ਜੋਧ ਸਿੰਘ ਸੋਹੀ ਅਤੇ ਪ੍ਰੋ: ਅਜ਼ਾਜ ਜੰਜੂਆ ਤੇ ਅਧਾਰਿਤ ਬਣਾਈ ਗਈ। ਕਮੇਟੀ ਦੇ ਮੰਤਵਾਂ 'ਚੋਂ ਲੱਚਰ ਸਾਹਿਤ ਤੇ ਸੱਭਿਆਚਾਰ ਦੇ ਮੁਕਾਬਲੇ ਇਸਦਾ ਨਿਰੋਆ ਬਦਲ ਦੇਣਾ, ਬੱਚਿਆਂ ਨੂੰ ਪੰਜਾਬੀ ਪੜ੍ਹਨ ਤੇ ਲਿਖਣੀ ਸਿਖਾਉਣ ਦਾ ਪ੍ਰਬੰਧ ਕਰਨਾ ਅਤੇ ਪੰਜਾਬ ਦੇ ਗੰਧਲੇ ਮਾਹੌਲ ਵਿਚ ਸਦੀਆਂ ਪੁਰਾਣੀ ਭਾਈਚਾਰਕ ਸਾਂਝ ਨੂੰ ਜਿਉਂਦਾ ਰੱਖਣ ਲਈ ਖ਼ਤਰੇ ਮੁੱਲ ਲੈ ਕੇ ਕੰਮ ਕਰਦੇ ਕਲਾਕਾਰਾਂ, ਲੇਖਕਾਂ ਅਤੇ ਪੱਤਰਕਾਰਾਂ ਨੂੰ ਸਨਮਾਨ ਦੇ ਕੇ ਹੌਸਲਾ ਅਫਜ਼ਾਈ ਕਰਨਾ ਵੀ ਸ਼ਾਮਿਲ ਹੈ।

ਹੋਰ ਜਾਣਕਾਰੀ ਲਈ ਹੇਠ ਲਿਖੇ ਨਾਵਾਂ ਅਤੇ ਟੈਲੀਫੋਨ ਨੰਬਰਾਂ ਤੇ ਗੱਲ ਕੀਤੀ ਜਾ ਸਕਦੀ ਹੈ:-

1.ਰਵਿੰਦਰ ਸਿੰਘ ਸਹਿਰਾਅ(ਕਵੀ) 410-265-1657, 2.ਜੋਧ ਸਿੰਘ ਸੋਹੀ 410 -788-3870. ਖ਼ਤ ਪੱਤਰ ਤੇ ਸੁਝਾਵਾਂ ਲਈ ਪਤਾ: ਪੰਜਾਬੀ ਸੁਸਾਇਟੀ - ਬਾਲਟੀਮੋਰ, 4 ਜੈਸਟਰ ਕੋਰਟ, ਬਾਲਟੀਮੋਰ, ਮੇਰੀਲੈਂਡ 21207, ਯੂ.ਐਸ.ਏ.

**ਰਵਿੰਦਰ ਸਹਿਰਾਅ**

**4 ਮਈ, ਟਰਾਂਟੋ:** ਵੈਸਟਵਿਊ ਸਕੂਲ ਦੇ ਲੈਕਚਰ ਥੀਏਟਰ ਵਿੱਚ ਪੰਜਾਬੀ-ਉਰਦੂ ਵਿਦਿਆਰਥੀਆਂ ਦੇ ਮਾਪਿਆਂ ਦੀ ਇਕ ਮੀਟਿੰਗ ਹੋਈ ਜਿਸ ਵਿੱਚ ਕੋਈ ਸੌ ਤੋਂ ਵੱਧ ਵਿਦਿਆਰਥੀਆਂ ਤੇ ਮਾਪਿਆਂ ਨੇ ਹਿੱਸਾ ਲਿਆ। ਸਕੂਲ ਦੇ ਵਾਈਸ ਪ੍ਰਿੰਸੀਪਲ ਜੈਫ਼ ਪਰਾਈਸ ਅਤੇ ਨਾਰਥ ਯਾਰਕ ਬੋਰਡ ਆਫ਼ ਐਜੂਕੇਸ਼ਨ ਦੇ ਮਲਟੀਕਲਚਰਲ ਕੰਨਸਲਟੈਂਟ ਬਾਲੀ ਗਿੱਲ ਉਰਫ਼ ਇਕਬਾਲ ਰਾਮੂਵਾਲੀਆ ਨੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ।

'ਵੈਸਟਵਿਊ ਉੱਤੇ ਡੂੰਘੀ ਝਾਤ' ਏਜੰਡੇ ਅਨੁਸਾਰ ਸ਼੍ਰੀਮਤੀ ਐਨ ਕਿੰਨ ਨੇ 'ਇੰਗਲਿਸ਼ ਐਜ਼ ਸੈਕੰਡ ਲੈਂਗੂਏਜ਼' ਅਤੇ ਗਾਈਡੈਂਸ ਕੌਂਸਲਰ ਈਅਨ ਕਾਰਟਰ ਨੇ ਕਰੈਡਿਟ ਸਿਸਟਮ ਬਾਰੇ ਵਿਸਥਾਰ ਪੂਰਬਕ ਜਾਣਕਾਰੀ ਦਿੱਤੀ। ਰਾਓਲ ਅਗਸਤਾ ਨੇ ਜਿੱਥੇ ਮਲਟੀਕਲਚਰਲ ਕੈਂਪਾਂ ਦਾ ਮਨੋਰਥ ਦੱਸਿਆ ਉੱਥੇ ਸਲਾਈਡਾਂ ਵੀ ਦਿਖਾਈਆਂ, ਜਿਸ ਦਾ ਸਰੋਤਿਆਂ ਨੇ ਖੂਬ ਆਨੰਦ ਮਾਣਿਆਂ। ਇਸ ਪਿੱਛੋਂ ਵੈਸਟਵਿਊ ਸਕੂਲ ਦੀਆਂ ਨਵੀਂਆਂ ਦਿਸ਼ਾਵਾਂ ਉਪਰ ਵੀ ਗੈਰ ਰਸਮੀ ਵਿਚਾਰ ਵਟਾਂਦਰਾ ਹੋਇਆ।

ਸੋਸ਼ਲ ਵਰਕਰ ਅਮਰ ਬਾਜਵਾ ਨੇ ਜਿੱਥੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮਿਹਨਤ ਕਰਕੇ ਪੜ੍ਹਨ ਲਈ ਕਿਹਾ ਉੱਥੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਬੱਚਿਆਂ ਦੀ ਪੜ੍ਹਾਈ ਵਿਚ ਦਿਲਚਸਪੀ ਲੈਣ ਤਾਂ ਕਿ ਬੱਚਿਆਂ ਅਤੇ ਪੰਜਾਬੀ ਮਾਪਿਆਂ ਵਿਚਕਾਰ ਵਧਦੇ ਜਾ ਰਹੇ ਪਾੜੇ ਨੂੰ ਰੋਕਿਆ ਜਾ ਸਕੇ। ਮੀਟਿੰਗ ਦੇ ਅੰਤ ਵਿੱਚ ਸਕੂਲ ਅਧਿਕਾਰੀਆਂ ਨੇ ਸੋਸ਼ਲ ਵਰਕਰ ਸਾਲਗ ਰਾਮ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਸਨੇ ਇਸ ਮੀਟਿੰਗ ਦੀ ਸਫਲਤਾ ਲਈ ਦੋ ਵਾਰੀ ਵਿਦਿਆਰਥੀਆਂ ਦੇ ਮਾਪਿਆਂ ਨੂੰ ਫੋਨ ਤੇ ਸੂਚਨਾਂ ਦੇਣ ਤੋਂ ਇਲਾਵਾ ਹਰ ਤਰ੍ਹਾਂ ਨਾਲ ਕਮੇਟੀ ਦਾ ਸਹਿਯੋਗ ਦਿੱਤਾ। ਸਾਲਗ ਰਾਮ ਹੁਰਾਂ ਨੇ ਇਸ ਸੈਮੀਨਾਰ ਵਿਚ ਆਏ ਸਰੋਤਿਆਂ ਅਤੇ ਸਕੂਲ ਅਧਿਕਾਰੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਪੰਜਾਬੀ ਤੇ ਪੰਜਾਬੀਅਤ ਦੀ ਵਿਲੱਖਣ ਹੋਂਦ ਕਾਇਮ ਰੱਖਣ ਦੇ ਨਾਲ ਨਾਲ ਦੂਸਰੀਆਂ ਕਮਿਊਨਿਟੀਆਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਅੱਗੇ ਵਧਣਾਂ ਚਾਹੀਦਾ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਲਈ ਇੱਕ ਸੁਖਾਵੇਂ ਵਾਤਾਵਰਣ ਦੀ ਸਿਰਜਣਾਂ ਕੀਤੀ ਜਾ ਸਕੇ।

**ਪਰਮਜੀਤ ਸਿੰਘ ਬਲ**

**ਟਰਾਂਟੋ:** 10 ਮਈ ਨੂੰ ਇਕਬਾਲ ਮਾਹਲ ਦੇ ਟੀ ਵੀ ਪ੍ਰੋਗਰਾਮ 'ਪੰਜਾਬ ਦਰਸ਼ਨ' ਵਲੋਂ ਮਰਹੂਮ ਪੰਜਾਬੀ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿਚ ਨਾਰਥ ਯਾਰਕ ਵੁੱਡਜ਼ ਲਾਇਬ੍ਰੇਰੀ ਵਿਚ ਇਕ ਸਮਾਗਮ ਕੀਤਾ ਗਿਆ। ਜਿਸ ਵਿਚ 250 ਦੇ ਕਰੀਬ ਸ੍ਰੋਤਿਆ ਨੇ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਇਕਬਾਲ ਰਾਮੂਵਾਲੀਆ ਨੇ ਸ਼ਿਵ ਦੀ ਕਵਿਤਾ ਉਤੇ ਇਕ ਸੰਖੇਪ ਪਰਚਾ ਪੜ੍ਹ ਕੇ ਕੀਤੀ, ਜਿਸ ਵਿਚ ਉਨ੍ਹਾਂ ਕਿਹਾ ਕਿ ਬਹੁਤੇ ਲੋਕਾਂ ਨੇ ਸ਼ਿਵ ਨੂੰ ਸਿਰਫ ਫੈਸ਼ਨ ਵਜੋਂ ਹੀ ਅਪਣਾਇਆ ਹੋਇਆ ਹੈ ਜਿਨ੍ਹਾਂ ਨੂੰ ਸ਼ਾਇਰੀ ਦੀ ਡੂੰਘਾਈ ਦਾ ਕੋਈ ਗਿਆਨ ਨਹੀਂ। ਸ਼ਿਵ ਦੇ ਕਰੀਬੀ ਮਿੱਤਰਾਂ ਵਿਚੋਂ ਚਾਰਲੀ ਮੈਸੀ ਤੇ ਸੋਹਣ ਕਾਦਰੀ ਨੇ ਸ਼ਿਵ ਦੀ ਜ਼ਿੰਦਗੀ ਦੀਆਂ ਅਭੁੱਲ ਯਾਦਾਂ ਸ੍ਰੋਤਿਆ ਨਾਲ ਸਾਂਝੀਆਂ ਕੀਤੀਆਂ। ਭਾਰਤ ਤੋਂ ਵਿਸ਼ੇਸ਼ ਸੱਦੇ ਉਪਰ ਪਹੁੰਚੇ ਸ਼ਿਵ ਦੇ ਭਰਾ ਸੁਰੇਸ਼ ਬਟਾਲਵੀ ਨੇ ਸ਼ਿਵ ਦੀਆਂ ਕਈ ਨਜ਼ਮਾਂ ਨੂੰ ਤਰੱਨਮ ਵਿਚ ਗਾ ਕੇ ਚੰਗਾ ਰੰਗ ਬੰਨਿਆਂ। ਇਸ ਤੋਂ ਇਲਾਵਾ ਅਸ਼ਵਨੀ ਭਾਰਦਵਾਜ, ਸੋਨੀਆਂ ਬਾਜਵਾ, ਰਾਜ ਰਤਨ ਅਤੇ ਸੁਨੀਲ ਕੁਮਾਰ ਨੇ ਸ਼ਿਵ ਦੇ ਗੀਤ ਗਾ ਕੇ ਸ੍ਰੋਤਿਆਂ ਤੋਂ ਦਾਤ ਪ੍ਰਾਪਤ ਕੀਤੀ। ਪ੍ਰੋਗਰਾਮ ਦੌਰਾਨ ਇਕਬਾਲ ਮਾਹਲ ਨੇ ਸ਼ਿਵ ਬਾਰੇ ਭਾਵਪੂਰਤ ਟਿਪਣੀਆਂ ਦੇ ਕੇ ਮਾਹੌਲ ਨੂੰ ਰੋਚਕ ਬਣਾਈ ਰੱਖਿਆ।

**ਅਮਰ ਬਾਜਵਾ**

**ਟਰਾਂਟੋ:** 24 ਮਈ ਦੀ ਦੁਪਹਿਰ ਨੂੰ ਕਨੇਡੀਅਨ ਕੌਂਸਲ ਆਫ ਪੰਜਾਬੀਜ਼ ਵਲੋਂ ਐਲਬੀਅਨ ਲਾਇਬ੍ਰੇਰੀ ਵਿਚ ਇਕ ਕਵੀ ਦਰਬਾਰ ਆਯੋਜਿਤ ਕੀਤਾ ਗਿਆ ਜਿਸ ਵਿਚ 150 ਤੋਂ ਵੱਧ ਸ੍ਰੋਤਿਆਂ ਸਨਮੁੱਖ ਲੱਗਭੱਗ ਵੀਹ ਪੰਜਾਬੀ ਸ਼ਾਇਰਾਂ ਨੇ ਆਪਣੀਆਂ ਕਵਿਤਾਵਾਂ ਪੜ੍ਹੀਆਂ। ਕਵਿਤਾਵਾਂ ਵਿਚੋਂ ਪੰਜਾਬ ਦਾ ਸੰਤਾਪ ਪ੍ਰਤੱਖ ਨਜ਼ਰ ਆਉਂਦਾ ਸੀ। ਵੈਨਕੂਵਰ ਤੋਂ ਉੱਘੇ ਕਵੀ ਗੁਰਚਰਨ ਰਾਮਪੁਰੀ, ਸਾਧੂ, ਅਜਮੇਰ ਰੋਡੇ, ਸੁਰਜੀਤ ਕਲਸੀ ਤੇ ਸੁਖਵਚਤ ਹੁੰਦਲ ਉਚੇਚੇ ਤੌਰ ਤੇ ਪੁੱਜੇ ਹੋਏ ਸਨ। ਸਥਾਨਕ ਕਵੀਆਂ ਵਿਚ ਬਲਤੇਜ ਪੰਨੂੰ, ਜਗਦੀਸ਼ ਦੀਸ਼ਾ, ਕੁਲਵਿੰਦਰ ਖੈਰਾ, ਰਵਿੰਦਰ ਗਿੱਲ, ਸਤਿੰਦਰ ਕੋਹਲੀ, ਮਨਜੀਤ ਹੁੰਦਲ ਅਤੇ ਇਕਬਾਲ ਰਾਮੂਵਾਲੀਆ ਨੇ ਆਪਣਾ ਆਪਣਾ ਕਲਾਮ ਪੇਸ਼ ਕੀਤਾ।

ਕਵੀ ਦਰਬਾਰ ਦੀ ਪ੍ਰਧਾਨਗੀ ਸੁਰਜਨ ਜ਼ੀਰਵੀ, ਸਾਬਕਾ ਐਡੀਟਰ ਨਵਾਂ ਜ਼ਮਾਨਾ ਨੇ ਕੀਤੀ। ਕਵੀ ਤੇ ਚਿਤਰਕਾਰ ਸੋਹਣ ਕਾਦਰੀ ਮੁੱਖ ਮਹਿਮਾਨ ਸਨ। ਕੌਂਸਲ ਦੇ ਪ੍ਰਧਾਨ ਇਕਬਾਲ ਰਾਮੂਵਾਲੀਆ ਨੇ ਪ੍ਰੋਗਰਾਮ ਦੀ ਸਫਲਤਾ ਲਈ ਸ੍ਰੋਤਿਆਂ ਅਤੇ ਸ਼ਾਇਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੌਂਸਲ ਦਾ ਇਕ ਉਦੇਸ਼ ਸੁਖਾਵੇਂ ਵਾਤਾਵਰਣ ਦੀ ਸਿਰਜਨਾ ਕਰਨਾ ਹੈ ਤਾਂ ਕਿ ਸਾਰੇ ਪੰਜਾਬੀ ਬਿਨ੍ਹਾਂ ਭੇਦ ਭਾਵ ਦੇ ਇਕੱਠੇ ਮਿਲ ਬੈਠ ਸਕਣ। ਇਕਬਾਲ ਮਾਹਲ ਹੋਰਾਂ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਉਹ ਟੈਲੀਵਿਜ਼ਨ ਉੱਪਰ ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਹਨ। ਸੋਸ਼ਲ ਵਰਕਰ ਪਾਲ ਹੇਠੀ ਹੋਰਾਂ ਨੇ ਕੌਂਸਲ ਦੇ ਮੁੱਢਲੇ ਮੈਂਬਰ ਹੋਣ ਦੇ ਨਾਤੇ ਆਸ ਪ੍ਰਗਟਾਉਂਦਿਆਂ ਕਿਹਾ ਕਿ ਅਗਰ ਪੰਜਾਬੀ ਅਜਿਹੇ ਸਮਾਗਮ ਕਰਕੇ ਇਕੱਠੇ ਬੈਠਦੇ ਹਨ ਤਾਂ ਅੱਜ ਕਮਿਊਨਿਟੀ ਨੂੰ ਪੇਸ਼ ਆ ਰਹੀਆਂ ਗੰਭੀਰ ਸਮੱਸਿਆਵਾਂ ਬਾਰੇ ਵੀ ਗੱਲ ਛਿੜ ਸਕੇਗੀ।

**ਅਮਰ ਬਾਜਵਾ**

**ਵੈਨਕੂਵਰ:** 31 ਮਈ ਦੇ ਦਿਨ ਡੇਵਿਡ ਟਾਮਸਨ ਸੈਕੰਡਰੀ ਸਕੂਲ ਦੇ ਆਡੀਟੋਰੀਅਮ ਵਿਚ ਪੰਜਾਬੀ ਆਰਟਿਸਟ ਐਸੋਸੀਏਸ਼ਨ ਰਿਚਮੰਡ - ਜੋ ਪਾਰ ਕਲੱਬ ਦੇ ਨਾਂ ਨਾਲ ਵੀ ਜਾਣਿਆਂ ਜਾਂਦਾ ਹੈ - ਵਲੋਂ ਇਕ ਪੰਜਾਬੀ ਸਭਿਆਚਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਪਾਰ ਦੀਆਂ ਟੀਮਾਂ ਤੋਂ ਇਲਾਵਾ ਸਰੀ ਇੰਡੀਆ ਆਰਟਸ ਕਲੱਬ ਅਤੇ ਮਿਸ਼ਨ ਦੀਆਂ ਭੰਗੜੇ ਦੀਆਂ ਟੀਮਾਂ ਨੇ ਵੀ ਦਿਲਕਸ਼ ਪੇਸ਼ਕਾਰੀ ਕੀਤੀ। ਪੰਜਾਬੀ ਨੌਜਵਾਨਾਂ ਦੇ ਨਾਲ ਨਾਲ ਬੱਚਿਆਂ ਅਤੇ ਔਰਤਾਂ ਦੀਆਂ ਟੀਮਾਂ ਨੇ ਵੀ ਹਿੱਸਾ ਲਿਆ। ਭੰਗੜੇ ਤੋਂ ਇਲਾਵਾ ਪ੍ਰੋਗਰਾਮ ਵਿਚ ਸਥਾਨਕ ਕਲਾਕਾਰਾਂ ਵਲੋਂ ਗੀਤ ਸੰਗੀਤ ਅਤੇ ਸਕਿੱਟ ਪੇਸ਼ ਕੀਤੇ ਗਏ। ਪ੍ਰੋਗਰਾਮ ਦੀ ਹਰ ਆਈਟਮ ਸ੍ਰੋਤਿਆਂ ਦਾ ਮਨ ਮੋਹਣ ਵਾਲੀ ਸੀ। 500 ਦੇ ਕਰੀਬ ਦਰਸ਼ਕਾਂ ਨੇ ਬੜੇ ਚਾਅ ਨਾਲ ਪ੍ਰੋਗਰਾਮ ਦਾ ਅਨੰਦ ਮਾਣ ਕੇ ਕਲਾਕਾਰਾਂ ਦੀ ਹੌਂਸਲਾ ਅਫਜ਼ਾਈ ਕੀਤੀ।

**ਅਮਨਪਾਲ ਸਾਰਾ**

ਜੇ ਤੁਸੀਂ ਵਤਨ ਨੂੰ ਪੜ੍ਹਨਾ ਪਸੰਦ ਕਰਦੇ ਹੋ ਤਾਂ ਇਹ ਆਪਣੇ ਦੋਸਤਾਂ ਨੂੰ ਵੀ ਜ਼ਰੂਰ ਪੜ੍ਹਨ ਲਈ ਦਿਓ। ਵਤਨ ਭਾਰਤ ਵਿਚ ਵਸਣ ਵਲੇ ਆਪਣੇ ਦੋਸਤਾਂ ਮਿੱਤਰਾਂ ਲਈ ਤੋਹਫੇ ਵਜੋਂ ਭੇਜੋ। ਭਾਰਤ ਬੈਠੇ ਬਹੁਤ ਲੋਕ ਵਤਨ ਪੜ੍ਹਨਾ ਚਾਹੁੰਦੇ ਹਨ ਪਰ ਸਾਡੇ ਕੋਲ ਉਹਨਾਂ ਨੂੰ ਪਰਚਾ ਭੇਜਣ ਦੀ ਹਿੰਮਤ ਨਹੀਂ। ਆਪਣੀ ਜਾਣ ਪਛਾਣ ਵਾਲੇ ਜਾਂ ਆਪਣੀ ਪਸੰਦ ਦੇ ਕਿਸੇ ਲੇਖਕ ਜਾਂ ਬੁੱਧੀਜੀਵੀ ਨੂੰ ਪਰਚਾ ਲਗਵਾ ਦੇਵੋ।


# ਕਰਤਾਰ ਫੋਟੋ ਸਟੂਡੀਓ

**Kartar Photo Studio**

6618 Fraser St.,
50th Ave.
Vancouver B.C.
V5X 3T5
**Ph: 327-1700**



**-We also do-**
Passport, Citizenship,
& Wedding Photos

Special rate for Video movies

ਹਰ ਤਰ੍ਹਾਂ ਦੇ ਗਾਣਿਆਂ ਦੀਆਂ ਟੇਪਾਂ ਤੇ ਵੀਡੀਓ ਮੂਵੀਆਂ ਹਰ ਹਫਤੇ ਰੀਲੀਜ਼ ਕਰਦੇ ਹਾਂ। ਹਰ ਮੁਲਕ ਦੀ ਬਣੀ ਮੂਵੀ ਕਨਵਰਟ ਕਰਦੇ ਹਾਂ।

**ਸ਼ਰਤੀਆ ਕਲੀਅਰ ਪ੍ਰਿੰਟ - $8.00/hr**

**ਅਖੀਰਲੇ ਸਫੇ ਦੀ ਬਾਕੀ**

ਸਿੱਖ, ਹਿੰਦੂ, ਮੁਸਲਿਮ ਜਾਂ ਇਸਾਈ ਵਗੈਰਾ ਦੀ ਆਪਣੇ ਧਰਮ ਵਲ ਹੈ। ਮੈਂ ਮਾਰਕਸ ਅਤੇ ਏਂਜਲਜ਼ ਦੇ ਨਸਲਵਾਦੀ (ਰੇਸਿਸਟ) ਪੱਖ ਨੂੰ ਭਵਿੱਖ 'ਚ ਉਘਾੜਨਾਂ ਅਤੇ ਤਰਕ ਦੀ ਕਸਵੱਟੀ ਤੇ ਬਹਿਸ ਤੋਰਨਾਂ ਚਾਹੁੰਦਾ ਕਿ ਉਹ ਆਪਣੀ ਨਸਲ ਨੂੰ ਬਾਕੀ ਨਸਲਾਂ ਨਾਲੋਂ ਕਿੰਨ੍ਹੀ ਵਧੀਆ ਸਮਝਦੇ ਸਨ।

ਵਧੀਆ ਵਿਸ਼ਾ ਚੁਨਣ ਅਤੇ ਬਹਿਸ ਤੋਰਨ ਲਈ ਇਕ ਵਾਰ ਫਿਰ ਵਧਾਈਆਂ।

**ਹਰੀਸ਼ ਮਲਹੋਤਰਾ, ਯੀ.ਕੇ.**

'ਵਤਨ' ਦੇ ਤਾਜ਼ੇ ਅੰਕ ਵਿਚ ਪੇਦਰੋ ਪਾਈਤਰੀ ਦੀ ਸਿੱਧ ਪੱਧਰੀ ਜਾਪਦੀ ਕਵਿਤਾ 'ਇਕ ਕਾਕਰੋਚ ਦਾ ਖੁਦਕਸ਼ੀ ਨੋਟ' ਪ੍ਰਭਾਵੀ ਹੈ। ਸਾਧੂ ਹੁਰਾਂ ਇਸਦਾ ਚੰਗਾ ਅਨੁਵਾਦ ਕੀਤਾ ਹੈ। ਅਮਨਪਾਲ ਸਾਰਾ ਦੀ ਕਹਾਣੀ 'ਮਕਸਦ' ਵਿਚ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਦਿਲੀ ਸ਼ਰਧਾਂਜਲੀ ਦਿੱਤੀ ਗਈ ਹੈ। ਬਲਦੇਵ ਦੂਹੜੇ ਨੇ ਸਦਾਚਾਰ ਸਬੰਧੀ ਲੇਖ ਨੂੰ ਪਲੇਟੋ ਵਾਂਗ ਸੰਵਾਦੀ ਰੂਪ ਤਾਂ ਦਿੱਤਾ ਹੈ ਪਰ ਇਨ੍ਹਾਂ ਪ੍ਰਭਾਵੀ ਨਹੀਂ ਬਣਾ ਸਕਿਆ। ਗਿਆਨੀ ਕੇਸਰ ਸਿੰਘ ਹੁਰਾਂ ਦੀ ਅਜ਼ਾਦ ਹਿੰਦ ਫੌਜ ਦੀ ਡਾਇਰੀ ਭਾਵੇਂ ਇਥੋਂ ਪਟਿਆਲਿਉਂ ਹੀ ਛਪੀ ਹੈ, ਪਰ ਪਟਿਆਲੇ ਵਾਲਿਆਂ ਨੂੰ ਵੀ ਇਸਦੇ ਦਰਸ਼ਨ ਘੱਟ ਹੀ ਹੁੰਦੇ ਹਨ। ਇਹ ਕਿਤਾਬ ਤਾਂ ਸਸਤੇ ਮੁੱਲ, ਪੇਪਰ ਬੈਕ ਵਿਚ ਛੱਪ ਕੇ ਬਹੁਤ ਥਾਂਵੀਂ ਜਾਣੀ ਚਾਹੀਦੀ ਸੀ। ਸਾਡੀ ਯੂਨੀਵਰਸਿਟੀ ਨੂੰ ਹੀ ਇਸਨੂੰ ਛਾਪ ਦੇਣਾ ਚਾਹੀਦਾ ਸੀ। ਗਿਆਨੀ ਕੇਸਰ ਸਿੰਘ ਹੁਰਾਂ ਦਾ ਨਾਵਲ 'ਜੰਗੀ ਕੈਦੀ' ਪਿਛਲੇ ਦਿਨੀਂ ਪੜ੍ਹਿਆ, ਜਿਸਤੋਂ ਮੈਂ ਇਨ੍ਹਾਂ ਪ੍ਰਭਾਵਤ ਹੋਇਆ ਕਿ ਇਸਨੂੰ ਪੰਜਾਬੀ ਦੇ ਸੱਭ ਤੋਂ ਮਹੱਤਵਪੂਰਨ ਦਸ ਨਾਵਲਾਂ ਵਿਚ ਗਿਨਣਾ ਚਾਹਾਂਗਾ। ਇਹ ਵਿਸ਼ਵ ਪੱਧਰ ਦਾ ਜੰਗ ਵਿਰੋਧੀ ਨਾਵਲ ਹੈ, ਪਰ ਪਤਾ ਨਹੀਂ ਕਿਉਂ ਇਸਨੂੰ 'ਮੜੀ ਦਾ ਦੀਵਾ' ਵਾਂਗ ਕਲਾਸਕੀ ਦਰਜਾ ਅਤੇ ਚਰਚਾ ਨਹੀਂ ਮਿਲੇ।

ਸਲਮਨ ਰਸ਼ਦੀ ਦੀਆਂ 'ਸ਼ੈਤਾਨੀਂ ਆਇਤਾਂ' ਨੇ ਇਹਨੀ ਦਿਨੀਂ ਇਕ ਹੋਰ ਬਲੀ ਲਈ ਹੈ- ਜਾਮੀਆ ਮਿਲੀਆ। ਦਿੱਲੀ ਦੇ ਹਿਸਟਰੀ ਦੇ ਪ੍ਰੋ: ਅਤੇ ਵਾਈਸ ਚਾਂਸਲਰ ਪ੍ਰੋ: ਮੁਸ਼ੀਰਲ ਹਸਨ ਨੇ ਇਸਨੂੰ ਮਾੜੀ ਰਚਨਾ ਕਹਿਕੇ ਵੀ ਪਾਬੰਦੀ ਹਟਾਉਣ ਦੀ ਗੱਲ ਕੀਤੀ ਤਾਂ ਜਾਮੀਆ ਬੰਦ ਹੋ ਗਿਆ।

**ਚਮਨ ਲਾਲ ਪ੍ਰਭਾਕਰ, ਪਟਿਆਲਾ।**

ਵਤਨ ਦਾ 'ਜਨਵਰੀ/ਫਰਵਰੀ/ਮਾਰਚ' ਅੰਕ ਮਿਲਿਆ। ਸਾਰੀਆਂ ਰਚਨਾਵਾਂ ਹੀ ਵਧੀਆ ਹਨ। ਅਮਨਪਾਲ ਸਾਰਾ ਦੀ ਕਹਾਣੀ 'ਮਕਸਦ' ਅਤੇ ਅਮਰਜੀਤ ਚੰਦਨ ਦਾ ਲੇਖ 'ਵਿਛੋੜੇ ਦਾ ਸਾਕਾ' ਖਾਸ ਤੌਰ ਤੇ ਪਸੰਦ ਆਏ। ਪਰ ਚੰਦਨ ਦੇ ਲੇਖ ਵਿਚ ਕੁਝ ਇਤਿਹਾਸਕ ਤਰੁੱਟੀਆਂ ਹਨ ਜਿਨ੍ਹਾਂ ਵੱਲ ਮੈਂ ਉਸਦਾ ਧਿਆਨ ਦੁਆਉਣਾ ਚਾਹੁੰਦਾ ਹਾਂ। ਮਿਸਾਲ ਦੇ ਤੌਰ ਤੇ ਚੰਦਨ ਦਾ ਇਹ ਲਿਖਣਾ ਕਿ "ਸਿੱਖ 1860 ਵਿਚ ਭਾੜੇ 'ਤੇ ਲੜਕੇ ਮਰਨ ਲੱਗੇ ਸਨ ਜਦ ਕਿ ਫਰੰਗੀਆਂ ਨੇ ਲੁਧਿਆਣਾ ਸਿੱਖ ਰਜਮੰਟ ਬਣਾਈ ਸੀ, ਜਿਹਦੀ ਪਹਿਲੀ ਮੁਹਿੰਮ ਹਾਂਗਕਾਂਗ ਤੇ ਪੀਕਿੰਗ ਸਰ ਕਰਨ ਦੀ ਸੀ" ਦਰੁਸਤ ਨਹੀਂ।

ਮਿਲਦੇ ਤੱਥਾਂ ਅਨੁਸਾਰ ਪਹਿਲੇ ਐਂਗਲੋ-ਸਿੱਖ ਯੁੱਧ ਤੋਂ ਬਾਅਦ 1846 'ਚ ਅੰਗਰੇਜ਼ਾਂ ਨੇ 14 ਤੇ 15 ਨੰਬਰ ਦੀਆਂ ਦੋ ਰਜਮੈਂਟਾਂ ਖੜ੍ਹੀਆਂ ਕੀਤੀਆਂ ਸਨ। ਬਾਅਦ ਵਿਚ 14 ਨੰਬਰ ਦੀ ਰਜਮੈਂਟ 'ਫੀਰੋਜ਼ਪੁਰ ਸਿਖਸ' ਅਤੇ 15 ਨੰਬਰ ਦੀ ਰਜਮੈਂਟ 'ਲੁਧਿਆਣਾ ਸਿਖਸ' ਦੇ ਨਾਉਂ ਨਾਲ ਮਸ਼ਹੂਰ ਹੋਈ। ਇਨ੍ਹਾਂ ਤੋਂ ਇਲਾਵਾ ਸੰਨ 1855 'ਚ ਲਹੌਰ ਵਿਚ ਇਕ ਨਵੀਂ ਸਿੱਖ ਰਜਮੈਂਟ ਖੜ੍ਹੀ ਕੀਤੀ ਗਈ ਸੀ ਜਿਸਦਾ ਨਾਉਂ ਕਰਨਲ ਰੈਟਰੇ ਦੀ 45 ਵੀਂ ਸਿੱਖ ਬਟਾਲੀਅਨ ਸੀ।

1857 ਦੇ ਗਦਰ 'ਚ ਸਿੱਖਾਂ ਵਲੋਂ ਅੰਗਰੇਜ਼ਾਂ ਲਈ ਭਾੜੇ ਦੇ ਟੱਟੂ ਬਣਕੇ ਲੜਨ ਦੇ ਰੋਲ ਨੂੰ ਚੰਦਨ ਨੇ ਬਿਲਕੁਲ ਹੀ ਧਿਆਨ ਵਿਚ ਨਹੀਂ ਰੱਖਿਆ। ਗਦਰ ਦੇ ਸ਼ੁਰੂ ਹੋਣ ਵੇਲੇ ਕਰਨਲ ਰੈਟਰੇ ਦੀ ਰਜਮੈਂਟ '45ਵੀਂ ਸਿਖਸ' ਬੰਗਾਲ ਵਿਚ ਸੀ। ਗਦਰ ਦੌਰਾਨ ਇਹ ਰਜਮੈਂਟ ਕਲਕੱਤੇ ਤੇ ਬਨਾਰਸ ਦੇ ਵਿਚਕਾਰ ਸਰਗਰਮ ਰਹੀ। ਗਦਰ ਦੌਰਾਨ 'ਫੀਰੋਜ਼ਪੁਰ ਸਿਖਸ' ਤੇ 'ਲੁਧਿਆਣਾ ਸਿਖਸ' ਨੇ ਯੂ. ਪੀ. ਵਿਚ ਮੁਜ਼ਫਰਗੜ੍ਹ ਅਤੇ ਹੋਰ ਥਾਂਵਾਂ 'ਤੇ ਲੜਾਈਆਂ ਲੜੀਆਂ। ਗਦਰ ਦੇ ਸ਼ੁਰੂ ਹੋਣ ਤੋਂ ਯਕ-ਦਮ ਬਾਅਦ 1857 'ਚ ਪੰਜਾਬ ਵਿਚ ਸਿੱਖਾਂ ਦੀ ਭਰਤੀ ਬੜੇ ਜ਼ੋਰ ਨਾਲ ਸ਼ੁਰੂ ਕੀਤੀ ਗਈ ਸੀ। ਸੱਠ-ਸੱਠ ਵਰ੍ਹਿਆਂ ਦੇ ਬੁੱਢੇ ਸਿੱਖ ਸਿਪਾਹੀ ਵੀ ਜੋ ਐਂਗਲੋ-ਸਿੱਖ ਯੁੱਧਾਂ ਵਿਚ ਅੰਗਰੇਜ਼ਾਂ ਵਿਰੁੱਧ ਬੜੀ ਬਹਾਦਰੀ ਨਾਲ ਲੜੇ ਸਨ ਇਸ ਸਮੇਂ ਮਾਝੇ ਦੇ ਪਿੰਡਾਂ 'ਚੋਂ ਲੱਭ ਲੱਭ ਕੇ ਭਰਤੀ ਕੀਤੇ ਗਏ। ਗਦਰ ਦੌਰਾਨ ਪੰਜਾਬ ਵਿਚ 18 ਨਵੀਂਆਂ ਰਜਮੈਂਟਾਂ ਖੜ੍ਹੀਆਂ ਕੀਤੀਆਂ ਗਈਆਂ ਸਨ। ਇਨ੍ਹਾਂ ਰਜਮੈਂਟਾਂ ਵਿਚ ਭਾਵੇਂ ਮੁਸਲਮਾਨ ਤੇ ਹਿੰਦੂ ਵੀ ਭਰਤੀ ਕੀਤੇ ਗਏ ਸਨ ਪਰ ਸਿੱਖਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ।

ਇਸੀ ਤਰ੍ਹਾਂ ਲੇਖ ਵਿਚਲੇ ਦੂਜੇ ਤੱਥ ਵੀ ਸਪੱਸ਼ਟ ਨਹੀਂ। ਬ੍ਰਿਟਿਸ਼ ਇੰਡੀਅਨ ਆਰਮੀ ਵਿਚ ਸਿੱਖ ਫੌਜੀਆਂ ਦੇ ਰੋਲ ਦੀ ਗੱਲ ਕਰਦਾ ਚੰਦਨ ਲਿਖਦਾ ਹੈ ਕਿ "ਦੂਜੀ ਜੰਗ 'ਚ ਪੰਦਰਾਂ ਲੱਖ ਫੌਜੀਆਂ ਹਿੱਸਾ ਲਿਆ ਸੀ।" ਇਹ ਫਿਕਰਾ ਸਪੱਸ਼ਟ ਨਹੀਂ, ਪਰ ਜੇ ਚੰਦਨ ਸਿੱਖ ਫੌਜੀਆਂ ਦੀ ਗਿਣਤੀ ਦੀ ਗੱਲ ਕਰ ਰਿਹਾ ਹੈ ਤਾਂ ਇਹ ਵੀ ਦਰੁਸਤ ਨਹੀਂ। ਦੂਸਰੇ ਸੰਸਾਰ ਯੁੱਧ ਵੇਲੇ ਪੰਜਾਬ ਵਿਚ ਸਿੱਖਾਂ ਦੀ ਕੁਲ ਗਿਣਤੀ 50 ਲੱਖ ਦੇ ਲੱਗ ਭੱਗ ਸੀ ਜਿਸ ਵਿਚੋਂ ਤਕਰੀਬਨ ਅੱਧੀਆਂ ਔਰਤਾਂ ਸਨ। ਬਾਕੀ ਬਚਦੇ 25 ਲੱਖ ਸਿੱਖ ਮਰਦਾਂ ਵਿਚੋਂ 15 ਲੱਖ ਫੌਜੀ ਭਰਤੀ ਨਹੀਂ ਕੀਤੇ ਜਾ ਸਕਦੇ।

ਉਮੀਦ ਹੈ ਅਮਰਜੀਤ ਇਨ੍ਹਾਂ ਤੱਥਾਂ ਵੱਲ ਧਿਆਨ ਦਵੇਗਾ।

**ਸੋਹਣ ਸਿੰਘ ਪੂੰਨੀ, ਸਰੀ**

ਵਤਨ ਬਹੁਤ ਵਧੀਆ ਪੱਧਰ ਵਲ ਜਾ ਰਿਹਾ ਹੈ। ਜਾਣਕਾਰੀ ਭਰਪੂਰ ਲੇਖ ਅਤੇ ਹੋਰ ਦਿਲਚਸਪ ਸਮੱਗਰੀ ਪੜ੍ਹਨ ਯੋਗ ਹੁੰਦੀ ਹੈ।

**ਅਮਰ ਜਿਉਤੀ, ਐਮਸਟਰਡੈਮ**

## ਜੀਓ ਆਇਆਂ 'ਵਤਨ'

### ਜੰਗ ਸਿੰਘ ਗਿਆਨੀ

ਭਾਰਤ ਵਾਸੀਓ ਆਪੇ ਵਿਚ ਪਿਆਰ ਰੱਖੋ,
ਘੁੱਟ ਘੁੱਟ ਪਿਆਰ ਗਲਵਕੜੀਆਂ ਪਾਓ ਸਾਰੇ।
ਅਸੀਂ ਹਿੰਦੀ ਹਾਂ ਵਤਨ ਹੈ ਹਿੰਦ ਸਾਡਾ
ਨਾਹਰੇ ਵਤਨ ਪਿਆਰ ਦੇ ਲਾਓ ਸਾਰੇ।
ਹਿੰਦੂ ਮੁਸਲਮ ਤੇ ਸਿੱਖ ਇਸਾਈ ਪਿਛੋਂ
ਪਹਿਲਾਂ ਹਿੰਦੀ ਹਾਂ ਇਹੋ ਸਮਜਾਓ ਸਾਰੇ।
ਮਜ਼ਹਬ ਨਹੀਂ ਸਿਖਾਂਵਦਾ ਵੈਰ ਰੱਖਣਾ,
ਸਬਕ ਏਕਤਾ ਵਾਲਾ ਪਕਾਓ ਸਾਰੇ।
ਇੱਟਾਂ ਵਾਸਤੇ ਖ਼ੂਨ ਕਿਉਂ ਡੋਹਲਦੇ ਹੋ?
ਹਿਰਦਾ ਪਿਆਰ ਦਾ ਮੰਦਰ ਬਣਾਓ ਸਾਰੇ।
ਆਪ ਜੀਓ ਤੇ ਦੂਜਿਆਂ ਨੂੰ ਜਿਉਣ ਦੇਵੋ,
ਇਸ ਅਸੂਲ ਤੇ ਅਮਲ ਕਮਾਓ ਸਾਰੇ

□■□■□■□■■□■□■

## ਕਵਿਤਾ

### ਸੰਤੋਖ ਛੀਨਾਂ

ਕੀ ਦੱਸਾਂ ਵੀਰਨਾਂ, ਜਿਹਨਾਂ ਵਿਹੜਿਆਂ 'ਚ ਸਨ ਮੌਜ ਬਹਾਰਾਂ
ਹੋ ਗਏ ਉਹ ਵਿਹੜੇ ਸੱਖਣੇ, ਡੁੱਬੀ ਖਲਕਤ ਵਿਚ ਵਿਚਾਰਾਂ।
ਘਰ ਬਾਹਰ ਉਜੜ ਗਏ, ਅਤੇ ਟੁੱਟਿਆ ਅੰਬੀ ਦਾ ਬੂਟਾ,
ਕਿਸੇ ਕਿਕਲੀ ਕਲੀਰ ਨਾ ਪਾਈ ਅੱਜ ਨਾ ਕੋਈ ਗਾਵੇ ਬਾਰਾਂ।
ਘਰ ਘਰ ਮਾਵਾਂ ਰੋਂਦੀਆਂ ਨਾ ਲੱਭਦੇ ਜਿਗਰਾਂ ਦੇ ਟੋਟੇ
ਉਸ ਬੇਬੱਸ ਬੁੱਢੜੀ ਦੀਆਂ ਦੱਸ ਕੌਣ ਲਵੇਗਾ ਸਾਰਾਂ।
ਹਰ ਪਾਸੇ ਪੈਣ ਕੀਰਨੇ ਅਤੇ ਸੱਥਾਂ ਭਰੇ ਵਿਹੜੇ ਵੀਰਨਾਂ
ਅੱਜ ਰੰਡੀਆਂ ਹੋ ਰਹੀਆਂ ਨੇ ਭਰ ਜੋਬਨ ਮੁਟਿਆਰਾਂ।
ਮਹਿੰਦੀ ਲਾ ਬੈਠੀ ਰਹਿ ਗਈ ਕੈਂਠੇ ਵਾਲੇ ਦੀ ਖ਼ਬਰ ਨਾ ਆਈ
ਗਭਰੂ ਨਾ ਘਰ ਪਰਤੇ, ਖਾਲੀ ਡੋਲੀਆਂ ਚੁੱਕੀਆਂ ਕਹਾਰਾਂ।
ਤੇਰੇ ਦੇਸ਼ ਪੰਜਾਬ ਅੰਦਰ ਰਾਖੇ ਦੇਸ਼ ਦੇ ਦੇਸ਼ ਨੂੰ ਖਾਵਣ,
"ਕੇਤੀ ਮਾਰ ਪਈ ਕਰਲਾਣੇ", ਦੱਸ ਦੇਈਏ ਕਿਧਰ ਨੂੰ ਤਾਰਾਂ।

□■□■□■□■■□■□■



WATAN
P.O. Box 67681
Stn. 'O' Vancouver, B.C.
V5W 3V2

S.12 Vol. 3 No.3
Spring, 1992
Apr./May/June..

2nd Class Mail
Reg. No. 8753

To

# ...ਤੇ ਤੁਸੀਂ ਲਿਖਿਆ

ਅੱਗੇ ਵਾਂਗ ਹੀ ਵਤਨ ਚੰਗਾ ਲੱਗਿਆ (ਸਿਆਲ 1992)। ਅਮਰਜੀਤ ਚੰਦਨ ਦਾ ਵਿਛੋੜੇ ਦਾ ਸਾਕਾ (ਫੇਅਰਵੈੱਲ) ਤੇ ਸ਼ਸ਼ੀ ਸਮੁੰਦਰਾ ਬਾਰੇ ਗੱਲ-ਕੱਥ ਵਿਚ ਦਮ ਲੱਗਿਆ। ਅਜਮੇਰ ਰੋਡੇ ਦੀ ਪਲਾਜ਼ੇ ਦੀ ਸੈਰ ਵਧੀਆ ਰਹੀ। ਸੁਖਵੰਤ ਹੁੰਦਲ ਦਾ ਬੱਚਿਆਂ ਬਾਰੇ ਜਾਣਕਾਰੀ ਭਰਪੂਰ ਲੇਖ ਖਾਸ ਕਰਕੇ ਪਸੰਦ ਆਇਆ। ਕਿਸੇ ਤਰੀਕੇ ਨਾਲ 'ਵਤਨ' ਦਾ ਕੱਦ ਵੱਡਾ ਹੋ ਜਾਵੇ ਤਾਂ ਚੰਗੀ ਗੱਲ ਹੈ।

**ਵਕੀਲ ਕਲੇਰ, ਉਨਟੇਰੀਉ**

ਅਮਰਜੀਤ ਚੰਦਨ ਦੇ ਜੁਆਬ ਵਿਚ:

'ਵਤਨ' ਜਨਵਰੀ-ਮਾਰਚ 92 'ਚ ਤੇਰੀ ਚਿੱਠੀ ਪੜ੍ਹੀ। ਮੈਂ 'ਫੈਲਸੂਫੀਆਂ' ਬਾਰੇ ਨਾਂ ਤਾਂ ਜਾਣ ਬੁੱਝ ਕੇ 'ਚੰਗਾ-ਚੰਗਾ ਲਿਖਿਆ ਸੀ ਤੇ ਨਾ ਮਾੜਾ। ਮੈਨੂੰ ਜੋ ਸਹੀ ਲੱਗਾ, ਮੈਂ ਆਖ ਦਿੱਤਾ ਸੀ। ਹਾਂ, ਰਿਵੀਊ ਦੇ ਪ੍ਰਚਲੱਤ ਢੰਗ ਤੋਂ ਹਟ ਕੇ, ਇਹਨੂੰ ਜਾਣ ਬੁੱਝ ਕੇ ਮੈਂ ਕਿਰੀਏਟਿਵ ਰੰਗ ਜ਼ਰੂਰ ਦਿੱਤਾ ਸੀ। ਸੁਖ਼ਿੰਦਰ (ਐਡੀਟਰ 'ਸੰਵਾਦ') ਮੈਨੂੰ ਆਖਦਾ ਸੀ ਕਿ ਮੈਂ ਤੇਰੇ ਨਾਲ ਕਾਫੀ ਲਿਹਾਜ਼ ਕੀਤੀ ਸੀ। ਪਰ ਤੂੰ ਔਖਾ ਹੈ ਕਿ ਮੈਂ ਕੋਈ ਵੀ ਕਿੰਤੂ ਕਰਕੇ ਤੇਰੇ ਨਾਲ ਘੋਰ ਜ਼ਿਆਦਤੀ ਕੀਤੀ ਹੈ। ਮੈਂ ਤਾਂ ਔਰਤ ਤੇ ਮਰਦ ਦੇ ਨੁਕਤੇ ਤੋਂ ਕਿਤਾਬ ਦੇ ਅਸੰਤੁਲਿਤ ਹੋਣ ਦੀ ਗੱਲ ਹੀ ਕੀਤੀ ਸੀ। ਤੂੰ ਏਸੇ ਤੋਂ ਜੋਸ਼ 'ਚ ਆ, ਕਈ ਵਿਸ਼ੇ ਮਿਲਾ ਕੇ ਇਕ ਲੰਮ-ਚੌੜਾ ਲੈਕਚਰ ਦੇ ਮਾਰਿਆ ਹੈ।

ਲੱਗਦੈ ਤੇਰੇ ਲਈ ਔਰਤ ਦੀ ਹਸਤੀ ਜਾਂ ਸਵੈ-ਪਛਾਣ ਦੀ ਗੱਲ ਕਰਨ ਲਈ ਸਿਰਫ ਉਹਦੀ ਅੱਧਕੱਜੀ/ਅੱਧਨੰਗੀ ਤਸਵੀਰ ਦੇ ਦੇਣੀ ਹੀ ਕਾਫੀ ਹੈ। ਤੇਰੇ ਲਿਖਣ ਦੀ ਤਨਜ਼ ਦਸਦੀ ਹੈ ਕਿ ਉਹ ਲੋਕ ਜੋ ਸਮਾਜ ਵਿਚ ਔਰਤ ਦੇ ਹੱਕਾਂ ਤੇ ਮਰਦ ਦੀ ਜ਼ਿਆਦਤੀ ਦੀ ਗੱਲ ਕਰਦੇ ਹਨ, ਤੈਨੂੰ ਚੰਗੇ ਨਹੀਂ ਲਗਦੇ। ਆਪਣੀ ਮਰਦਾਵੀਂ ਹਊਮੈਂ ਨੂੰ ਭੁਲਾ ਕੇ ਕਦੇ 'ਮਾਨੁਸ਼ੀ' ਦੇ ਕੁਝ ਅੰਕ ਗਹੁ ਨਾਲ ਪੜ੍ਹੀਂ ਤਾਂ ਕਿ 'ਝੰਡੇ ਚੁੱਕ' ਵਗੈਰਾ ਆਖਣ ਨਾਲੋਂ ਤੂੰ ਉਨ੍ਹਾਂ ਬਾਰੇ ਹੋਰ ਬਹੁਤ ਕੁੱਝ ਜਾਣ-ਸਮਝ ਸਕੇਂ।

ਬਹੁਤੇ ਪੰਜਾਬੀ ਮਰਦ ਲੇਖਕ ਜੇ ਔਰਤ ਦੀ ਆਈਡੈਂਟਿਟੀ ਦੀ ਗੱਲ ਕਰਦੇ ਵੀ ਹਨ ਤਾਂ ਉਹ ਚਾਹੁੰਦੇ ਹਨ ਕਿ ਇਹ ਕਰਨ ਦਾ ਹੱਕ ਸਿਰਫ ਉਨ੍ਹਾਂ ਨੂੰ ਹੀ ਹੋਵੇ। ਜੇ ਔਰਤ ਲੇਖਕਾਂ ਇਹ ਕਰਦੀਆਂ ਹਨ ਤਾਂ ਉਹ ਝੱਟ 'ਝੰਡੇ ਚੁੱਕ ਫ਼ੈਮਿਨਿਸਟ' ਤੇ 'ਮੈਨ ਹੇਟਰ' ਬਣ ਜਾਂਦੀਆਂ ਹਨ। ਹਾਂ, ਜੇ ਕੋਈ ਮਰਦ ਲੇਖਕ ਆਪਣੀ ਕਿਸੇ ਪਾਤਰ ਨੂੰ ਕਾਲੀਆਂ ਬੋਲੀਆਂ ਰਾਤਾਂ ਵਿਚ ਕਿਧਰੇ ਭਜਾ ਦਿੰਦਾ ਹੈ ਤਾਂ ਇਹ ਵੱਖਰੀ ਗੱਲ ਹੈ। ਸ਼ਰਤ ਇਹ ਕਿ ਅਗਲੀ ਉਸ ਲੇਖਕ ਦੀ ਮਰਜ਼ੀ ਨਾਲ ਭੱਜੇ। ਉਂਝ ਕੋਈ ਔਰਤ ਸਮਾਜ ਵਿਚ ਔਰਤ ਦੀ ਬਰਾਬਰੀ ਦੀ ਗੱਲ ਕਰਕੇ ਵੇਖੇ, ਉਨ੍ਹਾਂ ਨੂੰ ਝੱਟ ਸੱਪ ਲੜ ਜਾਂਦਾ ਹੈ। ਤੇਰਾ ਰੱਵਈਆ ਕੁੱਝ ਅਜਿਹਾ ਹੀ ਹੈ...ਮੇਰਾ ਮਾੜਾ ਜਿਹਾ ਇਤਰਾਜ਼ ਵੀ ਤੈਥੋਂ ਬ੍ਰਦਾਸ਼ਤ ਨਹੀਂ ਹੋਇਆ।

ਮੈਂ ਜਿਹੋ ਜਿਹੀ ਹੁਣ ਹਾਂ, ਅਮਰੀਕਾ ਆਉਣ ਤੋਂ ਪਹਿਲਾਂ ਵੀ ਇਹੋ ਜਿਹੀ ਹੀ ਸਾਂ। ਉਦੋਂ ਮੇਰਾ ਵਿਦਰੋਹ ਕਰਨ ਦਾ ਤਰੀਕਾ ਹੋਰ ਸੀ। ਮੈਂ ਉਦੋਂ ਲਿਖਦੀ ਵੀ ਨਹੀਂ ਸਾਂ।

ਕਾਸ਼ੀ ਰਾਮ ਦੀ ਤਾਰੀਫ਼ ਵਿਚ ਸਾਈਆਂ ਕੀ ਲਿਖਦਾ ਸੀ, ਮੈਨੂੰ ਨਹੀਂ ਸੀ ਪਤਾ। ਦੱਸਣ ਲਈ ਸ਼ੁਕਰੀਆ।

**ਸ਼ਸ਼ੀ ਸਮੁੰਦਰਾ, ਕੈਲੇਫੋਰਨੀਆ**

ਮੈਨੂੰ ਹਰਦਿਆਲ ਤੇ ਲੋਹੜੇ ਦਾ ਮਾਣ ਹੈ ਕਿ ਅਸੀਂ Intellectual Giant ਪੈਦਾ ਕੀਤਾ ਹੈ ਪਰ ਅਫਸੋਸ ਹੈ ਕਿ ਉਹਦੀ ਉਨ੍ਹੀ ਜ਼ਿਆਦਾ ਕਦਰ ਨਹੀਂ ਹੋਈ ਜਾਂ ਹੋ ਰਹੀ ਜਿਨ੍ਹੀ ਇਕ ਮਹਾਨ ਵਿਦਵਾਨ ਦੀ ਹੋਣੀ ਚਾਹੀਦੀ ਹੈ। ਸ਼ਾਇਦ ਇਹ ਵੀ ਸਾਡੇ ਪੰਜਾਬੀਆਂ ਦੀ ਮੂਰਖਤਾ ਦੀ ਨਿਸ਼ਾਨੀ ਹੈ।...

ਅਨੁਵਾਦ ਕਰਨਾ ਵੈਸੇ ਵੀ ਸੌਖਾ ਨਹੀਂ ਹੁੰਦਾ। ਮੈਂ ਤੁਹਾਡੇ ਇਸ ਯਤਨ ਤੇ ਤੁਹਾਨੂੰ ਹਾਰਦਿਕ ਵਧਾਈ ਦਿੰਦਾ ਹਾਂ ਕਿ ਤੁਸੀਂ ਸ਼ੇਰ ਦੇ ਮੂੰਹ 'ਚ ਹੱਥ ਪਾਉਣ ਵਾਲਾ ਕੰਮ ਵਿੱਢਿਆ ਹੈ ਜੋ ਕਿ ਮੈਂ ਖੁੱਦ ਨਹੀਂ ਕਰ ਸਕਿਆ। ਇਹ ਬੜਾ ਜੋਖ਼ਮ ਭਰਿਆ ਕੰਮ ਹੈ ਅਤੇ ਅਸੀਂ ਪੰਜਾਬੀ ਤੁਹਾਡੇ ਇਸ ਕੰਮ ਦੇ ਸਦਾ ਰਿਣੀ ਰਹਾਂਗੇ।...

ਹਰਦਿਆਲ ਦੇ ਲੇਖ 'ਚ ਪੇਸ਼ ਕੀਤਾ ਤਰਕ ਕੋਈ ਝੁਠਲਾ ਨਹੀਂ ਸਕਦਾ ਅਤੇ ਮੇਰਾ ਇਸ ਬਾਰੇ ਦਿਮਾਗ ਬਹੁਤ ਸਾਫ ਹੈ। ਅਜੋਕੇ ਸਮਾਜ 'ਚ ਰਹਿੰਦਿਆਂ ਸਭ ਕੁੱਝ ਪਰੈਕਿਟਸ ਕਰਨਾ ਭਾਂਵੇ ਔਖਾ ਹੈ ਪਰ ਅਸੰਭਵ ਬਿਲਕੁਲ ਨਹੀਂ। ਜਿੰਨ੍ਹਾਂ ਵੱਡਾ ਹਥਿਆਰ ਧਰਮ ਹੈ ਸ਼ਾਇਦ ਹੀ ਇਸ ਤੋਂ ਵੱਡਾ ਕੋਈ ਸੰਦ ਇਨਸਾਨ ਨੇ ਅਜੇ ਤਕ ਘੜਿਆ ਹੋਵੇ। ਪਾਸ਼ ਦੀ ਮੌਤ ਬਾਦ ਮੇਰਾ ਇਕ ਲੇਖ ਇੱਥੇ ਛਪਿਆ ਸੀ। ਉਹਦੇ ਵਿਚ ਉਹ ਤਰਕ ਨਾਲ ਗੁਰੂਆਂ ਬਾਬਤ ਗੱਲ ਕਰਦਾ ਹੈ ਪਰ ਇਹ ਗਲ ਬਹੁਤੇ ਪੰਜਾਬੀਆਂ ਨੂੰ ਪਚੀ ਨਹੀਂ। ਹੈਰਾਨਗੀ ਇਸ ਗੱਲੋਂ ਜਿਆਦਾ ਹੋਈ ਜਦ ਕੁੱਝ ਕਾਮਰੇਡਾਂ (ਜਾਂ ਕੰਮਰੇੜਾਂ ਕਹੋ) ਚੋਂ ਜੱਟਵਾਦ ਅਤੇ ਸਿੱਖਵਾਦ ਟਪਕ ਕੇ ਬਾਹਰ ਨਿਕਲ ਆਇਆ। ਮੇਰਾ ਨਹੀਂ ਖਿਆਲ ਕਿ ਇਹਨਾਂ ਸਾਰਾ ਮਾਰਕਸਿਜ਼ਮ ਕਦੇ ਪੜ੍ਹਿਆ ਅਤੇ ਘੋਖਿਆ ਵੀ ਹੈ। ਕਾਰਲ ਮਾਰਕਸ ਅਤੇ ਏਂਜਲਜ਼ ਪੱਕੇ ਨਸਲਵਾਦੀ (ਰੇਸਿਸਟ) ਸਨ ਪਰ ਉਸ ਪੱਖ ਵੱਲ ਕਦੇ ਕਾਮਰੇਡਾਂ, ਚਾਹੇ ਉਹ ਦੇਸ 'ਚ ਬੈਠੇ ਹਨ ਜਾਂ ਬਾਹਰ, ਕਦੇ ਖਿਆਲ ਹੀ ਨਹੀਂ ਕੀਤਾ। ਇਹ ਕਾਮਰੇਡ ਵੀ ਮਾਰਕਸਿਜ਼ਮ ਦੇ ਉਨ੍ਹੇ ਹੀ ਭਗਤ ਹਨ ਜਿੰਨਾਂ ਕੋਈ ਧਾਰਮਿਕ ਆਦਮੀ/ਔਰਤ ਕਿਸੇ ਧਰਮ ਦਾ। ਇਹਨਾਂ ਦੀ ਅੰਨ੍ਹੀ ਸ਼ਰਧਾ ਵੀ ਮਾਰਕਸਿਜ਼ਮ ਵਲ ਉਵੇਂ ਹੀ ਹੈ ਜਿਵੇਂ ਕਿਸੇ ਕੱਟੜ

ਬਾਕੀ ਸਫਾ 43 'ਤੇ

**Watan** (The Country) is a literary and cultural quarterly of Punjabi - the mother tongue of East Punjab (India) and West Punjab(Pakistan) - published by Watan publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Community. The contributors include well-known Punjabi writers throughout the world.

ਵਤਨ

ਤਿੰਨ ਡਾਲਰ